I N T E R N A T I O N A L

# ਪੰਜਾਬੀ ਟ੍ਰਿਬਿਊਨ

Funded by the Government of Canada | Financé par le gouvernement du Canada | Canada

BILINGUAL NEWSPAPER : ENGLISH AND PUNJABI

EDITOR : RACHHPAL SINGH GILL

Ph. : 604-616-2171 E-mail: iptribune@gmail.com www.punjabitribune.ca

Vol.30 / No.37

27 September, 2024

੧੨ ਅੱਸੂ ਨਾਨਕਸ਼ਾਹੀ ਸੰਮਤ ੫੫੬





ਕੈਨੇਡਾ ਦੇ ਸਾਬਕਾ ਰਿਹਾਇਸ਼ੀ ਸਕੂਲਾਂ 'ਚ ਮੂਲਵਾਸੀ ਬੱਚਿਆਂ ਨਾਲ ਵਾਪਰੇ ਦੁਖਾਂਤ ਲਈ ਕੈਨੇਡਾ ਭਰ 'ਚ 30 ਸਤੰਬਰ ਦੇ ਦਿਨ ਯਾਦ ਕਰਦਿਆਂ ਸ਼ਰਧਾਂਜਲੀ ਭੇਂਟ ਕੀਤੀ ਜਾਂਦੀ ਹੈ। ਮੂਲਵਾਸੀਆਂ ਦੇ ਬੱਚਿਆਂ ਨਾਲ ਸਾਬਕਾ ਰਿਹਾਇਸ਼ੀ ਸਕੂਲਾਂ 'ਚ ਵਾਪਰੇ ਇਸ ਦੁਖਾਂਤ ਸਬੰਧੀ ਵਿਸ਼ੇਸ਼ ਲੇਖ ਪੜ੍ਹੋ ਸਫ਼ਾ 20 'ਤੇ


Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਫੈਮਲੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928 128St. Surrey BC V3W 4E8

Sarup Singh Chandi
Ph: 604-572-5050
Residential, Commercial & Private Mortgage
BEST POSSIBLE RATE AVAILABLE
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

AG Aanchal Ghai Notary Corporation
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
OUR SERVICES
- Notarizations
- Real Estate Conveyancing
- Wills & Powers of Attorney
Payal Business Centre
80 ਐਵਨਿਊ ਵਾਲੇ ਪਾਸੇ
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

A-CLASS FOREIGN EXCHANGE
ਸਿਰਫ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

ROHITA PANNU LAW CORPORATION
Barrister & Solicitor
- ਨੋਟਰੀ ਸੇਵਾਵਾਂ - ਵਸੀਅਤਨਾਮਾ
- ਤਲਾਕ ਦੇ ਮਾਮਲੇ - ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ - ਹਲਫੀਆ ਬਿਆਨ
- ਘਰਾਂ ਦੀ ਖਰੀਦੋ-ਫਰੋਖਤ
#102-9278, 120th Street Surrey, BC V3V 4E8
Ph.: 604-589-1399
Fax : 604-589-1556
www.rohitapannulaw.com

ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ ਲੈਣ ਲਈ ਸੰਪਰਕ ਕਰੋ
ZIRA CURRENCY EXCHANGER LTD.
ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ਬਖਸ਼ੀਸ਼ ਸਿੰਘ ਜ਼ੀਰਾ, 604-562-7000, 604-314-0000 #397-8148-128 ST. (PAYAL BUSINESS CENTRE) SURREY

Keep Smiling Denture Clinic
CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ
ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
If you have received Canadian Dental Care Plan Card. Book appointment
Gagan Chahal R.D. Registered Denturist
Book Your Appointment
778-600-0811 13117-67A Ave, Surrey, BC 778-600-0810 2644 Cyril St Abbotsford BC

So Easy
A TO Z DRIVING SCHOOL
So Easy ਲਰਨਿੰਗ ਲਾਇਸੈਂਸ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੋਲਿਜ ਟੈਸਟ
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
Lucky Sekhon, 604-614-5365
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ਼ ਬੈਂਕਿਊਟ ਹਾਲ ਦੇ ਹੇਠਾਂ

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ 'ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ 'ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ

| | |
|---|---|
| ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 – 6.00 ਵਜੇ |
| ਆਸਾ ਕੀ ਵਾਰ | : 6.00 –7.45 ਵਜੇ |
| ਅਰਦਾਸ / ਹੁਕਮਨਾਮਾ | : 7.45 – 8.00 ਵਜੇ |
| ਕਥਾ / ਹੁਕਮਨਾਮਾ | : 8.00 – 8.30 ਵਜੇ |
| ਕੀਰਤਨ | : 8.30 – 9.40 ਵਜੇ |
| ਕਥਾ | : 9.40 – 10.30 ਵਜੇ |
| ਢਾਡੀ | : 10.30 – 11.30 |

**ਸਮਾਪਤੀ**

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30–5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30–6:40 ਵਜੇ |
| ਕਥਾ | : 6:40–7:15 ਵਜੇ |
| ਢਾਡੀ | : 7:15 –8:00 ਵਜੇ |

ਸਮਾਪਤੀ

### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ
ਤੱਕ ਕੀਤਾ ਜਾਂਦਾ ਹੈ।

– ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਪ੍ਰੋਫੈਸਰ ਗੁਰਮੁਖ ਸਿੰਘ ਦਾ ਜਨਮ ਦਿਹਾੜਾ ਮਨਾਇਆ ਜਾਵੇਗਾ ਅਤੇ ਚਾਰ ਅਖੰਡ ਪਾਠ ਸਾਹਿਬ ਦੀ ਸੇਵਾ ਹੋਵੇਗੀ :-

1. ਨਗਰ ਢਪਈ ਜ਼ਿਲ੍ਹਾ ਕਪੂਰਥਲਾ ਦੀ ਸੰਗਤ ਵੱਲੋਂ , 2.ਨਗਰ ਥਰੀਕੇ ਜਿਲ੍ਹਾ ਲੁਧਿਆਣਾ ਦੀ ਸੰਗਤ ਵੱਲੋਂ

3. ਭਾਈ ਅਮਲੋਕ ਸਿੰਘ ਢਿੱਲੋ ਪਰਿਵਾਰ ਵੱਲੋਂ, 4. ਭਾਈ ਜਗਰਾਜ ਸਿੰਘ ਮਾਂਗਟ ਪਰਿਵਾਰ ਵੱਲੋਂ

– ਇਹਨਾਂ ਦੇ ਆਰੰਭਤਾ 27 ਸਤੰਬਰ ਦਿਨ ਸ਼ੁਕਰਵਾਰ ਨੂੰ 9:30 ਵਜੇ ਹੋਵੇਗੀ ਅਤੇ ਭੋਗ ਦਿਨ ਐਤਵਾਰ 29 ਸਤੰਬਰ ਨੂੰ 9:30 ਵਜੇ ਪਾਏ ਜਾਣਗੇ ਉਪਰੰਤ ਖੁੱਲੇ ਦੀਵਾਨ ਸੱਜਣਗੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

– ਸ਼ਾਮ ਦੇ ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਨਰਿੰਦਰ ਸਿੰਘ ਬੋਪਾਰਾਏ ਪਰਿਵਾਰ ਵੱਲੋਂ ਹੋਵੇਗੀ।

– ਸ਼ਨਿੱਚਰਵਾਰ 28 ਸਤੰਬਰ ਸ਼ਾਮ ਨੂੰ ਦੋ ਪਰਿਵਾਰਾਂ ਵੱਲੋਂ ਲੰਗਰਾਂ ਦੀ ਸੇਵਾ ਹੋਵੇਗੀ:

1. ਭਾਈ ਅਮਰਜੋਤ ਸਿੰਘ ਪਰਿਵਾਰ ਵੱਲੋਂ, 2. ਨਗਰ ਬਰਸੀ ਜਿਲਾ ਲੁਧਿਆਣਾ ਦੀ ਸੰਗਤ ਵੱਲੋਂ

– ਐਤਵਾਰ ਸਤੰਬਰ 29 ਨੂੰ 8:00 ਵਜੇ ਭਾਈ ਕਰਨੈਲ ਸਿੰਘ ਪਰਿਵਾਰ ਵੱਲੋਂ ਕੀਰਤਨ ਤੇ ਲੰਗਰਾਂ ਦੀ ਸੇਵਾ ਆਪਣੇ ਬੇਟੇ ਸੁਖਮਨ ਸਿੰਘ ਦੇ 21ਵੇਂ ਜਨਮ ਦਿਨ ਦੀ ਖੁਸ਼ੀ ਵਿੱਚ ਹੋਵੇਗੀ।

– ਅੰਤਿਮ ਸੰਸਕਾਰ ਸਵਰਗੀ ਬੀਬੀ ਰਣਜੀਤ ਕੌਰ ਹੇਅਰ ਦਾ 11:00 ਵਜੇ ਰੀਵਰ ਸਾਈਡ ਤੇ ਹੋਵੇਗਾ ਉਪਰੰਤ ਭੋਗ 9:30 ਵਜੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।

– ਕੀਰਤਨ ਦੀ ਸੇਵਾ 2:00 ਵਜੇ ਅਫਗਾਨੀ ਸੰਗਤ ਵੱਲੋਂ ਹੋਵੇਗੀ।

– ਸ਼ਾਮ ਨੂੰ ਕੀਰਤਨ ਅਤੇ ਲੰਗਰ ਦੀ ਸੇਵਾ ਤਿੰਨ ਪਰਿਵਾਰਾਂ ਵੱਲੋਂ ਹੋਵੇਗੀ :-

1. ਭਾਈ ਬਲਵਿੰਦਰ ਸਿੰਘ ਪੱਡਾ ਪਰਿਵਾਰ ਵੱਲੋਂ, 2.ਬੀਬੀ ਕੁਲਜੀਤ ਕੌਰ ਭੋਗਲ ਪਰਿਵਾਰ ਵੱਲੋਂ

3. ਭਾਈ ਚਮਕੌਰ ਸਿੰਘ ਪਰਿਵਾਰ ਵੱਲੋਂ

---

**ਰਾਗੀ ਜੱਥਾ :** ਰਾਗੀ ਜਥੇ ਭਾਈ ਅਸ਼ੋਕ ਸਿੰਘ ਦਿੱਲੀ ਵਾਲੇ
ਭਾਈ ਭਗਤਜੀਤ ਸਿੰਘ ਭਾਈ ਜੋਗਾ ਸਿੰਘ

**ਕਥਾਵਾਚਕ :** ਭਾਈ ਗੁਰਸ਼ਰਨ ਸਿੰਘ ਚੀਮਾ

---

**ਵਿਸ਼ੇਸ਼ ਨੋਟ :** ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ ਲੱਗਦੀਆਂ ਹਨ।

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604-590-3232, 604-590-3224**

# ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟੱਡੀਜ਼ ਵੱਲੋਂ ਅੰਤਰਰਾਸ਼ਟਰੀ ਸਿੱਖ ਖੋਜ ਕਾਨਫਰੰਸ 28 - 29 ਸਤੰਬਰ ਨੂੰ

ਸਰੀ, (ਹਰਦਮ ਮਾਨ)- ਖੋਜ, ਵਿਦਿਆ ਅਤੇ ਸੇਵਾ ਰਾਹੀਂ ਸੱਭਿਆਚਾਰਕ ਵਖਰੇਵੇਂ ਦੇ ਨਾਲ ਨਾਲ ਸਿੱਖੀ ਦੀ ਸਹਿ-ਹੋਂਦ ਨੂੰ ਪ੍ਰਫੁੱਲਤ ਕਰਨ ਅਤੇ ਵਿਸ਼ਵ ਦੀਆਂ ਪ੍ਰਮੁੱਖ ਵਿਦਿਅਕ ਸੰਸਥਾਵਾਂ ਦੇ ਮੁਕਾਬਲਤਨ ਯੂਨੀਵਰਸਿਟੀ ਬਣਾਉਣ ਦੇ ਉਦੇਸ਼ ਪ੍ਰਤੀ ਕਾਰਜਸ਼ੀਲ ਸੰਸਥਾ 'ਗੁਰੂ ਨਾਨਕ ਇੰਸਟੀਟਿਊਟ ਆਫ ਗਲੋਬਲ ਸਟੱਡੀਜ਼' ਵੱਲੋਂ ਆਪਣੀ ਤੀਜੀ ਸਾਲਾਨਾ 'ਅੰਤਰਰਾਸ਼ਟਰੀ ਸਿੱਖ ਖੋਜ ਕਾਨਫਰੰਸ-2024' ਧਾਲੀਵਾਲ ਬੈਂਕੁਇਟ ਹਾਲ (ਪਾਇਲ ਬਿਜ਼ਨਸ ਸੈਂਟਰ) ਸਰੀ ਵਿਖੇ 28 ਅਤੇ 29 ਸਤੰਬਰ 2024 ਨੂੰ ਕਰਵਾਈ ਜਾ ਰਹੀ ਹੈ। ਪਹਿਲੇ ਦਿਨ ਸਵੇਰੇ 7.30 ਵਜੇ ਤੋਂ ਸ਼ਾਮ 6.30 ਵਜੇ ਤੱਕ ਅਤੇ ਦੂਜੇ ਦਿਨ ਸਵੇਰੇ 7.30 ਤੋਂ ਸ਼ਾਮ 4.30 ਵਜੇ ਤੱਕ ਹੋਣ ਵਾਲੀ ਇਸ ਕਾਨਫਰੰਸ ਵਿਚ 'ਗਲੋਬਲ ਪ੍ਰਭਾਵ ਅਤੇ ਸਿੱਖਾਂ ਦਾ ਯੋਗਦਾਨ' ਨਾਲ ਸੰਬੰਧਿਤ ਵੱਖ ਵੱਖ ਵਿਸ਼ਿਆਂ ਉੱਪਰ ਵੱਖ ਵੱਖ ਯੂਨੀਵਰਸਿਟੀਆਂ ਦੇ ਨਾਮਵਰ ਵਿਦਵਾਨ ਅਤੇ ਵੱਖ ਵੱਖ ਖੇਤਰਾਂ ਦੇ ਮਾਹਿਰ ਆਪਣੇ ਖੋਜ ਭਰਪੂਰ ਪਰਚੇ ਅਤੇ ਵਿਚਾਰ ਪੇਸ਼ ਕਰਨਗੇ। ਇਹ ਜਾਣਕਾਰੀ ਦਿੰਦਿਆਂ ਗੁਰੂ ਨਾਨਕ ਇੰਸਟੀਚਿਊਟ ਆਫ ਗਲੋਬਲ ਸਟੱਡੀਜ਼ ਦੇ ਪ੍ਰਧਾਨ ਅਤੇ ਸੀਈਓ ਗਿਆਨ ਸਿੰਘ ਸੰਧੂ ਨੇ ਦੱਸਿਆ ਹੈ ਕਿ ਇਸ ਦੋ ਦਿਨਾਂ ਕਾਨਫਰੰਸ ਵਿੱਚ ਅੰਤਰ-ਰਾਸ਼ਟਰੀ ਉੱਚ ਸਿੱਖਿਆ ਨੂੰ ਦਰਪੇਸ਼ ਚੁਣੌਤੀਆਂ, ਗਲੋਬਲ ਕਣਕ ਉਤਪਾਦਨ ਵਿੱਚ ਸਿੱਖ ਵਿਗਿਆਨੀਆਂ ਦਾ ਯੋਗਦਾਨ, ਵਾਤਾਵਰਨ ਨਿਰਮਾਣ ਵਿੱਚ ਸਥਿਰ ਊਰਜਾ ਨੀਤੀਆਂ, ਭੋਜਨ ਅਤੇ ਪੌਸ਼ਟਿਕਤਾ ਸੁਰੱਖਿਆ ਵਿਚ ਸਿੱਖ ਖੋਜੀਆਂ ਦੁਆਰਾ ਯੋਗਦਾਨ, ਸਮਤੋਲ ਵਿਸ਼ਵ ਸੁਰੱਖਿਆ ਲਈ ਸਿੱਖ ਸੰਸਥਾਵਾਂ ਦਾ ਯੋਗਦਾਨ, ਕਨੇਡੀਅਨ ਸਿਆਸੀ ਲੈਂਡਸਕੇਪ (ਲੋਕਤੰਤਰ, ਧਰੁਵੀਕਰਨ, ਗਲੋਬਲ/ ਨੈਸ਼ਨਲ / ਲੋਕਲ), ਡੀਕੋਲੋਨਾਈਜ਼ਿੰਗ ਐਜੂਕੇਸ਼ਨ (ਸ਼ਮੂਲੀਅਤ, ਨਵੀਨਤਾ ਅਤੇ ਸਿਰਜਣਾਤਮਕ ਸੋਚ ਦੇ ਸਥਾਨ), ਸਮਕਾਲੀ ਹੱਥ ਲਿਖਤ ਸਬੂਤਾਂ ਨਾਲ ਜ਼ਫ਼ਰਨਾਮੇ ਦਾ ਪੁਨਰ ਨਿਰਮਾਣ, ਪਾਕਿਸਤਾਨ ਵਿੱਚ ਬਾਗੜੀ ਸਿੱਖਾਂ ਲਈ ਸੰਘਰਸ਼ ਅਤੇ ਹੱਲ ਦੀਆਂ ਰੁਕਾਵਟਾਂ ਨੂੰ ਦੂਰ ਕਰਨ, ਯੂਕੇ ਦੇ ਸਿੱਖ ਭਾਈਚਾਰੇ ਵਿੱਚ ਮਾਨਸਿਕ ਸਿਹਤ ਮੁੱਦਿਆਂ ਦੇ ਉਭਾਰ, ਪਰਿਵਾਰਿਕ ਮਾਨਸਿਕ ਸਿਹਤ ਅਤੇ ਨੌਜਵਾਨਾਂ ਨਾਲ ਸੰਬੰਧਿਤ ਵਿਸ਼ਿਆਂ ਉਪਰ ਵਿਸ਼ਵ ਪ੍ਰਸਿੱਧ ਮਾਹਿਰ ਆਪਣੇ ਵੱਡਮੁੱਲੇ ਵਿਚਾਰ ਪੇਸ਼ ਕਰਨਗੇ। ਉਨ੍ਹਾਂ ਸਮੂਹ ਭਾਈਚਾਰੇ ਨੂੰ ਇਸ ਕਾਨਫਰੰਸ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।




# ਕੈਨੇਡਾ ਰੈਵਨਿਊ ਏਜੰਸੀ ਨੇ ਕੋਵਿਡ-19 ਸਹਾਇਤਾ ਪ੍ਰੋਗਰਾਮ ਗਲਤ ਫਾਇਦਾ ਲੈਣ ਵਾਲੇ ਹੋਰ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਿਆ

ਸਰੀ, (ਏਕਜੋਤ ਸਿੰਘ): ਕੈਨੇਡਾ ਰੈਵਨਿਊ ਏਜੰਸੀ ਨੇ ਆਪਣੀ ਅੰਦਰੂਨੀ ਸਮੀਖਿਆ ਦੇ ਅਧਾਰ 'ਤੇ ਕਰੀਬ 300 ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ, ਜਿਨ੍ਹਾਂ ਨੇ ਯੋਗ ਨਾ ਹੋਣ ਦੇ ਬਾਵਜੂਦ ਕੋਵਿਡ-19 ਸਹਾਇਤਾ ਪ੍ਰੋਗਰਾਮ ਅਰਜ਼ੀਆਂ 'ਤੇ ਅਣਉਚਿਤ ਕਲੇਮ ਕੀਤੇ ਸਨ। ਇਹ ਫੈਸਲਾ ਏਜੰਸੀ ਨੇ ਪਿਛਲੇ ਸਾਲ ਸ਼ੁਰੂ ਕੀਤੀ ਸਮੀਖਿਆ ਦੇ ਨਤੀਜੇ ਵਜੋਂ ਲਿਆ ਹੈ, ਜਿਸ 'ਚ 600 ਮੁਲਾਜ਼ਮਾਂ ਦੀ ਜਾਂਚ ਕੀਤੀ ਗਈ ਸੀ। ਕੈਨੇਡਾ ਰੈਵਨਿਊ ਏਜੰਸੀ ਨੇ ਸਪੱਸ਼ਟ ਕੀਤਾ ਕਿ ਇਹ ਗੱਲ ਬਹੁਤ ਗੰਭੀਰ ਹੈ ਅਤੇ ਉਹ ਆਪਣੇ ਮੁਲਾਜ਼ਮਾਂ ਤੋਂ ਉੱਚੇ ਨੈਤਿਕ ਮਾਪਦੰਡ ਦੀ ਉਮੀਦ ਕਰਦੀ ਹੈ। ਇਹ ਯਕੀਨੀ ਬਣਾਉਣ ਲਈ ਕਿ ਟੈਕਸ ਅਤੇ ਬੈਨਿਫ਼ਿਟ ਪ੍ਰਣਾਲੀਆਂ ਦੀ ਅਖੰਡਤਾ ਬਰਕਰਾਰ ਰਹੇ, ਸੰਬੰਧਤ ਮੁਲਾਜ਼ਮਾਂ 'ਤੇ ਕਾਰਵਾਈ ਕੀਤੀ ਗਈ ਹੈ। ਕੈਨੇਡਾ ਰੈਵਨਿਊ ਏਜੰਸੀ ਨੇ ਇਹ ਵੀ ਕਿਹਾ ਕਿ ਉਹ ਜਿਨ੍ਹਾਂ ਨੇ ਗਲਤ ਤਰੀਕੇ ਨਾਲ CERB ਲਈ ਅਰਜ਼ੀ ਦਿੱਤੀ ਅਤੇ ਰਕਮ ਪ੍ਰਾਪਤ ਕੀਤੀ ਸੀ, ਉਹਨਾਂ ਨੂੰ ਇਹ ਰਕਮ ਵਾਪਸ ਕਰਨ ਲਈ ਕਿਹਾ ਜਾਵੇਗਾ। ਯੂਨੀਅਨ ਔਫ ਟੈਕਸ ਇੰਪਲੋਇਜ਼ ਦੇ ਪ੍ਰਧਾਨ ਮਾਰਕ ਬਰੀਅਰ ਨੇ ਕਿਹਾ ਕਿ ਜਦੋਂ CERB ਪ੍ਰੋਗਰਾਮ ਲਾਂਚ ਕੀਤਾ ਗਿਆ ਸੀ, ਉਸ ਸਮੇਂ ਯੋਗਤਾ ਸਪਸ਼ਟ ਨਹੀਂ ਸੀ। ਬਹੁਤ ਸਾਰੇ CRA ਦੇ ਮੁਲਾਜ਼ਮਾਂ ਨੂੰ ਵੀ ਯਕੀਨ ਨਹੀਂ ਸੀ ਕਿ ਉਹ ਬੈਨਿਫ਼ਿਟ ਲਈ ਯੋਗ ਹਨ ਜਾਂ ਨਹੀਂ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਕੁਝ ਮਾਮਲਿਆਂ 'ਚ ਸੀਆਰਏ ਨੇ ਸਖ਼ਤ ਰਵੱਈਆ ਅਪਨਾਇਆ ਹੈ ਅਤੇ ਕੁਝ ਮੁਲਾਜ਼ਮਾਂ ਨੂੰ ਨਿਆਇਕ ਤੌਰ 'ਤੇ ਸਜ਼ਾ ਦਿੱਤੀ ਜਾ ਰਹੀ ਹੈ। This report was written by Ekjot Singh as part of the Local Journalism Initiative.





SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖ਼ਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼



AKASH SABLOK & TARLOK SABLOK
ਸ਼ਬਲੋਕ ਐਂਡ ਸ਼ਬਲੋਕ 604-325-9200
FAX – 604-325-3666
6108 Fraser st. (at 45th Ave.) Vancouver BC V5 Ww 3A1



ਬਾਧ ਅਕਾਊਂਟਿੰਗ ਸਰਵਿਸਿਜ਼
ਟੈਕਸ ਦੇ ਪੇਪਰ ਭਰਨਾ
ਅਕਾਊਂਟਿੰਗ / ਪੇਰੋਲ
ਬਿਜ਼ਨਸ ਇਨਕਮ ਟੈਕਸ
ਬੁੱਕ ਕੀਪਿੰਗ
ਟੀ-ਫੋਰ ਜਾਂ ਵਰਕ ਕੰਪਨਸੇਸ਼ਨ ਫਾਰਮ



ਜਸਬੀਰ-ਸਿੰਘ-ਬਾਧ
ਸਾਡਾ ਅਕਾਊਂਟਿੰਗ ਵਿੱਚ ਲੰਬਾ ਤਜ਼ਰਬਾ ਹੈ
TAX FORM FILL UP | ACCOUNTING / PAYROOL | PERSONAL INCOME TAX
BUSINESS INCOME TAX | T4/ WORKERS COMPENSATION FORM
UNIT # 1393-20800 Westminter Hwy Richmond , BC V6V 2W3
Ph.: 604-325-8370 | Fax. : 604-231-9600



ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Tooth Coloured Fillings
» Root Canal Treatment
» Crowns and Bridges
» Wisdom teeth Extractions
» Sedation Dentistry
» Clear Aligners
» Implants
» Dentures & many more...



Now Accepting The New Canadian Dental Care Plan From Govt.
Consult Dr. Sra for a health SMILE
Value $500
COMPLIMENTARY NIGHT GUARD
with new patient hygiene
Complete New Patient Exam with Xrays (4BW, 3PA and Panorex) and complete hygiene.
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry Family & Community Dentistry
604-391-1010 | maplesmiles.ca
8364 Young Road, Unit 101, Chilliwack

# ਐਬਟਸਫੋਰਡ ਦਾ ਲੋਕ ਵਿਰਸ ਮੇਲੇ ਦੀਆਂ ਝਲਕੀਆਂ




ਸਬੰਧਤ ਖਬਰ ਅਗਲੇ ਸਫ਼ੇ 'ਤੇ


ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ

ZC
ZIRA
CURRENCY EXCHANGER LTD.



ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ

ਡਾਲਰ ਦਾ ਸਭ ਤੋਂ ਵਧੀਆ ਰੇਟ

ਬਖਸ਼ੀਸ਼ ਸਿੰਘ ਜ਼ੀਰਾ, 604-562-7000, 604-314-0000

#397-8148-128 ST.
(PAYAL BUSINESS CENTRE) SURREY

# ਐਬਟਸਫੋਰਡ ਦਾ ਲੋਕ ਵਿਰਸਾ ਮੇਲਾ ਬਣਿਆਂ ਖਿੱਚ ਦਾ ਕੇਂਦਰ

## -ਸੁਰਜੀਤ ਪਾਤਰ ਨੂੰ ਸਮਰਪਿਤ ਮੇਲੇ 'ਚ ਰਵਿੰਦਰ ਗਰੇਵਾਲ ਅਤੇ ਨੇ ਬੰਨ੍ਹਿਆਂ ਚੰਗਾ ਰੰਗ

ਐਬਟਸਫੋਰਡ (ਸੁਖਮੰਦਰ ਸਿੰਘ ਬਰਾੜ): ਬੀਤੇ ਦਿਨ ਲੋਕ ਵਿਰਸਾ ਕਲਚਰਲ ਐਸੋਸੀਏਸ਼ਨ ਵਲੋਂ 28ਵਾਂ ਲੋਕ ਵਿਰਸਾ ਮੇਲਾ ਰੋਟਰੀ ਸਟੇਡੀਅਮ ਐਬਸਫੋਰਡ ਵਿਖੇ ਧੂਮਧਾਮ ਨਾਲ ਕਰਵਾਇਆ ਗਿਆ।ਬੱਦਲਵਾਈ ਤੇ ਨਿੱਕੀ-ਨਿੱਕੀ ਕਿਣਮਿਣ ਵੀ ਲੋਕਾਂ ਦਾ ਉਤਸ਼ਾਹ ਮੱਠਾ ਨਾ ਪਾ ਸਕੀ ਤੇ ਲੋਕ ਮੇਲੇ ਵਿਚ ਸ਼ਮੂਲੀਅਤ ਲਈ ਹੁੰਮਹੁਮਾਕੇ ਪੁੱਜੇ। ਗਦਰੀ ਬਾਬਿਆਂ ਤੇ  ਸਵਰਗੀ ਸ੍ਰੋਮਣੀ ਸ਼ਾਇਰ ਡਾ ਸੁਰਜੀਤ ਪਾਤਰ ਨੂੰ ਸਮਰਪਿਤ ਇਸ ਮੇਲੇ ਦੌਰਾਨ ਉਘੇ ਲੋਕ ਗਾਇਕ ਰਵਿੰਦਰ ਗਰੇਵਾਲ, ਦੋਗਾਣਾ ਜੋੜੀ ਲੱਖਾ ਤੇ ਨਾਜ, ਸੁਰਮਨੀ ਤੇ ਬਿੱਟੂ ਖੰਨੇਵਾਲਾ ਨੇ ਸਭਿਆਚਾਰਕ ਗਾਇਕੀ ਨਾਲ ਚੰਗਾ ਰੰਗ ਬੰਨਿਆਂ। ਗਾਇਕ ਜੋੜੀ ਲੱਖਾ -ਨਾਜ ਅਤੇ ਸੁਰਮਨੀ- ਬਿੱਟੂ ਖੰਨੇਵਾਲਾ ਨੇ ਆਪਣੇ ਹਿਟ ਗੀਤਾਂ ਨਾਲ ਲੋਕਾਂ ਨੂੰ ਮੌਸਮ ਦੀ ਠੰਡਕ ਵਿਚ ਸਭਿਆਚਾਰਕ ਨਿੱਘ ਨਾਲ ਭਰ ਦਿੱਤਾ। ਗਾਇਕ ਬਿੱਟੂ ਖੰਨੇਵਾਲਾ ਨੇ ਆਪਣੇ ਨਵੇਂ ਗੀਤ ਪੰਜਾਬੀਆਂ ਨੂੰ ਪੰਜਾਬ ਪਰਤਣ ਦੇ ਸੱਦੇ ਨਾਲ ਮਾਹੌਲ ਨੂੰ ਭਾਵੁਕ ਬਣਾ ਦਿੱਤਾ।

ਰੋਟਰੀ ਸਟੇਡੀਅਮ ਦੇ ਸ਼ੈੱਡ ਹੇਠ ਅਤੇ ਖੂਬਸੂਰਤ ਟੈਂਟਾਂ ਹੇਠਾਂ ਬੈਠ ਕੇ ਲੋਕਾਂ ਨੇ ਗਾਇਕਾਂ ਦੀ ਗਾਇਕੀ ਦਾ ਭਰਪੂਰ ਆਨੰਦ ਮਾਣਿਆ।   ਮੇਲੇ ਦੌਰਾਨ ਗਿੱਧਾ ਤੇ ਭੰਗੜੇ ਦੀ ਪੇਸ਼ਕਾਰੀ ਵੀ ਯਾਦਗਾਰੀ ਰਹੀ। ਮੇਲੇ ਦੀ ਸਿਖਰ ਗਾਇਕ ਰਾਵਿੰਦਰ ਗਰੇਵਾਲ ਵਲੋਂ ਗਾਏ ਆਪਣੇ ਪ੍ਰਸਿੱਧ ਗੀਤਾਂ ਨਾਲ ਰਹੀ। ਉਸਨੇ ਟੇਡੀ ਪੱਗ ਵਾਲਿਆਂ, ਉਤੋਂ ਮੁੱਛ ਖੜੀ ਰੱਖਦੈਂ, ਟਰੱਕਾਂ ਵਾਲੇ ਤੇ ਹੋਰ ਕਈ ਗੀਤਾਂ ਸਮੇਤ ਵੇ ਮੈਂ ਲਵਲੀ ਜਿਹੀ ਲਵਲੀ ਚ ਪੜਦੀ ਗੀਤ ਨਾਲ ਦਰਸ਼ਕਾਂ ਸਰੋਤਿਆਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਇਸ ਮੌਕੇ ਲਵਲੀ ਚ ਪੜਦੀ ਗੀਤ ਦੇ ਲੇਖਕ ਪ੍ਰੀਤ ਸੰਗਰੇੜੀ ਨੇ ਵੀ ਮੰਚ ਤੇ ਆਕੇ ਗੀਤ ਨਾਲ ਡਾਂਸ ਕੀਤਾ। ਮੇਲੇ ਵਿਚ ਹਰਜੋਤ ਸਿੰਘ ਸੰਧੂ ਪ੍ਰਧਾਨ ਵੈਲੀ ਯੁਨਾਈਟਡ ਕਲਚਰਲ ਕਲੱਬ, ਉਘੇ ਕਬੱਡੀ ਪ੍ਰੋਮੋਟਰ ਬਲਵੀਰ ਬੈਂਸ, ਅਮਰਿੰਦਰ ਸਿੰਘ ਗਿੱਲ , ਹਰਨੇਕ ਸੰਧੂ ਨਿੱਕਾ ਨਕੋਦਰ, ਪ੍ਰੋ ਸੁਖਵਿੰਦਰ ਸਿੰਘ ਵਿਰਕ, ਭੰਗੂ, ਜਗਬੀਰ ਗਰਚਾ, ਸੋਨੀ ਸਿੱਧੂ, ਅਵਤਾਰ ਸਿੰਘ ਰਾਜਾ ਗਿੱਲ ਪ੍ਰਧਾਨ ਡਾਇਮੰਡ ਕਲਚਰਲ ਕਲੱਬ ,  ਸੁਖਵਿੰਦਰ ਲਾਲੀ, ਕਾਲਾ ਬੋਪਾਰਾਏ, ਦੀਪ ਸੰਧੂ, ਕੁਲਦੀਪ ਸਿੰਘ ਜਗਪਾਲ, ਪੌਲ ਗਿੱਲ, ਜੀਵਨ ਦਿਓਲ, ਜੀਵਨ ਬੜਿੰਗ, ਧਰਮਿੰਦਰ ਸਿੰਘ ਏ ਐਸ ਆਈ ਜਗਰਾਉਂ ਨੇ ਵਿਸ਼ੇਸ਼ ਹਾਜ਼ਰੀ ਭਰੀ।

ਮੇਲੇ ਦੇ ਅਖੀਰ ਵਿਚ ਮੇਲਾ ਪ੍ਰਬੰਧਕ ਗੁਰਮੇਲ ਸਿੰਘ ਧਾਮੀ ਚੇਅਰਮੈਨ , ਸ਼ਾਂਤੀ ਸਰੂਪ ਪ੍ਰਧਾਨ, ਨਵ ਖੋਸਾ, ਗੁਰਪ੍ਰੇਮ ਸਿੰਘ, ਬੂਟਾ ਸਿੰਘ ਢੀਂਡਸਾ, ਡਾ ਜਤਿੰਦਰਪਾਲ ਸਿੰਘ ਮੁੰਡੀ,ਗੁਰਸੇਵ ਸਿੰਘ ਬੁੱਟਰ, ਬੇਅੰਤ ਸਿੰਘ ਬਰਾੜ, ਹਰਮੇਲ ਸਿੰਘ, ਹਰਬੰਸ ਧੰਜਲ, ਮਨਦੀਪ ਧਾਲੀਵਾਲ ਤੇ ਹੋਰਾਂ ਨੇ ਗਾਇਕ ਕਲਾਕਾਰਾਂ ਤੇ ਹੋਰ ਸ਼ਖਸੀਅਤਾਂ ਦਾ ਸਨਮਾਨ ਕੀਤਾ। ਗਾਇਕ ਰਾਵਿੰਦਰ ਗਰੇਵਾਲ ਦਾ ਮੇਲਾ ਕਮੇਟੀ ਵਲੋਂ ਸ ਹਰਮੀਤ ਸਿੰਘ ਖੁੱਡੀਆਂ ਤੇ ਪ੍ਰਬੰਧ ਕਮੇਟੀ ਵਲੋਂ ਯਾਦਗਾਰੀ ਚਿੰਨ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ। ਮੰਚ ਸੰਚਾਲਕ ਦੀ ਜਿੰਮੇਵਾਰੀ ਉਘੇ ਟੀਵੀ ਹੋਸਟ ਦਵਿੰਦਰ ਬੈਨੀਪਾਲ ਨੇ ਨਿਭਾਈ। ਇਸ ਦੌਰਾਨ ਪਿੰਗਲਵਾੜਾ ਸੁਸਾਇਟੀ ਲਈ ਵਲੰਟੀਅਰ ਸੇਵਾਵਾਂ ਦੇਣ ਵਾਲੇ ਕੌਂਸਲਰ ਗੈਰੀ ਥਿੰਦ ਤੇ ਸਾਥੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਗੈਰੀ ਥਿੰਦ ਵਲੋਂ ਲੋੜਵੰਦ ਲੋਕਾਂ ਦੀ ਸਹਾਇਤਾ ਲਈ ਪਿੰਗਲਵਾੜਾ ਸੁਸਾਇਟੀ ਨੂੰ ਦਿਲ ਖੋਹਲਕੇ ਦਾਨ ਕਰਨ ਦੀ ਅਪੀਲ ਕੀਤੀ।

# ਕੈਨੇਡਾ ਦੇ ਵਿਜ਼ਟਰ ਵੀਜ਼ਿਆਂ ਦੀ ਦੁਰਵਰਤੋਂ ਰੋਕਣ ਲਈ ਹੋਰ ਕਦਮ ਚੁੱਕਣ ਦੀ ਜ਼ਰੂਰਤ: ਮੰਤਰੀ ਮਾਰਕ ਮਿਲਰ

ਸਰੀ, (ਏਕਜੋਤ ਸਿੰਘ): ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਹੈ ਕਿ ਕੈਨੇਡਾ ਆਉਣ ਵਾਲੇ ਵਿਦੇਸ਼ੀ ਨਾਗਰਿਕਾਂ ਵੱਲੋਂ ਵਿਜ਼ਟਰ ਵੀਜ਼ਿਆਂ ਦੀ ਦੁਰਵਰਤੋਂ ਰੋਕਣ ਲਈ ਫੈਡਰਲ ਸਰਕਾਰ ਨੂੰ ਹੋਰ ਸਖ਼ਤ ਕਦਮ ਲੈਣ ਦੀ ਲੋੜ ਹੈ। ਉਹਨਾਂ ਦਾ ਕਹਿਣਾ ਸੀ ਕਿ ਸਰਕਾਰ ਨੇ ਗਰਮੀਆਂ ਦੌਰਾਨ ਕਈ ਮਹੱਤਵਪੂਰਨ ਉਪਾਅ ਕੀਤੇ ਹਨ, ਖਾਸ ਕਰਕੇ ਉਨ੍ਹਾਂ ਲੋਕਾਂ ਨਾਲ ਨਜਿੱਠਣ ਲਈ ਜੋ ਵਿਜ਼ਟਰ ਵੀਜ਼ਿਆਂ 'ਤੇ ਦੇਸ਼ ਵਿੱਚ ਦਾਖਲ ਹੋ ਰਹੇ ਹਨ। ਮਿਲਰ ਨੇ ਜ਼ੋਰ ਦਿੱਤਾ ਕਿ ਇਹ ਸੂਰੀ ਕਰਨ ਦੀ ਲੋੜ ਹੈ ਕਿ ਜਿਹੜੇ ਲੋਕ ਵਿਜ਼ਟਰ ਵੀਜ਼ਿਆਂ 'ਤੇ ਕੈਨੇਡਾ ਆ ਰਹੇ ਹਨ, ਉਹ ਸਿਰਫ ਇਸੇ ਉਦੇਸ਼ ਲਈ ਆਉਣ, ਨਾ ਕਿ ਸ਼ਰਣ ਦੀ ਮੰਗ ਕਰਨ ਜਾਂ ਅਮਰੀਕਾ ਜਾਣ ਦਾ ਰਾਹ ਲੱਭਣ ਲਈ।



ਇਸ ਦੌਰਾਨ, ਅਮਰੀਕਾ ਦੇ ਯੂਐਸ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਸੀਬੀਪੀ) ਨੇ ਰਿਪੋਰਟ ਦਿੱਤੀ ਹੈ ਕਿ ਅਕਤੂਬਰ 2023 ਤੋਂ ਅਗਸਤ 2024 ਤੱਕ ਕੈਨੇਡਾ-ਅਮਰੀਕਾ ਸਰਹੱਦ 'ਤੇ 21,929 ਪਰਵਾਸੀਆਂ ਨੂੰ ਰੋਕਿਆ ਗਿਆ। ਉਨ੍ਹਾਂ ਵਿੱਚੋਂ 17,810 ਪਰਵਾਸੀ ਸਵਾਂਟਨ ਸੈਕਟਰ ਵਿਚ ਫੜੇ ਗਏ, ਜੋ ਕਿ ਕਿਊਬੈਕ ਅਤੇ ਅਮਰੀਕਾ ਦੇ ਨਿਊਯਾਰਕ ਅਤੇ ਵਰਮੌਂਟ ਸੂਬਿਆਂ ਨਾਲ ਲੱਗਦੀ ਸਰਹੱਦ 'ਤੇ ਹੈ। ਇਹ ਗਿਣਤੀ ਪਿਛਲੇ ਸਾਲ ਨਾਲੋਂ ਦੁੱਗਣੀ ਤੋਂ ਵੀ ਵੱਧ ਹੈ। ਇਸ ਦੇ ਨਾਲ ਹੀ ਰਿਪੋਰਟ ਵਿਚ ਇਹ ਵੀ ਦਰਸਾਇਆ ਗਿਆ ਕਿ ਰੋਕੇ ਗਏ 21,929 ਪਰਵਾਸੀਆਂ ਵਿਚੋਂ ਤਕਰੀਬਨ 60% ਲੋਕ ਭਾਰਤ ਤੋਂ ਸਨ। ਇਸ ਨੂੰ ਦੇਖਦੇ ਹੋਏ, ਮਿਲਰ ਨੇ ਕਿਹਾ ਕਿ ਭਾਰਤ ਤੋਂ ਆ ਰਹੀਆਂ ਵੀਜ਼ਾ ਅਰਜ਼ੀਆਂ 'ਤੇ ਭਵਿੱਖ ਵਿਚ ਹੋਰ ਸਖ਼ਤ ਨਿਗਰਾਨੀ ਕੀਤੀ ਜਾ ਸਕਦੀ ਹੈ। ਉਨ੍ਹਾਂ ਨੇ ਕਿਹਾ, "ਅਸੀਂ ਕਈ ਲੋਕਾਂ ਨੂੰ ਵੇਖਦੇ ਹਾਂ ਜੋ ਭਾਰਤ ਜਾਂ ਹੋਰ ਦੇਸ਼ਾਂ ਤੋਂ ਆ ਕੇ ਸ਼ਰਣ ਦੀ ਮੰਗ ਕਰਦੇ ਹਨ, ਪਰ ਉਨ੍ਹਾਂ ਨੂੰ ਇਮੀਗ੍ਰੇਸ਼ਨ ਅਤੇ ਰਿਫਿਊਜੀ ਬੋਰਡ ਤੋਂ ਸਕਾਰਾਤਮਕ ਨਿਰਣਾ ਨਹੀਂ ਮਿਲਦਾ। ਇਸ ਨਾਲ ਸਾਨੂੰ ਇਹ ਸੂਚਨਾ ਮਿਲਦੀ ਹੈ ਕਿ ਵੀਜ਼ਾ ਪ੍ਰਕਿਰਿਆ ਵਿੱਚ ਹੋਰ ਸਖ਼ਤੀ ਦੀ ਲੋੜ ਹੈ।" ਇਹ ਵਾਧਾ ਸਿਰਫ ਸੰਖਿਆ ਤੱਕ ਸੀਮਿਤ ਨਹੀਂ ਹੈ, ਇਸ ਨਾਲ ਇਕ ਮੁਨਾਫ਼ੇ ਵਾਲਾ ਕਾਰੋਬਾਰ ਵੀ ਜਨਮ ਲਿਆ ਹੈ। ਇੰਸਟਾਗ੍ਰਾਮ ਅਤੇ ਟਿੱਕਟੋਕ ਵਰਗੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਵਿਡੀਓਆਂ ਅਤੇ ਪੋਸਟਾਂ ਵਿੱਚ ਕਈ ਪਰਵਾਸੀਆਂ ਨੂੰ ਦਿਖਾਇਆ ਜਾਂਦਾ ਹੈ ਜੋ ਕੈਨੇਡਾ-ਅਮਰੀਕਾ ਸਰਹੱਦ ਪਾਰ ਕਰਦੇ ਹਨ ਅਤੇ ਦਾਅਵਾ ਕਰਦੇ ਹਨ ਕਿ ਮੌਂਟਰੀਅਲ ਤੋਂ ਅਮਰੀਕਾ ਜਾਣ ਦਾ ਰਾਹ ਕਿੰਨਾ ਆਸਾਨ ਹੈ। ਇਸ ਤਰੀਕੇ ਨੂੰ ਬੇਬਾਕ ਦੱਸਦਿਆਂ, ਮਿਲਰ ਨੇ ਕਿਹਾ ਕਿ ਇਹ ਨੈੱਟਵਰਕ ਬਹੁਤ ਹੀ ਸਫਾਈ ਨਾਲ ਕੰਮ ਕਰਦੇ ਹਨ, ਜਿਸ ਵਿੱਚ ਕਈ ਵਾਰ ਅਪਰਾਧਿਕ ਗਿਰੋਹਾਂ ਦੀ ਭੂਮਿਕਾ ਵੀ ਹੁੰਦੀ ਹੈ। ਮਿਲਰ ਨੇ ਕਿਹਾ ਕਿ ਇਸ ਮਸਲੇ 'ਤੇ ਉਹਨਾਂ ਨੇ ਅਮਰੀਕਾ ਦੇ ਹੋਮਲੈਂਡ ਸਕਿਓਰਿਟੀ ਸਕੱਤਰ ਅਲੇਜੈਂਡਰੋ ਮੇਅਰਕਸ ਅਤੇ ਕੈਨੇਡਾ ਵਿੱਚ ਅਮਰੀਕੀ ਰਾਜਦੂਤ ਡੇਵਿਡ ਕੋਹੇਨ ਨਾਲ ਗੱਲਬਾਤ ਕੀਤੀ ਹੈ। ਉਹਨਾਂ ਦੱਸਿਆ ਕਿ ਦੋਵੇਂ ਦੇਸ਼ ਇਸ ਮਾਮਲੇ 'ਤੇ ਮਿਲਕੇ ਕੰਮ ਕਰ ਰਹੇ ਹਨ ਤਾਂ ਜੋ ਕੈਨੇਡਾ-ਅਮਰੀਕਾ ਸਰਹੱਦਾਂ ਨੂੰ ਮਹਫ਼ੂਜ਼ ਰੱਖਿਆ ਜਾ ਸਕੇ। This report was written by Ekjot Singh as part of the Local Journalism Initiative.


HOMELAND MORTGAGE CORP.

ਜੇ ਮੌਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ।

- ਪਹਿਲੀ ਵਾਰ ਘਰ ਖਰੀਦਣ ਵਾਲੇ
- ਰੈਜੀਡੈਂਸ਼ੀਅਲ ਮੌਰਟਗੇਜ
- ਕੰਸਟਰਕਸ਼ਨ ਮੌਰਟਗੇਜ
- ਪ੍ਰਾਈਵੇਟ ਮੌਰਟਗੇਜ
- ਸੈਕੰਡ ਅਤੇ ਥਰਡ ਮੌਰਟਗੇਜ




Kuldip Panesar
Mortgage Consultant
Cell :604-308-6839

PROFESSIONAL AND EXPERIENCED
Ph.: 604-593-6622, Fax : 604-593-6615
#201-7928 128St. (York Business Centre) Surrey BC V3W 4E8
Website : www.homelandmortgage.ca
E-mail : homelandmortgage@hotmail.com



YOUR NEIGHBOURHOOD LAYER

RISHI LAW CORPORATION



NARINDER RISHI
Barrister, Solicitor & Notary Public

Criminal Law
» Assault Charges
» Drug Charges
» Theft/Fraud
» Uttering Threats
» Driving Offences

Real Estate
» Purchase/ Sale of Property
» Mortgage / Line of Credit

Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa

Divorces Probate
All kind of Notary Services

Services offered in Punjabi, Hindi & English

Vancouver
6625, Fraser Street
604-322-5515
Email : nkrishi@yahoo.com

Two Locations to serve you

Surrey
604-505-6454
(By appointments only)





NEWTON DENTURE CLINIC INC.
Web: www.newtondentures.ca | Email: newtondentures@gmail.com

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
ਮੁਫ਼ਤ ਸਲਾਹ

"Over 20 years experience as Denturist"

- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।



BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)




# ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਸਰੀ ਵਿਖੇ ਭਾਈ ਪਿੰਦਰਪਾਲ ਸਿੰਘ ਅਤੇ ਗਿਆਨੀ ਨਰਿੰਦਰ ਸਿੰਘ ਦਾ ਸਨਮਾਨ





ਸਰੀ, (ਹਰਦਮ ਮਾਨ): ਸਿੱਖ ਕੌਮ ਦੇ ਨਾਮਵਰ ਵਿਦਵਾਨ, ਕਥਾ ਵਾਚਕ ਭਾਈ ਪਿੰਦਰਪਾਲ ਸਿੰਘ ਵੱਲੋਂ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਸਰੀ ਵਿਖੇ ਹਰ ਸਾਲ ਦੀ ਤਰ੍ਹਾਂ ਬਾਬਾ ਬੁੱਢਾ ਜੀ ਦੇ ਜੀਵਨ ਨੂੰ ਸਮਰਪਿਤ ਦੋ ਦਿਨ ਕਥਾ ਕਰ ਕੇ ਸੰਗਤ ਨੂੰ ਗੁਰੂ ਲੜ ਲਾਉਣ ਦਾ ਸੁਹਿਰਦ ਯਤਨ ਕੀਤਾ ਗਿਆ। ਉਨ੍ਹਾਂ ਗੁਰਬਾਣੀ ਤੋਂ ਇਲਾਵਾ ਭਾਈ ਗੁਰਦਾਸ, ਭਾਈ ਨੰਦ ਲਾਲ ਅਤੇ ਹੋਰ ਮਹੱਤਵਪੂਨ ਸਿੱਖ ਲਿਖਤਾਂ ਦੇ ਸਟੀਕ ਹਵਾਲਿਆਂ ਨਾਲ ਕਥਾ ਨੂੰ ਸੁਹਜ ਅਤੇ ਨਵੀਨਤਾ ਨਾਲ ਸੰਗਤਾਂ ਦੇ ਹਿਰਦਿਆਂ ਵਿਚ ਵਸਾਇਆ। ਉਨ੍ਹਾਂ ਆਪਣੀ ਕਥਾ ਦੇ ਦੌਰਾਨ ਨਿਰੋਲ ਗੁਰਬਾਣੀ ਵਿੱਚੋਂ ਗੁਰਮਤਿ ਦੇ ਅਸੂਲਾਂ ਨੂੰ ਪ੍ਰਗਟ ਕਰਨ ਲਈ ਦ੍ਰਿਸ਼ਟਾਂਤ ਅਤੇ ਉਦਾਹਰਣਾਂ ਪੇਸ਼ ਕੀਤੀਆਂ।

ਇਸ ਮੌਕੇ ਗੁਰਦੁਆਰਾ ਸ਼ਹੀਦ ਗੰਜ ਬਾਬਾ ਬਚਿੱਤਰ ਸਿੰਘ ਜੀ ਮੈਮੋਰੀਅਲ ਟਰੱਸਟ ਕੋਟਲਾ ਨਿਹੰਗ ਖਾਂ ਰੋਪੜ ਦੇ ਪ੍ਰਧਾਨ ਗੁਰਮੇਲ ਸਿੰਘ, ਸਰਪ੍ਰਸਤ ਅਤੇ ਕੈਨੇਡਾ ਦੇ ਉਘੇ ਕਾਰੋਬਾਰੀ ਜੇ ਮਿਨਹਾਸ, ਡਾਇਰੈਕਟਰ ਅਤੇ ਚੇਅਰਮੈਨ ਰਣਜੀਤ ਸਿੰਘ ਖੰਨਾ, ਜੱਥੇਦਾਰ ਹਰਪਾਲ ਸਿੰਘ ਜੱਲਾ (ਸਾਬਕਾ ਮੀਤ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਵੱਲੋਂ ਭਾਈ ਪਿੰਦਰਪਾਲ ਸਿੰਘ ਅਤੇ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਦੇ ਪ੍ਰਧਾਨ ਗਿਆਨੀ ਨਰਿੰਦਰ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

# ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਦਾ 90ਵਾਂ ਜਨਮ ਦਿਨ ਮਨਾਇਆ






ਸਰੀ, (ਹਰਦਮ ਮਾਨ): 'ਵੈਨਕੂਵਰ ਵਿਚਾਰ ਮੰਚ' ਅਤੇ 'ਵਿਰਾਸਤ ਤੇ ਸਾਹਿਤ ਦਰਪਣ' ਵੱਲੋਂ ਬੀਤੇ ਦਿਨ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਦਾ 90ਵਾਂ ਜਨਮ ਦਿਨ ਮਨਾਇਆ ਗਿਆ। ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਵਿਚ ਦੋਹਾਂ ਸੰਸਥਾਵਾਂ ਦੇ ਮੈਂਬਰਾਂ ਨੇ ਸ. ਸੇਖਾ ਦੀ ਲੰਮੀ ਅਤੇ ਸਿਹਤਯਾਬ ਜ਼ਿੰਦਗੀ ਦੀ ਕਾਮਨਾ ਕੀਤੀ। ਜਰਨੈਲ ਸਿੰਘ ਸੇਖਾ ਨੂੰ ਜਨਮ ਦਿਨ ਦੀ ਮੁਬਾਰਕਬਾਦ ਦਿੰਦਿਆਂ ਨਾਮਵਰ ਚਿੱਤਰਕਾਰ ਜਰਨੈਲ ਸਿੰਘ, ਮੋਹਨ ਗਿੱਲ, ਡਾ. ਬਲਦੇਵ ਸਿੰਘ ਖਹਿਰਾ, ਪ੍ਰੀਤਪਾਲ ਪੂਨੀ ਅਟਵਾਲ, ਨਿਰਮਲ ਗਿੱਲ, ਜਸਬੀਰ ਮਾਨ, ਬਿੰਦੂ ਮਠਾੜੂ, ਬਲਵੀਰ ਢਿੱਲੋਂ, ਡਾ. ਜਸ ਮਲਕੀਤ, ਡਾ. ਗੁਰਮਿੰਦਰ ਸਿੱਧੂ, ਪਰਮਿੰਦਰ ਸਵੈਚ, ਮਲਕੀਤ ਸਿੰਘ, ਹਰਦਮ ਮਾਨ, ਭੁਪਿੰਦਰ ਮੱਲ੍ਹੀ, ਰਿੱਕੀ ਬਾਜਵਾ ਅਤੇ ਅੰਗਰੇਜ਼ ਬਰਾੜ ਨੇ ਸ. ਸੇਖਾ ਵੱਲੋਂ ਪੰਜਾਬੀ ਸਾਹਿਤ ਵਿਚ ਆਪਣੇ ਨਾਵਲਾਂ ਅਤੇ ਕਹਾਣੀਆਂ ਰਾਹੀਂ ਪਾਏ ਵੱਡਮੁੱਲੇ ਯੋਗਦਾਨ ਦੀ ਪ੍ਰਸੰਸਾ ਕੀਤੀ। ਸਾਰੇ ਬੁਲਾਰਿਆਂ ਨੇ ਉਨ੍ਹਾਂ ਦੇ ਬਹੁਤ ਹੀ ਮਿਲਣਸਾਰ ਸੁਭਾਅ, ਨਿਮਰਤਾ, ਹਲੀਮੀ ਅਤੇ ਉਨ੍ਹਾਂ ਨਾਲ ਆਪਣੀ ਸਾਂਝ ਦੀ ਗੱਲ ਕੀਤੀ। ਜਰਨੈਲ ਸਿੰਘ ਸੇਖਾ ਨੇ ਵਡੇਰਾ ਮਾਣ ਸਨਮਾਨ ਦੇਣ ਲਈ ਦੋਹਾਂ ਸੰਸਥਾਵਾਂ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੇ ਸਾਹਿਤ ਵਿਚ ਜੋ ਤਿਲ ਫੁੱਲ ਯੋਗਦਾਨ ਪਾਇਆ ਹੈ ਉਹ ਲੋਕਾਂ ਦੀ ਅਤੇ ਸਮਾਜ ਦੀ ਹੀ ਦੇਣ ਹੈ।

# ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਕਹਾਣੀਕਾਰ ਨਰਿੰਦਰ ਪੰਨੂ ਦੀਆਂ ਦੋ ਪੁਸਤਕਾਂ ਰਿਲੀਜ਼




ਸਰੀ, (ਹਰਦਮ ਮਾਨ)-ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਵੱਲੋਂ ਬੀਤੇ ਸਨਿੱਚਰਵਾਰ ਸੀਨੀਅਰ ਸਿਟੀਜ਼ਨ ਸੈਂਟਰ ਸਰੀ ਵਿਖੇ ਕਰਵਾਏ ਇਕ ਸਮਾਗਮ ਵਿਚ ਨਰਿੰਦਰ ਪੰਨੂ ਦੇ ਦੋ ਨਾਵਲ 'ਦਸ ਕਿੱਲੇ ਜ਼ਮੀਨ' ਅਤੇ 'ਮੇਰਾ ਪੀਟ'ਰਿਲੀਜ਼ ਕੀਤੇ ਗਏ। ਇਸ ਸਮਾਗਮ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ, ਪਲਵਿੰਦਰ ਸਿੰਘ ਰੰਧਾਵਾ, ਨਰਿੰਦਰ ਸਿੰਘ ਪੰਨੂ ਅਤੇ ਕਵਿੰਦਰ ਚਾਂਦ ਨੇ ਕੀਤੀ।

ਸਮਾਗਮ ਦੇ ਆਗਾਜ਼ ਵਿਚ ਇਕ ਸ਼ੋਕ ਮਤੇ ਰਾਹੀਂ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਅਮਰੀਕਾ ਨਿਵਾਸੀ ਪ੍ਰਸਿੱਧ ਲੇਖਿਕਾ ਸਵਰਾਜ ਕੌਰ ਅਤੇ ਸਭਾ ਦੀ ਮੈਂਬਰ ਬਰਿੰਜਦਰ ਕੌਰ ਢਿੱਲੋਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਲੋਕ ਅਰਪਣ ਕੀਤੀਆਂ ਗਈਆਂ ਪੁਸਤਕਾਂ ਬਾਰੇ ਪ੍ਰਿਤਪਾਲ ਗਿੱਲ, ਡਾ. ਪ੍ਰਿਥੀਪਾਲ ਸੋਹੀ, ਇੰਦਰਜੀਤ ਕੌਰ ਸਿੱਧੂ, ਕਵਿੰਦਰ ਚਾਂਦ ਅਤੇ ਪ੍ਰੋ. ਕਸ਼ਮੀਰਾ ਸਿੰਘ ਗਿੱਲ ਨੇ ਪਰਚੇ ਪੜ੍ਹੇ। ਨਰਿੰਦਰ ਪੰਨੂ ਨੇ ਇਨ੍ਹਾਂ ਪੁਸਤਕਾਂ ਦੀ ਪਿੱਠਭੂਮੀ ਅਤੇ ਆਪਣੇ ਸਾਹਿਤਕ ਸਫ਼ਰ ਬਾਰੇ ਸੰਖੇਪ ਰੂਪ ਵਿੱਚ ਸਾਂਝ ਪਾਈ। ਨਰਿੰਦਰ ਪੰਨੂ ਅਤੇ ਮਹਿਮਾਨ ਗੀਤਕਾਰ ਬਲਦੇਵ ਰਾਹੀ ਨੂੰ ਸਭਾ ਵੱਲੋਂ ਸਨਮਾਨਿਤ ਕੀਤਾ ਗਿਆ।

ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਦਰਸ਼ਨ ਸੰਘਾ, ਇੰਦਰਪਾਲ ਸਿੰਘ ਸੰਧੂ, ਹਰਸ਼ਰਨ ਕੌਰ, ਮੋਤਾ ਸਿੰਘ ਝੀਤਾ, ਬਿੱਟੂ ਖੰਨੇ ਵਾਲਾ, ਹਰਚੰਦ ਸਿੰਘ ਗਿੱਲ, ਹਰਪਾਲ ਸਿੰਘ ਬਰਾੜ, ਚਰਨ ਸਿੰਘ ਵਿਰਦੀ, ਬਲਦੇਵ ਸਿੰਘ ਰਾਹੀ, ਦਵਿੰਦਰ ਸਿੰਘ ਬੈਨੀਪਾਲ, ਚਮਕੌਰ ਸਿੰਘ ਸੇਖੋਂ, ਗੁਰਮੀਤ ਸਿੰਘ ਸੇਖੋਂ, ਅਮਰਜੀਤ ਸਿੰਘ ਸੰਧੂ, ਜਰਨੈਲ ਸਿੰਘ ਭੰਡਾਲ, ਬੇਅੰਤ ਸਿੰਘ ਢਿੱਲੋਂ, ਚਰਨ ਸਿੰਘ, ਜੋਗਿੰਦਰ ਸਿੰਘ ਸੁਨਰ, ਮਲੂਕ ਚੰਦ ਕਲੇਰ, ਮੇਘ ਨਾਥ ਸ਼ਰਮਾ, ਗੁਰਮੀਤ ਸਿੰਘ, ਡਾ :ਰਣਜੀਤ ਸਿੰਘ ਪੰਨੂ, ਕਸ਼ਮੀਰ ਸਿੰਘ ਧਾਲੀਵਾਲ, ਦਪਨਜੋਤ ਭੱਠਲ, ਦਿਲਬਾਗ ਸਿੰਘ ਭੱਠਲ, ਪਰਮਿੰਦਰ ਸਿੰਘ ਪੰਨੂ, ਬਲਜੀਤ ਸਿੰਘ ਗਿੱਲ, ਦਵਿੰਦਰ ਕੌਰ ਜੌਹਲ, ਦਲਬੀਰ ਸਿੰਘ ਕੰਗ, ਅਜਮੇਰ ਸਿੰਘ ਭਾਗਪੁਰ, ਬਲਬੀਰ ਸਿੰਘ ਸੰਘਾ, ਕ੍ਰਿਸ਼ਨ ਬੈਕਟਰ, ਗੁਰਦਰਸ਼ਨ ਸਿੰਘ ਮਠਾਰੂ, ਰਾਜਿੰਦਰ ਸਿੰਘ ਪੰਧੇਰ, ਮਨਜੀਤ ਸਿੰਘ ਪੰਨੂ, ਬਿਕਰਮ ਸਿੰਘ ਕਾਹਲੋਂ, ਸੁਰਿੰਦਰ ਬੈਂਸ, ਅਜੀਤ ਪਾਲ ਪੰਨੂ, ਚੰਦਨ ਪੰਨੂ, ਗੁਰਦਰਸ਼ਨ ਸਿੰਘ ਤਤਲਾ, ਅਮਰਜੀਤ ਸਿੰਘ ਪੰਨੂ, ਸਵਿੰਦਰ ਸਿੰਘ ਪੰਨੂ, ਹੈਰੀ ਸਿੰਘ ਪੰਨੂ, ਨਿਰਮਲ ਗਿੱਲ, ਹਰਜਿੰਦਰ ਗਿੱਲ, ਸਵਰਨ ਸਿੰਘ ਚਾਹਲ, ਸਰਬਜੀਤ ਸਿੰਘ ਬਾਸੀ, ਮਲਕੀਤ ਸਿੰਘ, ਅਵਤਾਰ ਸਿੰਘ ਢਿੱਲੋਂ, ਗੁਰਬਚਨ ਸਿੰਘ ਬਰਾੜ, ਦਰਸ਼ਨ ਸਿੰਘ ਸਿੱਧੂ, ਸੁਰਿੰਦਰ ਸਿੰਘ ਜੈਸਲ, ਅਵਤਾਰ ਸਿੰਘ ਸ਼ੇਰਗਿੱਲ, ਹਰਜਿੰਦਰ ਸਿੰਘ ਪੰਨੂ, ਕੁਲਜੀਤ ਸੰਧੂ, ਮਨਜੀਤ ਸਿੰਘ ਪੰਨੂ, ਗੁਰਸ਼ਰਨ ਸਿੰਘ, ਗੁਰਮੀਤ ਸਿੰਘ, ਨਛੱਤਰ ਸਿੰਘ ਚੰਦੀਵਾਲ ਅਤੇ ਮਨਜੀਤ ਸਿੰਘ ਮੱਲ੍ਹਾ ਹਾਜ਼ਰ ਸਨ। ਸਟੇਜ ਦਾ ਸੰਚਾਲਨ ਪਲਵਿੰਦਰ ਸਿੰਘ ਰੰਧਾਵਾ ਨੇ ਬਾਖ਼ੂਬੀ ਕੀਤਾ। ਅੰਤ ਵਿੱਚ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸਭ ਦਾ ਧੰਨਵਾਦ ਕੀਤਾ।

# ਹੈਲਥ ਕੈਨੇਡਾ ਵੱਲੋਂ ਨਵੇਂ ਕੋਵਿਡ-19 ਵੇਰੀਐਂਟ ਲਈ ਫਾਈਜ਼ਰ-ਬਾਇਓਐਨਟੈਕ ਵੈਕਸੀਨ ਨੂੰ ਮਨਜ਼ੂਰੀ

ਸਰੀ, (ਏਕਜੋਤ ਸਿੰਘ): ਹੈਲਥ ਕੈਨੇਡਾ ਨੇ ਤਾਜ਼ਾ ਵੇਰੀਐਂਟ ਤੋਂ ਸੁਰੱਖਿਆ ਦੇਣ ਲਈ ਫਾਈਜ਼ਰ-ਬਾਇਓਐਨਟੈਕ ਦੀ ਅਪਡੇਟ ਕੀਤੀ ਗਈ ਕੋਵਿਡ-19 ਵੈਕਸੀਨ ਨੂੰ ਮੰਗਲਵਾਰ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਵੈਕਸੀਨ ਓਮੀਕਰੋਨ ਦੇ ਨਵੇਂ KP.2 ਸਬ-ਵੇਰੀਐਂਟ ਨੂੰ ਨਿਸ਼ਾਨਾ ਬਣਾਉਂਦੀ ਹੈ ਅਤੇ ਫੈਡਰਲ ਵੈਕਸੀਨ ਅਤੇ ਇਲਾਜ ਪੋਰਟਲ ਵਿੱਚ ਦਰਜ ਕੀਤੀ ਗਈ ਹੈ। ਇਸ ਪੋਰਟਲ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਇਸ ਨਵੀਨਤਮ ਤਿਆਰੀ ਦੀ ਕਮਿਰਨੈਟੀ ਵੈਕਸੀਨ ਵੀ ਸ਼ਾਮਲ ਹੈ। ਅਪਡੇਟ ਕੀਤੀਆਂ ਵੈਕਸੀਨਾਂ ਦੇਸ ਭਰ ਵਿੱਚ ਉਪਲਬਧ ਹੋਣਗੀਆਂ।

ਫਾਈਜ਼ਰ ਨੇ ਕਿਹਾ ਹੈ ਕਿ ਇਹ ਅਪਡੇਟ ਕੀਤੀ ਗਈ ਵੈਕਸੀਨ ਅਰਦ ਵਿੱਚ ਦੇਸ਼ ਭਰ ਵਿੱਚ ਫ਼ਾਰਮੇਸੀਆਂ ਅਤੇ ਟੀਕਾਕਰਨ ਕੇਂਦਰਾਂ ਵਿੱਚ ਉਪਲਬਧ ਹੋਵੇਗੀ। ਕੰਪਨੀ ਨੇ ਲੋਕਾਂ ਨੂੰ ਸੂਬਾਈ ਅਤੇ ਖੇਤਰੀ ਸਿਹਤ ਅਥਾਰਟੀਆਂ ਨਾਲ ਸੰਪਰਕ ਕਰਨ ਦੀ ਸਲਾਹ ਦਿੱਤੀ ਹੈ, ਤਾਂ ਜੋ ਉਹ ਇਸ ਵੈਕਸੀਨ ਤੱਕ ਆਪਣੀ ਪਹੁੰਚ ਬਾਰੇ ਜਾਣ ਸਕਣ।

ਇਸ ਤੋਂ ਪਹਿਲਾਂ, ਪਿਛਲੇ ਹਫ਼ਤੇ ਹੈਲਥ ਕੈਨੇਡਾ ਨੇ ਮੌਡਰਨਾ ਦੀ ਮ੍ਰੰਅ ਸਪਾਈਕਵੈਕਸ ਵੈਕਸੀਨ ਅਤੇ ਨੋਵਾਵੈਕਸ ਦੀ ਪ੍ਰੋਟੀਨ-ਅਧਾਰਿਤ ਨਿਊਵੈਕਸੋਵਿਡ ਵੈਕਸੀਨ ਨੂੰ ਵੀ ਮਨਜ਼ੂਰੀ ਦਿੱਤੀ ਸੀ। ਫਾਈਜ਼ਰ ਦੀ ਪਿਛਲੀ ਵੈਕਸੀਨ ਯਭਭ.1.5 ਓਮੀਕਰੋਨ ਦੇ ਇੱਕ ਪੁਰਾਣੇ ਸਬਵੇਰੀਐਂਟ ਨੂੰ ਨਿਸ਼ਾਨਾ ਬਣਾਉਂਦੀ ਸੀ, ਪਰ ਹੁਣ ਇਹ ਨਵੀਂ ਵੈਕਸੀਨ ਹਾਲ ਦੇ ਖਫ.2 ਵੇਰੀਐਂਟ ਲਈ ਅਪਡੇਟ ਕੀਤੀ ਗਈ ਹੈ।

ਫਾਈਜ਼ਰ ਅਤੇ ਮੌਡਰਨਾ ਦੋਵਾਂ ਦੀਆਂ ਅਪਡੇਟ ਕੀਤੀਆਂ ਵੈਕਸੀਨਾਂ ਨੂੰ ਬਾਲਗਾਂ ਅਤੇ 6 ਮਹੀਨਿਆਂ ਤੋਂ ਵੱਧ ਉਮਰ ਦੇ ਬੱਚਿਆਂ ਲਈ ਮਨਜ਼ੂਰੀ ਮਿਲ ਗਈ ਹੈ। ਨੋਵਾਵੈਕਸ ਦੀ ਨਵੀਂ ਵੈਕਸੀਨ 12 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਵਰਤੀ ਜਾ ਸਕਦੀ ਹੈ। ਹੈਲਥ ਕੈਨੇਡਾ ਵੱਲੋਂ ਇਹ ਵੱਡੀ ਐਲਾਨੀ ਹਾਲ ਹੀ ਦੇ ਵੇਰੀਐਂਟ ਤੋਂ ਸੁਰੱਖਿਆ ਪ੍ਰਦਾਨ ਕਰਨ ਲਈ ਕੀਤੀ ਗਈ ਹੈ, ਤਾਂ ਜੋ ਲੋਕਾਂ ਨੂੰ ਮਹੱਤਵਪੂਰਨ ਸੁਰੱਖਿਆ ਅਤੇ ਟੀਕਾਕਰਨ ਸੇਵਾਵਾਂ ਮਿਲ ਸਕਣ।

This report was written by Ekjot Singh as part of the Local Journalism Initiative.


Guru Nanak's Free Kitchen
LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170

ਚੰਗੀਆਂ, ਵਧੀਆ, ਸਵਾਦੀ ਮਿਠਾਈਆਂ ਵਾਸਤੇ ਹਮੇਸ਼ਾ ਯਾਦ ਰੱਖੋ

SINCE 1997
SANJHA PUNJAB

ਸਾਂਝਾ ਪੰਜਾਬ ਸਵੀਟਸ

ਤਾਜ਼ੀਆਂ ਮਠਿਆਈਆਂ, ਸਮੋਸੇ, ਪਕੌੜੇ, ਸ਼ਪੈਸ਼ਲ ਖੋਏ ਦੀਆਂ ਮਠਿਆਈਆਂ, ਲੱਡੂ,ਜਲੇਬੀਆਂ, ਨਮਕੀਨ ਤ੍ਰਿਆਰ ਬਰ ਤਿਆਰ ਮਿਲਦੇ ਹਨ।

100% Vegitarian

Special Rates for Gurdwara & Mandir



CONTACT : SATJINDER SAMRA
604-930-9099

E-mail : sanjhapunjabsweets@gmail.com | Website : www.sanjhapunjabsweets.com

1-B 12830 96 Ave, Surrey, BC V3V 6A8

# ਸੰਤਾਲੀ ਮੌਕੇ ਵੱਖਰਾ ਸਿੱਖ ਮੁਲਕ ਨਾ ਬਣ ਸਕਣ ਦੀ ਅਸਲੀਅਤ ਕੀ ਹੈ?

ਲਿਖਤ : ਗੁਰਪ੍ਰੀਤ ਸਿੰਘ ਮੰਡਿਆਣੀ

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

29. ਪੰਜਾਬ ਤੇ ਬੰਗਾਲ ਹੱਦਬੰਦੀ ਕਮਿਸ਼ਨ ਦੀ ਨਿਯੁਕਤੀ: ਮੁਲਕ ਦੇ ਵੰਡਾਰੇ ਦਾ ਆਖਰੀ ਮਰਹਲਾ ਹੱਦਬੰਦੀ ਕਮਿਸ਼ਨ ਦੀ ਕਾਇਮੀ ਸੀ। 3 ਜੂਨ ਪਲਾਨ ਮੁਤਾਬਕ ਇਨ੍ਹਾਂ ਦੋਵੇਂ ਸੂਬਿਆਂ ਦੀ ਵੰਡ ਸੂਬਾਈ ਵੰਡਾਰਾ ਕਮੇਟੀਆਂ ਨੇ ਮੋਟੇ ਤੌਰ 'ਤੇ ਕਰ ਲੈਣੀ ਸੀ। ਵਿਵਾਦ ਵਾਲੇ ਜ਼ਿਲ੍ਹਿਆਂ ਲਈ ਇਕ ਹੱਦਬੰਦੀ ਕਮਿਸ਼ਨ ਕਾਇਮ ਹੋਣਾ ਸੀ, ਜਿਸਦੇ ਫੈਸਲੇ ਨੂੰ ਮੰਨਣ ਲਈ ਦੋਵੇਂ ਧਿਰਾਂ ਨੇ ਲਿਖਤੀ ਬਚਨ ਦਿੱਤਾ ਸੀ। ਪੂਰਬੀ ਬੰਗਾਲ ਦੇ ਨਾਲ ਲੱਗਦੇ ਸੂਬੇ ਵਿਚ ਇਕ ਸਿਲਹਟ ਜ਼ਿਲ੍ਹਾ ਐਸਾ ਸੀ ਜੋ ਕਿ ਬੰਗਾਲੀ ਭਾਸ਼ੀ ਮੁਸਲਮਾਨਾਂ ਦਾ ਸੀ। ਇਸ ਬਾਰੇ ਫੈਸਲਾ ਹੋਇਆ ਸੀ ਕਿ ਇਥੇ ਰਾਇਸ਼ੁਮਾਰੀ ਕਰਾਈ ਜਾਵੇਗੀ, ਜਿਸ ਰਾਹੀਂ ਇਹ ਜ਼ਿਲ੍ਹਾ ਜਿਧਰ ਜਾਣਾ ਚਾਹੇਗਾ ਉਧਰ ਭੇਜ ਦਿੱਤਾ ਜਾਵੇਗਾ। ਰਾਇਸ਼ੁਮਾਰੀ ਪੂਰਬੀ ਬੰਗਾਲ ਦੇ ਹੱਕ ਵਿਚ ਨਿਕਲੀ ਇਸ ਕਰਕੇ ਇਹ ਪੂਰਬੀ ਬੰਗਾਲ ਦੇ ਨਾਲ ਨਾਲ ਹੀ ਪਾਕਿਸਤਾਨ ਵਿਚ ਚਲਿਆ ਗਿਆ। ਪੰਜਾਬ ਦੀ ਵੰਡਾਰਾ ਕਮੇਟੀ ਨੇ ਹੱਦਬੰਦੀ ਕਮਿਸ਼ਨ ਲਈ ਆਪਣੇ ਵਲੋਂ ਇਹ ਨਾਂਅ ਪੇਸ਼ ਕੀਤੇ ਜਿਨ੍ਹਾਂ ਵਿਚੋਂ ਜਸਟਿਸ ਦੀਨ ਮੁਹੰਮਦ ਅਤੇ ਜਸਟਿਸ ਮੁਹੰਮਦ ਮੁਨੀਰ ਪੱਛਮੀ ਪੰਜਾਬ ਵਲੋਂ ਸਨ। ਜਸਟਿਸ ਮੇਹਰ ਚੰਦ ਮਹਾਜਨ ਅਤੇ ਜਸਟਿਸ ਤੇਜਾ ਸਿੰਘ ਪੂਰਬੀ ਪੰਜਾਬ ਦੇ ਨੁਮਾਇੰਦਿਆਂ ਵਜੋਂ ਸਨ। ਇਸੇ ਤਰੀਕੇ ਨਾਲ ਬੰਗਾਲ ਦੀ ਵੰਡ ਲਈ ਵੱਖਰਾ ਹੱਦਬੰਦੀ ਕਮਿਸ਼ਨ ਕਾਇਮ ਹੋਇਆ।

30. ਹੱਦਬੰਦੀ ਕਮਿਸ਼ਨ ਦੇ ਚੇਅਰਮੈਨ ਦੀ ਨਿਯੁਕਤੀ: ਹੱਦਬੰਦੀ ਕਮਿਸ਼ਨ ਦੇ ਚੇਅਰਮੈਨ ਵਜੋਂ ਮੁਹੰਮਦ ਅਲੀ ਜਿਨਾਹ ਨੇ ਬ੍ਰਿਟਸ਼ ਬਾਰ ਕੌਂਸਲ ਦੇ ਵਾਇਸ ਚੇਅਰਮੈਨ ਸਰ ਸੀਰਿਲ ਰੈਡਕਲਿਫ ਦਾ ਨਾਂਅ ਪੇਸ਼ ਕੀਤਾ। ਜੋ ਕਿ ਬੰਗਾਲ ਅਤੇ ਪੰਜਾਬ ਦੇ ਹੱਦਬੰਦੀ ਕਮਿਸ਼ਨਾਂ ਦਾ ਸਾਂਝਾ ਚੇਅਰਮੈਨ ਹੋਣਾ ਸੀ। ਸੈਕਟਰੀ ਆਫ ਸਟੇਟ ਫਾਰ ਇੰਡੀਆ ਨੇ ਸਰ ਸੀਰਿਲ ਰੈਡਕਲਿਫ ਦੇ ਨਾਂ ਦੀ ਪ੍ਰੋੜ੍ਹਤਾ ਕੀਤੀ ਅਤੇ ਉਸ ਬਾਰੇ ਲਿਖਿਆ ਕਿ ਉਹ "ਇਕ ਬਹੁਤ ਹੀ ਈਮਾਨਦਾਰ, ਕਾਨੂੰਨ ਦੇ ਮਾਹਰ ਅਤੇ ਭਾਰੀ ਤਜਰਬਾ ਰੱਖਣ ਵਾਲੇ ਵਿਅਕਤੀ ਹਨ।" ਸਰ ਸੀਰਿਲ ਰੈਡਕਲਿਫ (ਜੋ ਬਾਅਦ ਵਿਚ ਲਾਰਡ ਰੈਡਕਲਿਫ ਹੋ ਗਏ) ਦੀ ਨਿਯੁਕਤੀ ਦੀ ਰਸਮੀ ਤਜਵੀਜ਼ ਲਾਰਡ ਮਾਊਂਟਬੈਟਨ ਨੇ 26 ਜੂਨ ਨੂੰ ਇਕ ਨੋਟ ਦੇ ਰੂਪ ਵਿਚ ਪੇਸ਼ ਕੀਤੀ, ਜਿਸ ਨੂੰ 27 ਜੂਨ 1947 ਨੂੰ ਕੇਂਦਰੀ ਬਟਵਾਰਾ ਕੌਂਸਲ ਦੀ ਪਹਿਲੀ ਮੀਟਿੰਗ ਵਿਚ ਸਰਬਸੰਮਤੀ ਨਾਲ ਮਨਜ਼ੂਰ ਕਰ ਲਿਆ ਗਿਆ। ਇਸ ਕੌਂਸਲ ਵਿਚ ਦੋਵੇਂ ਧਿਰਾਂ ਦੇ ਬਰਾਬਰ ਦੇ ਨੁਮਾਇੰਦੇ ਸਨ। ਕੇਂਦਰੀ ਵੰਡਾਰਾ ਕੌਂਸਲ ਨੇ ਹੀ ਫੈਸਲਾ ਕੀਤਾ ਕਿ ਕਮਿਸ਼ਨ ਦਾ ਚੇਅਰਮੈਨ ਅੰਗਰੇਜ਼ ਹੀ ਹੋਣਾ ਚਾਹੀਦਾ ਹੈ। ਇਹ ਦੇਖ ਕੇ ਕਿ ਕਮਿਸ਼ਨ ਦੇ ਮੁਸਲਮਾਨ ਅਤੇ ਗੈਰ ਮੁਸਲਮਾਨ ਮੈਂਬਰਾਂ ਦੀ ਗਿਣਤੀ ਇਕੋ ਜਿਹੀ ਹੋਣ ਕਰਕੇ ਆਖਰੀ ਫੈਸਲੇ ਦਾ ਅਖਤਿਆਰ ਚੇਅਰਮੈਨ ਕੋਲ ਹੋਵੇ। ਜਿਸ ਕਰਕੇ ਇੰਡੀਅਨ ਇੰਡੀਪੈਂਡਿਸ ਐਕਟ 1947 ਦੀ ਧਾਰਾ 4 ਵਿਚ ਤਰਮੀਮ ਕਰਕੇ ਇਹ ਗੱਲ ਬਕਾਇਦਾ ਦਰਜ ਕੀਤੀ ਗਈ। ਇਹ ਗੱਲ ਵੀ ਕੇਂਦਰੀ ਬਟਵਾਰਾ ਕੌਂਸਲ ਦੀ ਸਹਿਮਤੀ ਨਾਲ ਕੀਤੀ ਗਈ। 22 ਜੁਲਾਈ 1947 ਨੂੰ ਵਾਇਸਰਾਇ ਨੇ ਕੌਂਸਲ ਦੇ ਦੋਵਾਂ ਧਿਰਾਂ ਦੇ ਮੈਂਬਰਾਂ ਤੋਂ ਇਹ ਬਚਨ ਵੀ ਲਿਆ ਗਿਆ ਕਿ ਜੇ ਕਮਿਸ਼ਨ ਸਰਬਸੰਮਤੀ ਨਾਲ ਕੋਈ ਫੈਸਲਾ ਨਾ ਕਰ ਸਕਿਆ ਤਾਂ ਇਸਦਾ ਚੇਅਰਮੈਨ ਜੋ ਵੀ ਫੈਸਲਾ ਕਰੇਗਾ ਉਹ ਦੋਵਾਂ ਧਿਰਾਂ ਨੂੰ ਹਰ ਹਾਲਤ ਵਿਚ ਮਨਜ਼ੂਰ ਹੋਵੇਗਾ।

31. ਹੱਦਬੰਦੀ ਕਮਿਸ਼ਨ ਦੇ ਕੰਮ ਦਾ ਤਰੀਕਾ: ਕਮਿਸ਼ਨ ਨੇ ਹੱਦਬੰਦੀ ਕਰਨ ਦੇ ਆਮ ਲੋਕਾਂ ਅਤੇ ਸਿਆਸੀ ਧਿਰਾਂ ਦੇ ਲਾਹੌਰ ਰਹਿ ਕੇ ਵਿਚਾਰ ਸੁਣੇ। 31 ਜੁਲਾਈ 1947 ਮਗਰੋਂ ਕਮਿਸ਼ਨ ਸ਼ਿਮਲੇ ਚਲਾ ਗਿਆ। 3 ਅਗਸਤ 1947 ਨੂੰ ਜਸਟਿਸ ਮੇਹਰ ਚੰਦ ਮਹਾਜਨ ਨੇ ਆਪਣੀ ਰਿਪੋਰਟ ਪੇਸ਼ ਕੀਤੀ। 4 ਅਗਸਤ ਨੂੰ ਜਸਟਿਸ ਤੇਜਾ ਸਿੰਘ ਨੇ ਆਪਣੀ ਰਿਪੋਰਟ ਪੇਸ਼ ਕੀਤੀ। 5 ਅਗਸਤ ਨੂੰ ਜਸਟਿਸ ਦੀਨ ਮੁਹੰਮਦ ਅਤੇ 6 ਅਗਸਤ ਨੂੰ ਜਸਟਿਸ ਮੁਹੰਮਦ ਮੁਨੀਰ ਨੇ ਆਪਣੀ ਰਿਪੋਰਟ ਪੇਸ਼ ਕੀਤੀ। ਇਹ ਦੋਵੇਂ ਧਿਰਾਂ ਦੀਆਂ ਰਿਪੋਰਟਾਂ ਆਮ ਸਹਿਮਤੀ ਦੇ ਨੇੜੇ ਤੇੜੇ ਨਹੀਂ ਸਨ। ਕਮਿਸ਼ਨ ਦੀ ਆਖਰੀ ਮੀਟਿੰਗ ਸਰਵਿਸ ਕਲੱਬ ਸ਼ਿਮਲਾ ਵਿਖੇ ਹੋਈ। ਜਿਸ ਵਿਚ ਬੋਲਦਿਆਂ ਹੋਇਆਂ ਚੇਅਰਮੈਨ ਸਰ ਰੈਡਕਲਿਫ ਨੇ ਕਿਹਾ ਕਿ ਭਾਈ ਸਾਹਿਬ ਤੁਸੀਂ, ਹੱਦਬੰਦੀ 'ਤੇ ਆਪਸ ਵਿਚ ਕੋਈ ਸਹਿਮਤੀ ਨਹੀਂ ਬਣਾ ਸਕੇ ਜਿਸ ਕਰਕੇ ਮੇਰਾ ਇਹ ਫਰਜ਼ ਬਣਦਾ ਹੈ ਕਿ ਕਾਨੂੰਨ ਮੁਤਾਬਕ ਮਿਲੇ ਹੋਈ ਅਖਤਿਆਰਾਂ ਦੀ ਵਰਤੋਂ ਕਰਕੇ ਮੈਂ ਆਪਣਾ ਆਖਰੀ ਫੈਸਲਾ ਦੇਵਾਂ, ਜੋ ਕਿ ਮੈਂ ਬਾਅਦ ਵਿਚ ਦੇਵਾਂਗਾ।



32. ਹੱਦਬੰਦੀ ਕਮਿਸ਼ਨ ਦਾ ਫੈਸਲਾ: ਕਮਿਸ਼ਨ ਦੇ ਚੇਅਰਮੈਨ ਨੇ ਆਖਰੀ ਫੈਸਲੇ ਵਿਚ ਆਬਾਦੀ ਵਾਲੇ ਸਿਧਾਂਤ ਤੋਂ ਇਲਾਵਾ ਹੋਰ ਗੱਲਾਂ ਨੇ ਧਿਆਨ ਵਿਚ ਰੱਖਣ ਦੀ ਮਿਲੀ ਹਦਾਇਤ ਨੂੰ ਮੁੱਖ ਰੱਖਦਿਆਂ ਮਿਸਾਲ ਦੇ ਤੌਰ 'ਤੇ ਮੁਸਲਿਮ ਆਬਾਦੀ ਵਾਲੇ ਫਿਰੋਜ਼ਪੁਰ ਜ਼ਿਲ੍ਹੇ ਨੂੰ ਭਾਰਤ ਨੂੰ ਦਿੱਤਾ ਜਦਕਿ ਗੁਰਦਾਸਪੁਰ ਜ਼ਿਲ੍ਹੇ ਦੀ ਤਹਿਸੀਲ ਸ਼ੱਕਰਗੜ੍ਹ ਪਾਕਿਸਤਾਨ ਨੂੰ ਦਿੱਤੀ। ਇਸ ਨਾਲ ਹਰੀਕੇ ਅਤੇ ਹੁਸੈਨੀਵਾਲਾ ਹੈੱਡਵਰਕਸ ਹਿੰਦੁਸਤਾਨ ਨੂੰ ਮਿਲ ਸਕੇ। ਕਮਿਸ਼ਨ ਨੇ ਦਰਿਆਈ ਪਾਣੀਆਂ ਦੀ ਵੰਡ ਅਤੇ ਆਵਾਜਾਈ ਦੇ ਸਾਧਨਾਂ ਨੂੰ ਵੀ ਧਿਆਨ ਵਿਚ ਰੱਖਿਆ। ਹੱਦਬੰਦੀ ਦੇ ਕਮਿਸ਼ਨ ਦੇ ਫੈਸਲੇ ਦਾ ਐਲਾਨ ਹੋਣ ਸਾਰ ਹੀ ਪਾਕਿਸਤਾਨੀ ਧਿਰ ਨੇ ਇਸਦੀ ਤਿੱਖੀ ਨੁਕਤਾਚੀਨੀ ਕੀਤੀ ਜਿਸ ਵਿਚ ਫਿਰੋਜ਼ਪੁਰ ਅਤੇ ਗੁਰਦਾਸਪੁਰ ਮੁਸਲਮਾਨ ਬਹੁਗਿਣਤੀ ਵਾਲੇ ਜ਼ਿਲ੍ਹੇ ਹੋਣ ਦੇ ਬਾਵਜੂਦ ਵੀ ਭਾਰਤ ਨੂੰ ਦੇਣ ਦੀ ਗੱਲ ਸੀ। ਇਸੇ ਤਰ੍ਹਾਂ ਸਿੱਖਾਂ ਨੇ ਇਸ ਫੈਸਲੇ ਦੀ ਇਹ ਕਹਿਕੇ ਨੁਕਤਾਚੀਨੀ ਕੀਤੀ ਕਿ ਇਸ ਨਾਲ ਸਿੱਖਾਂ ਦੇ ਇਤਿਹਾਸਕ ਗੁਰਦੁਆਰੇ ਪਾਕਿਸਤਾਨ ਵਿਚ ਰਹਿ ਗਏ ਹਨ। ਵਾਇਸਰਾਇ ਲਾਰਡ ਮਾਊਂਟਬੈਟਨ ਇਸਦੇ ਜੁਆਬ ਵਿਚ ਕਿਹਾ ਕਿ ਫੈਸਲੇ ਨਾਲ ਦੋਵੇਂ ਧਿਰਾਂ ਦੀ ਬਰਾਬਰ ਸੰਤੁਸ਼ਟੀ ਤਾਂ ਸੰਭਵ ਨਹੀਂ ਸੀ ਪਰ ਕਿਉਂਕਿ ਦੋਵੇਂ ਧਿਰਾਂ ਬਰਾਬਰ ਦੀਆਂ ਅਸੰਤੁਸ਼ਟ ਨੇ ਇਸ ਕਰਕੇ ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਕਮਿਸ਼ਨ ਦਾ ਫੈਸਲਾ ਠੀਕ ਹੈ। ਵਾਇਸਰਾਏ ਨੇ ਆਪਣੇ ਵੱਲੋਂ ਕੋਈ ਅਜਿਹੀ ਗੱਲ ਨਹੀਂ ਕੀਤੀ, ਜਿਸ ਨਾਲ ਇਹ ਗੱਲ ਜਾਪਦੀ ਕਿ ਉਸ ਵੱਲੋਂ ਕਮਿਸ਼ਨ 'ਤੇ ਆਪਣੇ ਰਸੂਖ ਦੀ ਵਰਤੋਂ ਕੀਤੀ ਜਾ ਰਹੀ ਹੈ। ਪ੍ਰਸਿੱਧ ਇਤਿਹਾਸਕਾਰ ਡਾ.ਕਿਰਪਾਲ ਸਿੰਘ ਆਪਣੀ ਕਿਤਾਬ "ਪੰਜਾਬ ਦਾ ਬਟਵਾਰਾ" ਦੇ ਸਫ਼ਾ ਨੰ: 92 'ਤੇ ਲਿਖਦੇ ਹਨ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਮਿਲਦਾ ਕਿ ਵਾਇਸਰਾਏ ਨੇ ਹੱਦਬੰਦੀ ਕਮਿਸ਼ਨ ਦੇ ਕਾਰਜ-ਸੰਚਾਲਨ ਵਿੱਚ ਕੋਈ ਦਖ਼ਲ ਦਿੱਤਾ ਹੋਵੇ। ਇਸ ਦੇ ਉਲਟ ਏਲਨ ਕੈਂਪਬੈਲ ਜਾਹਨਸਨ ਲਿਖਦਾ ਹੈ, "ਮਾਊਂਟਬੈਟਨ ਨੇ ਸ਼ੁਰੂ ਵਿੱਚ ਹੀ ਆਪਣੇ ਅਮਲੇ ਨੂੰ ਬਹੁਤ ਹੀ ਸਪੱਸ਼ਟ ਹਦਾਇਤਾਂ ਦੇ ਦਿੱਤੀਆਂ ਸਨ ਕਿ ਉਹ ਉਸ ਸਮੇਂ ਲਈ ਰੈਡਕਲਿਫ ਨਾਲ ਕਿਸੇ ਪ੍ਰਕਾਰ ਦਾ ਵੀ ਕੋਈ ਸੰਬੰਧ ਨਾ ਰੱਖਣ, ਜਦੋਂ ਤੱਕ ਕਿ ਉਹ ਹੱਦਬੰਦੀ ਦੇ ਔਕੜਪੂਰਨ ਅਤੇ ਨਾਜ਼ੁਕ ਕਾਰਜ ਵਿੱਚ ਰੁਝਿਆ ਰਹੇ ਅਤੇ ਉਹ ਆਪ ਵੀ ਉਸ ਨੂੰ ਪਹਿਲੀ ਵਾਰ-ਜੀ ਆਇਆ ਆਖਣ ਤੋਂ ਉਪਰੰਤ ਉਸ ਤੋਂ ਦੂਰ ਹੀ ਰਿਹਾ। ਇਸੇ ਪ੍ਰਕਾਰ ਬਰੈਸ਼ਰ ਲਿਖਦਾ ਹੈ, "ਲੇਖਕ ਨੂੰ ਕਈ ਵਿਅਕਤੀਆਂ ਨੇ ਦੱਸਿਆ ਕਿ ਕਮਿਸ਼ਨ ਦੇ ਸਮੁੱਚੇ ਸਮੇਂ ਦੌਰਾਨ ਮਾਊਂਟਬੈਟਨ ਅਤੇ ਰੈਡਕਲਿਫ਼ ਵਿਚਕਾਰ ਕੋਈ ਪੱਤਰ-ਵਿਵਹਾਰ ਨਹੀਂ ਹੋਇਆ। ਅਕਾਲੀ ਨੇਤਾ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਨੇ ਲੇਖਕ ਨੂੰ ਦੱਸਿਆ ਕਿ ਸਿੱਖਾਂ ਦੇ ਹੱਕ ਵਿੱਚ ਮੇਜਰ ਸ਼ਰਟ ਦੀ ਦਲੀਲਬਾਜ਼ੀ ਕਾਰਣ ਹੀ ਹੱਦਬੰਦੀ ਫੈਸਲਾ ਭਾਰਤ ਲਈ ਲਾਹੇਵੰਦ ਰਿਹਾ। ਇਹ ਗੱਲ ਸਹੀ ਪ੍ਰਤੀਤ ਨਹੀਂ ਹੁੰਦੀ ਕਿਉਂਕਿ ਮੇਜਰ ਸ਼ਾਰਟ ਕਿਸ਼ੇ ਉੱਚ ਪੱਦਵੀ 'ਤੇ ਨਿਯੁਕਤ ਨਹੀਂ ਸੀ ਜੋ ਕਿ ਅਜਿਹੀਆਂ ਘਟਨਾਵਾਂ ਤੇ ਅੰਸਰ ਅੰਦਾਜ਼ ਹੋ ਸਕਦਾ। ਇਹ ਗੱ ਲ ਉਸਨੇ ਲੇਖਕ ਨਾਲ ਗੱਲਬਾਤ ਦੇ ਦੌਰਾਨ ਆਪ ਮੰਨੀ ਹੈ। ਜੁਲਾਈ 1947 ਦੇ ਤੀਜੇ ਸਪਤਾਹ ਵਿੱਚ ਉਸ ਨੂੰ ਲਾਰਡ ਮਾਊਂਟਬੈਟਨ ਦੇ ਚੀਫ਼ ਆਫ਼ ਦੀ ਸਟਾਫ਼ ਲਾਰਡ ਇਸਮੇ ਦਾ ਪੀ.ਏ ਨਿਯੁਕਤ ਕੀਤਾ ਗਿਆ ਸੀ।

33. ਵੰਡ ਦੀ ਲਕੀਰ ਦਾ ਐਲਾਨ 17 ਅਗਸਤ ਨੂੰ ਹੋਇਆ: ਇਹ ਬੜੀ ਦਿਲਚਸਪ ਗੱਲ ਹੈ ਕਿ ਪਾਕਿਸਤਾਨ 14 ਅਗਸਤ ਨੂੰ ਆਜ਼ਾਦ ਹੋਇਆ ਅਤੇ ਭਾਰਤ 15 ਅਗਸਤ ਨੂੰ ਪਰ ਪੰਜਾਬ ਦੀ ਵੰਡ ਵਾਲੀ ਲਕੀਰ 17 ਅਗਸਤ ਨੂੰ ਖਿੱਚੀ ਗਈ। ਇਸ ਬਾਰੇ ਸਿਆਸੀ ਆਗੂਆਂ ਨੂੰ ਤਾਂ ਭਾਵੇਂ 16 ਅਗਸਤ ਸ਼ਾਮ ਨੂੰ ਦਸ ਦਿੱਤਾ ਗਿਆ ਸੀ ਪਰ ਇਸਦਾ ਰਸਮੀ ਐਲਾਨ 17 ਅਗਸਤ ਨੂੰ ਕੀਤਾ ਗਿਆ। ਇਸਦੇ ਦੋ ਕਾਰਨ ਸਨ। ਪਹਿਲਾ ਇਹ ਸੀ ਕਿ ਅੰਗਰੇਜ਼ ਸਰਕਾਰ ਇਸ ਗੱਲੋਂ ਡਰਦੀ ਸੀ ਕਿ ਇਹ ਨਾ ਹੋਵੇ ਕਿ ਵੰਡਾਰਾ ਕਮਿਸ਼ਨ ਦੇ ਫੈਸਲੇ ਨੂੰ ਲੈ ਕੇ ਰੌਲਾ ਐਨਾ ਵਧ ਜਾਵੇ ਕਿ ਦੋਵਾਂ ਮੁਲਕਾਂ ਨੂੰ ਆਜ਼ਾਦੀ ਦੇਣ ਦੀ ਧਰੀ-ਧਰਾਈ ਸਕੀਮ ਵਿਚੇ ਰਹਿ ਜਾਵੇ। ਦੂਜਾ ਕਾਰਨ ਇਹ ਸੀ ਕਿ ਕਮਿਸ਼ਨ ਦੇ ਫੈਸਲੇ ਨਾਲ ਦੋਵਾਂ ਧਿਰਾਂ ਦਾ ਮਨ ਖਰਾਬ ਹੋਣਾ ਹੈ ਜਿਸ ਕਰਕੇ ਇਨ੍ਹਾਂ ਦੇ 14 ਅਤੇ 15 ਅਗਸਤ ਨੂੰ ਹੋਣ ਵਾਲੇ ਆਜ਼ਾਦੀ ਦੇ ਜਸ਼ਨਾਂ ਵਿਚ ਕਿਰਕ ਨਾ ਪਵੇ। ਸੋ ਇਵੇਂ ਹੋਇਆ ਭਾਰਤ ਦਾ ਵੰਡਾਰਾ।

ਦੇਸ਼ ਦੇ ਆਮ ਲੋਕਾਂ ਨੂੰ ਇਓਂ ਜਾਪਦਾ ਹੈ ਕਿ ਅੰਗਰੇਜ਼ ਇਥੋਂ ਜਾਣ ਮੌਕੇ ਚੁੱਪ-ਚਾਪ ਦੇਸ਼ ਦੀ ਵੰਡੀ ਕਰਕੇ ਤੁਰਦੇ ਬਣੇ।ਇਸ ਗੱਲ ਵਿਚ ਅੰਗਰੇਜ਼ਾਂ ਦਾ ਪੱਖ ਦੱਸਣ ਵਾਲੀ ਕੋਈ ਧਿਰ ਭਾਰਤ ਵਿਚ ਮੌਜੂਦ ਨਾ ਹੋਣ ਕਰਕੇ ਅੰਗਰੇਜ਼ਾਂ ਸਿਰ ਵੰਡ ਦਾ ਦੋਸ਼ ਪੱਕੇ ਪੈਰੀਂ ਹੁੰਦਾ ਗਿਆ।

34. ਵੰਡਾਰੇ ਦੇ ਕਤਲੇਆਮ ਦੀ ਜ਼ੁੰਮੇਵਾਰੀ ਕਿਸ 'ਤੇ ?: ਦੋਵੇਂ ਮੁਲਕਾਂ ਦੀ ਆਜ਼ਾਦੀ ਤੋਂ ਬਾਅਦ ਲਗਭਗ ਸਵਾ ਇੱਕ ਕਰੋੜ ਲੋਕ ਬੇਘਰ ਹੋਏ। ਸ਼੍ਰੀ ਜੀ.ਡੀ ਖੋਸਲਾ ਆਪਣੀ ਕਿਤਾਬ ਸਟਰਨ ਰੈਕਲਿੰਗ ਦੇ ਪੰਨਾ ਨੰ: 299 'ਤੇ ਲਿਖਦੇ ਹਨ ਕਿ ਇਸ ਮੌਕੇ ਲਗਭਗ 5 ਲੱਖ ਲੋਕ ਕਤਲ ਹੋਏ ਜਿਨ੍ਹਾਂ ਵਿੱਚ ਮੁਸਲਮਾਨਾਂ ਅਤੇ ਹਿੰਦੂ-ਸਿੱਖਾਂ ਦੀ ਗਿਣਤੀ ਲਗਭਗ ਬਰਾਬਰ ਸੀ। ਮਾਈਕਲ ਐਡਵਰਜ਼ ਆਪਣੀ ਕਿਤਾਬ ਲਾਸਟ ਈਅਰਜ਼ ਆਫ਼ ਬ੍ਰਿਟਸ਼ ਇੰਡੀਆ ਦੇ ਪੰਨਾ ਨੰਬਰ 233 'ਤੇ 6 ਲੱਖ ਲੋਕਾਂ ਦਾ ਕਤਲੇਆਮ ਹੋਇਆ ਲਿਖਦੇ ਹਨ। ਲੱਖਾਂ ਦੀ ਔਰਤਾਂ ਦੀ ਇੱਜ਼ਤ ਰੁਲੀ।ਇਸਦੀ ਜ਼ੁੰਮੇਵਾਰੀ ਅੱਜ ਤੱਕ ਤੈਅ ਨਹੀਂ ਹੋਈ। ਇਸਨੂੰ ਸਿਰਫ ਦੰਗਾਈਆਂ ਜ਼ੁੰਮੇ ਮੜ੍ਹ ਕੇ ਗੱਲ ਮੁਕਾ ਦਿੱਤੀ ਜਾਂਦੀ ਹੈ। 11 ਮਈ 1947 ਨੂੰ ਵਾਇਸਰਾਏ ਲਾਰਡ ਮਾਊਂਟਬੈਟਨ ਵੱਲੋਂ ਸੱਦੀ ਗਈ ਮੀਟਿੰਗ ਵਿੱਚ ਲਾਰਡ ਨੇ ਪੰਜਾਬ ਦੇ ਗਵਰਨਰ ਜੈਨਕਿਨਜ਼ ਤੋਂ ਪੁੱਛਿਆ "ਕੀ ਇਹ ਵਿਚਾਰਿਆ ਜਾ ਸਕਦਾ ਹੈ ਕਿ ਕਿਸੇ ਵੱਡੇ ਪੱਧਰ 'ਤੇ ਆਬਾਦੀ ਦੇ ਤਬਾਦਲੇ ਦੇ ਪ੍ਰਬੰਧ ਦੀ ਆਸ ਕੀਤੀ ਜਾਏ?" ਜੈਨਕਿਨਜ਼ ਨੇ ਉੱਤਰ ਦਿੱਤਾ, "ਉਸ ਦਾ ਵਿਚਾਰ ਹੈ ਨਹੀਂ।" ਉੱਥੇ ਹਾਜ਼ਰ ਪੰਡਿਤ ਨਹਿਰੂ ਚੁੱਪ ਰਹੇ। ਜਦੋਂ ਗਿਆਨੀ ਕਰਤਾਰ ਸਿੰਘ ਨੂੰ ਲਾਰਡ ਮਾਊਂਟਬੈਟਨ ਨੂੰ ਆਬਾਦੀ ਦੇ ਤਬਾਦਲੇ ਦੀ ਮੰਗ ਨੂੰ ਚਿੱਠੀ ਦੇ ਰੂਪ ਵਿੱਚ ਲਿਖ ਕੇ ਦਿੱਤਾ ਤਾਂ ਉਸਨੇ ਉਹ ਚਿੱਠੀ ਪੰਡਿਤ ਨਹਿਰੂ ਅਤੇ ਮਿਸਟਰ ਜਿਨਾਹ ਨੂੰ ਭੇਜ ਦਿੱਤੀ। ਮਿਸਟਰ ਜਿਨਾਹ ਨੇ ਕੋਈ ਉੱਤਰ ਨਾ ਦਿੱਤਾ, ਪਰ ਪੰਡਿਤ ਨਹਿਰੂ ਨੇ ਬੜਾ ਟਾਲੂ ਜਿਹਾ ਉੱਤਰ ਦਿੰਦਿਆ 7 ਜੁਲਾਈ 1947 ਨੂੰ ਲਿਖਿਆ, 'ਆਬਾਦੀ ਦੇ ਤਬਾਦਲੇ ਦਾ ਮਸਲਾ ਤੁਰੰਤ ਵਾਲਾ ਨਹੀਂ।' ਕਿਉਂਕਿ ਸਰਕਾਰ ਵੰਡਾਰੇ ਦੇ ਮਾਮਲੇ 'ਚ ਦੋ ਪ੍ਰਮੁੱਖ ਧਿਰਾਂ ਕਾਂਗਰਸ ਅਤੇ ਮੁਸਲਿਮ ਲੀਗ ਤੋਂ ਹੀ ਪੁੱਛ ਕੇ ਗੱਲ ਕਰਦੀ ਸੀ। ਜਦੋਂ ਕਿ ਦੋਵੇਂ ਧਿਰਾਂ ਆਬਾਦੀ ਦੇ ਤਬਾਦਲੇ ਤੋਂ ਪੈਦਾ ਹੋਣਾ ਵਾਲੀਆਂ ਸੱਮਸਿਆਵਾਂ ਨੂੰ ਕੋਈ ਤਵੱਜੋ ਨਹੀਂ ਸਨ ਦਿੰਦੀਆਂ। ਇੱਥੇ ਜ਼ਿਕਰਯੋਗ ਹੈ ਕਿ ਜਿਹੜੇ ਕਤਲੇਆਮ ਹੋਏ ਉਹ ਸਾਰੇ ਪਾਕਿਸਤਾਨ ਅਤੇ ਹਿੰਦੁਸਤਾਨ ਦੇ ਆਜ਼ਾਦ ਅਤੇ ਖ਼ੁਦਮੁਖ਼ਤਿਆਰ ਸਰਕਾਰਾਂ ਦੇ ਦੌਰ 'ਚ ਹੋਏ। 15 ਅਗਸਤ 1947 ਤੋਂ ਪਹਿਲਾਂ ਕਿਸੇ ਰੌਲੇ ਰੱਪੇ ਨੂੰ ਕਾਬੂ ਕਰਨ ਖ਼ਾਤਿਰ ਫੌਜ ਨੂੰ ਬਕਾਇਦਾ ਤਿਆਰ ਰੱਖਿਆ ਹੋਇਆ ਸੀ। ਵਾਇਸਰਾਏ ਨੇ ਫੌਜਾਂ ਦੇ ਕਮਾਂਡਰ ਇਨ ਚੀਫ਼ ਨੂੰ ਇਹ ਤਿਆਰੀ ਕਰਨ ਲਈ 10 ਜੁਲਾਈ 1947 ਨੂੰ ਲਿਖਿਆ। ਚੀਫ਼ ਕਮਾਂਡਰ ਨੇ ਇਸ 'ਤੇ ਅਮਲ ਕਰਦਿਆ ਹੇਠਲੇ ਕਮਾਂਡਰਾਂ ਨੂੰ ਬਕਾਇਦਾ ਨਿਯੁਕਤੀਆਂ ਕਰਕੇ ਉਨ੍ਹਾਂ ਦੇ ਖੇਤਰ ਵੀ ਵੰਡ ਦਿੱਤੇ ਅਤੇ ਇਹ ਵੀ ਕਿਹਾ ਗਿਆ ਕਿ ਉਹ ਵੱਧ ਤੋਂ ਵੱਧ 8 ਅਗਸਤ ਤੱਕ ਇੰਨ੍ਹਾਂ ਖੇਤਰਾਂ ਵਿੱਚ ਆਪਣੀਆਂ ਫੌਜਾਂ ਤਾਇਨਾਤ ਕਰ ਦੇਣ। ਲਾਹੌਰ, ਅੰਮ੍ਰਿਤਸਰ, ਜਲੰਧਰ ਅਤੇ ਮੁਲਤਾਨ ਵਿੱਚ ਟੈਂਕਾਂ ਅਤੇ ਤੋਪਖਾਨਿਆਂ ਵਾਲੀਆਂ ਭਾਰੀਆਂ ਫੌਜਾਂ ਰੱਖੀਆਂ ਗਈਆਂ। ਫਿਰੋਜ਼ਪੁਰ, ਲੈਲਪੁਰ ਅਤੇ ਹੋਰ ਅਹਿਮ ਸ਼ਹਿਰਾਂ ਵਿੱਚ ਫੌਜਾਂ ਨੂੰ ਤਿਆਰ-ਬਰ-ਤਿਆਰ ਰੱਖਿਆ ਗਿਆ। ਇੰਨ੍ਹਾਂ ਵਿੱਚ ਤੋਪ ਖਾਨੇ ਦੀਆਂ 6 ਰੈਜਮੈਂਟਾਂ, ਇਨਫੈਨਟਰੀ ਦੀਆਂ 27 ਬਟਾਲੀਅਨ ਤੋਂ ਇਲਾਵਾ ਇੰਜਨੀਅਰਿੰਗ ਸਿਗਨਲ, ਮੈਡੀਕਲ, ਟ੍ਰਾਂਸਪੋਰਟ ਅਤੇ ਸਪਲਾਈ ਯੂਨਿਟਾਂ ਸ਼ਾਮਲ ਸਨ। ਗਵਰਨਰ ਪੰਜਾਬ ਨੇ ਅਮਨ ਕਾਇਮ ਰੱਖਣ ਖ਼ਾਤਰ ਇੱਕ ਸੁਰੱਖਿਆ ਕੌਂਸਲ ਕਾਇਮ ਕੀਤੀ, ਜਿਸ ਵਿੱਚ ਪੰਜਾਬ ਵਿਧਾਨ ਸਭਾ ਦੀਆਂ ਤਿੰਨੋਂ ਪਾਰਟੀਆਂ ਦੇ ਪ੍ਰਧਾਨ ਨਵਾਬ ਇਫ਼ਤਿਖਾਰ ਹੁਸੈਨ ਮਮਦੋਟ ਮੁਸਲਿਮ ਲੀਗ ਵੱਲੋਂ, ਕਾਂਗਰਸ ਪਾਰਟੀ ਦੇ ਸ਼੍ਰੀ ਭੀਮ ਸੈਨ ਸੱਚਰ ਅਤੇ ਅਕਾਲੀ ਵਿਧਾਇਕ ਦਲ ਦੇ ਨੇਤਾ ਸ. ਸਵਰਨ ਸਿੰਘ ਸ਼ਾਮਲ ਸਨ। ਇਸ ਕੌਂਸਲ ਨੇ ਰੋਜ਼ਾਨਾ ਮੀਟਿੰਗ ਕਰਕੇ ਅਮਨ-ਕਾਨੂੰਨ ਦੀ ਹਾਲਾਤ 'ਤੇ ਗੌਰ ਕਰਨਾ ਸੀ। ਪਰ 15 ਅਗਸਤ ਤੋਂ ਬਾਅਦ ਇਹ ਕੌਂਸਲ ਕੰਮ ਨਾ ਕਰ ਸਕੀ। ਇਸੇ ਕਰਕੇ 15 ਅਗਸਤ ਤੋਂ ਪਹਿਲਾ ਪੰਜਾਬ ਵਿੱਚ ਸ਼ਾਂਤੀ ਰਹੀ। ਮਾਰ-ਕਾਟ ਦੇ ਸ਼ੁਰੂ ਹੋਣ ਮੌਕੇ ਪਾਕਿਸਤਾਨ ਅਤੇ ਭਾਰਤ ਦੀਆਂ ਸਰਕਾਰਾਂ ਨੇ ਦੰਗਾਈਆਂ ਨੂੰ ਕੁਝ ਨਹੀਂ ਕਿਹਾ, ਜਿਸ ਕਰਕੇ ਜਣਾ-ਖਣਾ ਬਦਮਾਸ਼ ਉੱਠ ਕੇ ਲੁੱਟਮਾਰ ਅਤੇ ਕਤਲੇਆਮ ਦੇ ਰਾਹ ਪੈ ਗਿਆ। ਜਿਸ ਕਰਕੇ ਪਾਕਿਸਤਾਨ ਵਿਚਲੇ ਹਿੰਦੂ-ਸਿੱਖ ਆਪਣੀ ਜਾਨ ਅਤੇ ਇੱਜ਼ਤ ਬਚਾਉਣ ਖ਼ਾਤਰ ਭਾਰਤੀ ਖੇਤਰ ਵੱਲ ਨੂੰ ਭੱਜ ਪਏ, ਇਸੇ ਤਰ੍ਹਾਂ ਭਾਰਤੀ ਪੰਜਾਬ ਵਿਚਲੇ ਮੁਸਲਮਾਨ ਪਾਕਿਸਤਾਨ ਵੱਲ ਨੂੰ ਭੱਜਣ ਲੱਗੇ। ਦੰਗਾਈਆਂ ਨੂੰ ਸਰਕਾਰੀ ਹੱਲ੍ਹਾਸ਼ੇਰੀ ਤੇ ਹੋਰ ਬਹੁਤ ਸਾਰੇ ਸਬੂਤਾਂ ਤੋਂ ਇਲਾਵਾ ਇੱਕ ਹੋਰ ਸਬੂਤ ਇਹ ਹੈ ਕਿ ਪੂਰਬੀ ਪੰਜਾਬ ਵਿੱਚ ਦੋ ਮੁਸਲਮਾਨ ਰਿਆਸਤਾਂ ਮਲੇਰਕੋਟਲਾ ਅਤੇ ਪਟੌਦੀ (ਹੁਣ ਜ਼ਿਲ੍ਹਾ ਫਰੀਦਾਬਾਦ) ਸਨ। ਉਸ ਵੇਲੇ ਇਹ ਭਾਰਤ ਦੀ ਸਰਕਾਰ ਤੋਂ ਬਾਹਰਲੇ ਇੱਕ ਛੋਟੇ ਮੁਲਕ ਸਨ। ਚੁਫ਼ੇਰਿਓਂ ਪੰਜਾਬ 'ਚ ਘਿਰੇ ਹੋਣ ਦੇ ਬਾਵਜੂਦ ਵੀ ਇੱਥੇ ਕੋਈ ਦੰਗਾ ਜਾਂ ਕਤਲੇਆਮ ਨਹੀਂ ਹੋਇਆ, ਬਲਕਿ ਪੰਜਾਬ ਦੇ ਮੁਸਲਮਾਨਾਂ ਨੇ ਇੱਥੇ ਜਾ ਕੇ ਪਨਾਹ ਲਈ। ਸੋ ਇਸ ਗੱਲ ਦਾ ਦੋਸ਼ ਅੰਗਰੇਜ਼ਾਂ 'ਤੇ ਦੇਣਾ ਗਲਤ ਹੈ ਕਿ ਉਹ ਦੰਗਿਆਂ ਦਾ ਪਹਿਲਾਂ ਕੋਈ ਇੰਤਜ਼ਾਮ ਕਿਉਂ ਨਹੀਂ ਕਰਕੇ ਗਏ। ਇਸਦੀ ਜ਼ੁੰਮੇਵਾਰੀ ਕਾਂਗਰਸ ਅਤੇ ਮੁਸਲਿਮ ਲੀਗ ਦੀ ਲੀਡਰਸ਼ਿਪ 'ਤੇ ਆਉਂਦੀ ਹੈ। ਮਦਰਾਸ ਤੋਂ ਛਪਦੇ 'ਦਾ ਹਿੰਦੂ' ਅਖ਼ਬਾਰ ਨੂੰ 4 ਸਤੰਬਰ 1947 ਨੂੰ ਛਪੀ ਇੱਕ ਖ਼ਬਰ ਵਿੱਚ ਇਸ ਗੱਲ ਦੀ ਵਜਾਹਤ ਹੁੰਦੀ ਹੈ। ਅਖ਼ਬਾਰ ਲਿਖਦਾ ਹੈ ਕਿ, ਜ਼ਿਲ੍ਹਾ ਸ਼ੇਖੂਪੁਰਾ ਦੀ ਇਕ ਅਨਪੜ੍ਹ ਸਿੱਖ ਔਰਤ ਨੇ ਸੜਕ 'ਤੇ ਪੈਦਲ ਚਲ ਰਹੇ ਕਾਫ਼ਲੇ ਨੂੰ ਵੇਖ ਰਹੇ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਇਹ ਸ਼ਬਦ ਬਿਲਕੁਲ ਠੀਕ ਆਖੇ ਸਨ, "ਜੇ ਤੁਸੀਂ ਦੇਸ਼ ਦਾ ਬਟਵਾਰਾ ਕਰਨਾ ਚਾਹੁੰਦੇ ਸੀ ਤਾਂ ਤੁਸੀਂ ਪਹਿਲਾਂ ਆਬਾਦੀ ਦੇ ਤਬਾਦਲੇ ਦਾ ਪ੍ਰਬੰਧ ਕਿਉਂ ਨਾ ਕੀਤਾ? ਦੇਖੋ, ਸਾਡੇ ਸਾਰਿਆਂ ਤੇ ਕਿੰਨੀ ਮੁਸੀਬਤ ਆ ਪਈ ਹੈ।

# ਟਰੰਪ ਦਾ ਦਾਅਵਾ, ਜੇਕਰ ਉਹ ਰਾਸ਼ਟਰਪਤੀ ਬਣੇ ਤਾਂ ਰੋਕ ਦੇਣਗੇ ਰੂਸ-ਯੂਕ੍ਰੇਨ ਯੁੱਧ



ਵਾਸ਼ਿੰਗਟਨ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਯੂਕ੍ਰੇਨ ਦੀ ਸਥਿਤੀ 'ਤੇ ਨਿਰਾਸ਼ਾ ਜ਼ਾਹਰ ਕਰਦੇ ਹੋਏ ਕਿਹਾ ਕਿ ਇਸ ਦੇ ਲੋਕ 'ਮਰ ਚੁੱਕੇ' ਹਨ ਅਤੇ ਦੇਸ਼ 'ਖ਼ਤਮ' ਹੋ ਚੁੱਕਾ ਹੈ। ਟਰੰਪ ਨੇ ਕਿਹਾ ਕਿ ਫਰਵਰੀ 2022 ਵਿਚ ਰੂਸ ਦੇ ਹਮਲੇ ਤੋਂ ਪਹਿਲਾਂ ਯੂਕ੍ਰੇਨ ਨੂੰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਗੱਲ ਕਰਨੀ ਚਾਹੀਦੀ ਸੀ।ਉਸ ਨੇ ਕਿਹਾ,"ਭਾਵੇਂ ਇੱਕ ਬਹੁਤ ਮਾੜਾ ਸਮਝੌਤਾ ਵੀ ਹੋਇਆ ਹੁੰਦਾ ਤਾਂ ਇਹ ਅੱਜ ਦੀ ਸਥਿਤੀ ਨਾਲੋਂ ਬਿਹਤਰ ਹੁੰਦਾ।"

ਉਨ੍ਹਾਂ ਦੇ ਇਨ੍ਹਾਂ ਬਿਆਨਾਂ ਤੋਂ ਇਹ ਸਵਾਲ ਵੀ ਪੈਦਾ ਹੁੰਦਾ ਹੈ ਕਿ ਜੇਕਰ ਸਾਬਕਾ ਰਾਸ਼ਟਰਪਤੀ ਮੁੜ ਚੁਣਿਆ ਜਾਂਦਾ ਹੈ ਤਾਂ ਉਹ ਉਸ ਦੇਸ਼ (ਯੂਕ੍ਰੇਨ) ਦੇ ਭਵਿੱਖ ਬਾਰੇ ਗੱਲਬਾਤ ਵਿੱਚ ਕਿੰਨੀ ਰਿਆਇਤ ਦੇਣ ਲਈ ਤਿਆਰ ਹੋਵੇਗਾ। ਲੰਬੇ ਸਮੇਂ ਤੋਂ ਯੂਕ੍ਰੇਨ ਨੂੰ ਅਮਰੀਕੀ ਸਹਾਇਤਾ ਦੀ ਆਲੋਚਨਾ ਕਰਨ ਵਾਲੇ ਟਰੰਪ ਨੇ ਅਕਸਰ ਦਾਅਵਾ ਕੀਤਾ ਹੈ ਕਿ ਜੇਕਰ ਉਹ ਰਾਸ਼ਟਰਪਤੀ ਹੁੰਦੇ ਤਾਂ ਰੂਸ ਕਦੇ ਵੀ ਹਮਲਾ ਨਾ ਕਰਦਾ। ਉਹ ਇਹ ਵੀ ਦਾਅਵਾ ਕਰਦੇ ਰਹੇ ਹਨ ਕਿ ਜੇਕਰ ਉਹ ਦੁਬਾਰਾ ਰਾਸ਼ਟਰਪਤੀ ਬਣਦੇ ਹਨ ਤਾਂ ਉਹ ਜੰਗ ਨੂੰ ਰੋਕ ਦੇਣਗੇ। ਪਰ ਉਹ ਇਸ ਵਿਸ਼ੇ 'ਤੇ ਆਪਣੇ ਵਿਚਾਰ ਕਦੇ ਹੀ ਵਿਸਥਾਰ ਨਾਲ ਪ੍ਰਗਟ ਕਰਦੇ ਹਨ।

ਸਾਬਕਾ ਰਾਸ਼ਟਰਪਤੀ ਨੇ ਉੱਤਰੀ ਕੈਰੋਲੀਨਾ ਵਿਚ ਇੱਕ ਸਮਾਗਮ ਵਿੱਚ ਕਿਹਾ ਕਿ ਕੀਵ ਤੋਂ ਬਾਹਰ ਯੂਕ੍ਰੇਨ ਦਾ ਜਿਆਦਾਤਰ ਹਿੱਸਾ ਖੰਡਰ ਵਿੱਚ ਬਦਲ ਗਿਆ ਹੈ। ਟਰੰਪ ਨੇ ਕਿਹਾ ਕਿ ਯੂਕ੍ਰੇਨ ਵਿੱਚ ਸੈਨਿਕਾਂ ਦੀ ਕਮੀ ਹੈ ਅਤੇ ਉੱਥੇ ਦੀ ਆਬਾਦੀ ਜੰਗ ਵਿੱਚ ਹੋਣ ਵਾਲੀਆਂ ਮੌਤਾਂ ਅਤੇ ਲੋਕਾਂ ਦੇ ਗੁਆਂਢੀ ਦੇਸ਼ਾਂ ਵਿੱਚ ਜਾਣ ਕਾਰਨ ਘੱਟ ਰਹੀ ਹੈ। ਉਸਨੇ ਸਵਾਲ ਕੀਤਾ ਕਿ ਕੀ ਦੇਸ਼ ਕੋਲ ਜੰਗ ਨੂੰ ਖ਼ਤਮ ਕਰਨ ਲਈ ਗੱਲਬਾਤ ਕਰਨ ਦੀ ਕੋਈ ਥਾਂ ਹੈ। ਟਰੰਪ ਨੇ ਕਿਹਾ, "ਕੋਈ ਵੀ ਸੌਦਾ , ਜੇਕਰ ਇਸ ਤੋਂ ਵੀ ਮਾੜਾ ਸੌਦਾ ਹੋਇਆ ਹੁੰਦਾ ਤਾਂ ਇਸ ਸਥਿਤੀ ਤੋਂ ਬਿਹਤਰ ਹੁੰਦਾ ਜੋ ਸਾਡੇ ਸਾਹਮਣੇ ਹੈ।" ਸਾਬਕਾ ਰਾਸ਼ਟਰਪਤੀ ਨੇ ਕਿਹਾ, "ਜੇਕਰ ਉਨ੍ਹਾਂ ਨੇ ਕੋਈ ਮਾੜਾ ਸੌਦਾ ਕੀਤਾ ਹੁੰਦਾ ਤਾਂ ਇਹ ਇਸ ਨਾਲੋਂ ਕਿਤੇ ਵਧੀਆ ਹੁੰਦਾ। ਜੇਕਰ ਉਹ ਥੋੜ੍ਹੀ ਜਿਹੀ ਕੁਰਬਾਨੀ ਕਰਦੇ ਤਾਂ ਕਈ ਜਾਨਾਂ ਬਚ ਸਕਦੀਆਂ ਸਨ।" ਸਾਬਕਾ ਰਾਸ਼ਟਰਪਤੀ ਨੇ ਕਿਹਾ, "ਅਸੀਂ ਹੁਣ ਕੀ ਸਮਝੌਤਾ ਕਰ ਸਕਦੇ ਹਾਂ? ਇਹ (ਯੂਕ੍ਰੇਨ) ਖ਼ਤਮ ਹੋ ਗਿਆ ਹੈ। ਦੇਸ਼ ਤਬਾਹ ਹੋ ਗਿਆ ਹੈ।"

# ਸ਼ਿਕਾਗੋ ਯੂਨੀਵਰਸਿਟੀ ਦੇ ਸਰਵੇਖਣ ਵਿੱਚ ਡੈਮੋਕਰੈਟਿਕ ਉਮੀਦਵਾਰ ਟਰੰਪ ਤੋਂ 38 ਅੰਕਾਂ ਨਾਲ ਅੱਗੇ



ਵਾਸ਼ਿੰਗਟਨ : ਏਸ਼ਿਆਈ ਅਮਰੀਕੀ ਵੋਟਰਾਂ ਨੇ ਅਮਰੀਕਾ ਵਿੱਚ ਨਵੰਬਰ ਮਹੀਨੇ ਹੋਣ ਵਾਲੀ ਰਾਸ਼ਟਰਪਤੀ ਚੋਣ ਵਿੱਚ ਡੈਮੋਕਰੈਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ 'ਤੇ ਵੱਧ ਭਰੋਸਾ ਦਿਖਾਇਆ ਹੈ। ਨਵੇਂ ਸਰਵੇਖਣ ਵਿੱਚ ਇਹ ਦਾਅਵਾ ਕੀਤਾ ਗਿਆ ਹੈ। ਐੱਨਓਆਰਸੀ ਨੇ ਸ਼ਿਕਾਗੋ ਯੂਨੀਵਰਸਿਟੀ ਵਿੱਚ ਇਹ ਸਰਵੇਖਣ ਕਰਵਾਇਆ ਗਿਆ ਹੈ ਜਿਸ ਦੇ ਨਤੀਜੇ ਮੰਗਲਵਾਰ ਨੂੰ ਜਾਰੀ ਕੀਤੇ ਗਏ। ਇਸ ਸਰਵੇਖਣ ਮੁਤਾਬਕ ਕਮਲਾ ਹੈਰਿਸ ਆਪਣੇ ਵਿਰੋਧੀ ਤੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਤੋਂ 38 ਅੰਕਾਂ ਨਾਲ ਅੱਗੇ ਹਨ। ਸਰਵੇਖਣ ਮੁਤਾਬਕ ਏਸ਼ਿਆਈ ਅਮਰੀਕੀ ਵੋਟਰਾਂ ਦਰਮਿਆਨ ਕਮਲਾ ਹੈਰਿਸ (59) ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ (78) ਤੋਂ 38 ਫੀਸਦੀ ਅੰਕਾਂ ਨਾਲ ਅੱਗੇ ਹਨ। ਅਮਰੀਕਾ ਵਿੱਚ ਨਵੰਬਰ ਮਹੀਨੇ ਹੋਣ ਵਾਲੀ ਰਾਸ਼ਟਰਪਤੀ ਚੋਣ ਵਿੱਚ 66 ਫੀਸਦੀ ਏਸ਼ਿਆਈ ਅਮਰੀਕੀ ਵੋਟਰ ਕਮਲਾ ਹੈਰਿਸ ਦੇ ਪੱਖ ਵਿੱਚ, ਜਦਕਿ 28 ਫੀਸਦੀ ਟਰੰਪ ਦੇ ਸਮਰਥਨ ਵਿੱਚ ਵੋਟ ਪਾ ਸਕਦੇ ਹਨ। ਛੇ ਫੀਸਦੀ ਵੋਟਰਾਂ ਅਜਿਹੇ ਵੀ ਹਨ ਜਿਨ੍ਹਾਂ ਨੇ ਹਾਲੇ ਕੋਈ ਫ਼ੈਸਲਾ ਨਹੀਂ ਲਿਆ। ਅਮਰੀਕਾ ਵਿੱਚ ਇਸ ਸਾਲ ਅਪਰੈਲ ਅਤੇ ਮਈ ਦਰਮਿਆਨ ਕੀਤੇ ਗਏ ਏਸ਼ਿਆਈ ਅਮਰੀਕਾ ਵੋਟਰ ਸਰਵੇਖਣ (ਏਏਵੀਐਸ) ਵਿੱਚ 46 ਫੀਸਦੀ ਏਸ਼ਿਆਈ ਅਮਰੀਕੀ ਵੋਟਰ ਰਾਸ਼ਟਰਪਤੀ ਬਾਇਡਨ ਦਾ ਸਮਰਥਨ ਕਰਦੇ ਹੋਏ ਨਜ਼ਰ ਆਏ ਸਨ, ਜਦਕਿ 31 ਫੀਸਦੀ ਵੋਟਰ ਟਰੰਪ ਦੇ ਹੱਕ ਵਿੱਚ ਸਨ।

# ਜਬਰੀ ਵਸੂਲੀ ਦੇ ਦੋਸ਼ ਹੇਠ ਕੈਲਗਰੀ 'ਚ ਪੰਜਾਬੀ ਨੌਜਵਾਨ ਕਾਬੂ

ਕੈਲਗਰੀ : ਦਸ਼ਮੇਸ਼ ਕਲਚਰ ਸੈਂਟਰ, 135 ਗੁਰਦੁਆਰਾ ਸਾਹਿਬ ਬਲਵੀਡ NE, ਕੈਲਗਰੀ, AB T3J 2X5 ਵਿਖੇ ਬੀਤੀ ਰਾਤ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿੱਚ ਇੱਕ ਗੰਭੀਰ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਗੁਰਸੇਵਕ ਸਿੰਘ ਨਾਮ ਦੇ ਇੱਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਇਹ ਸਭ ਕੁਝ ਵਾਪਰਨ ਤੋਂ ਪਹਿਲਾਂ, ਇਮੀਗ੍ਰੇਸ਼ਨ ਵਾਲੇ ਲੋਕ ਉਸ ਤੋਂ ਇਕ ਦਿਨ ਪਹਿਲਾਂ ਉਨ੍ਹਾਂ ਦੇ ਘਰ 'ਤੇ ਹੋਈ ਗੋਲੀਬਾਰੀ ਬਾਰੇ ਪੁੱਛਣ ਲਈ ਗੁਰਦੁਆਰਾ ਸਾਹਿਬ ਗਏ ਸਨ।

ਉਸ ਨੇ ਉਨ੍ਹਾਂ ਨੂੰ ਕਿਹਾ ਨਹੀਂ, ਇਹ ਮੈਂ ਨਹੀਂ ਸੀ, ਉਸ ਨੇ ਬਹਿਸ ਕਰਨ ਤੋਂ ਬਾਅਦ ਲੋਕਾਂ ਨੂੰ ਰਿਵਾਲਵਰ ਦਿਖਾਇਆ ਅਤੇ ਫਿਰ ਲੇਬਰ ਮਾਰਕੀਟ ਇਮਪੈਕਟ ਅਸੈਸਮੈਂਟ ਕਰਵਾਉਣ ਵਾਲੇ ਲੋਕਾਂ ਤੋਂ 3 ਲੱਖ ਰੁਪਏ ਮੰਗਣ 'ਤੇ ਉਸ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ।

ਗੁਰਸੇਵਕ ਸਿੰਘ ਰੰਧਾਵਾ ਅਤੇ ਗੁਰਪ੍ਰੀਤ ਇਨ੍ਹਾਂ ਦੋਵਾਂ 'ਤੇ ਜਬਰੀ ਵਸੂਲੀ ਦੇ ਦੋਸ਼ ਹਨ। ਗੁਰਸੇਵਕ ਸਿੰਘ ਰੰਧਾਵਾ ਨੇ ਦਾਅਵਾ ਕੀਤਾ ਕਿ ਉਹ ਰਿੰਦਾ ਗੈਂਗਸਟਰ ਨਾਲ ਸਬੰਧਿਤ ਹੈ। ਉਸ ਨੂੰ ਬੰਦੂਕ ਸਮੇਤ ਫੜਿਆ ਗਿਆ ਹੈ, ਉਸਨੇ ਬਹੁਤ ਸਾਰੇ ਲੋਕਾਂ ਤੋਂ ਪੈਸੇ ਲਏ ਹਨ।

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਉ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012

ਦਲਜੀਤ ਸਿੰਘ ਰਾਏ

ਲੇਡੀਜ਼ ਸੰਗੀਤ, ਜਾਗੋ, ਮਾਈਆਂ, ਵਿਆਹ, ਜਨਮਦਿਨ ਜਾਂ ਹੋਰ ਕਿਸੇ ਵੀ ਖ਼ੁਸ਼ੀ ਮੌਕੇ 'ਤੇ ਪਰਿਵਾਰਕ ਸੱਭਿਆਚਾਰਕ ਪ੍ਰੋਗਰਾਮਾਂ ਲਈ ਸੰਪਰਕ ਕਰੋ
ਚਰਨਜੀਤ ਕੌਰ (ਪੰਜਾਬੀ ਫੋਕ ਸਿੰਗਰ)
306-861-5876
306-891-5441
Email : devicharno35@gmail.com
Follow charanjeet_861


Keep Smiling Denture Clinic
Keep Smiling Denture Clinic
Complete Denture · Implant Denture · Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।
ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।

Gagan Chahal R.D.
Registered Denturist
SEMCD CERTIFIED CLINICIAN
Book Your Appointment
778-600-0811 | 778-600-0810
13117-67A Ave, Surrey, BC | 2644 Cyril St Abbotsford BC

# ਜੋ ਬੀਜਿਆ ਹੈ, ਉਹੀ ਵੱਢ ਰਿਹਾ ਹੈ ਮਾਨ 'ਬੱਤੀਆਂ ਵਾਲਾ'




ਲੇਖਕ
ਡਾ. ਗੁਰਵਿੰਦਰ ਸਿੰਘ
604 825 1550
ਪੰਜਾਬੀ ਸਾਹਿਤ ਸਭਾ ਮੁਢਲੀ ਐਬਟਸਫੋਰਡ

ਹੁਣ ਇਹ ਕਹਿਣਾ ਭੋਰਾ-ਭਰ ਵੀ ਗ਼ਲਤ ਨਹੀਂ ਹੋਵੇਗਾ ਕਿ ਕਿਸੇ ਸਮੇਂ 'ਪੰਜਾਬੀ ਦਾ ਮਾਣ' ਕਿਹਾ ਜਾਣ ਵਾਲਾ ਗੁਰਦਾਸ ਮਾਨ, ਅੱਜ 'ਪੰਜਾਬੀ ਦਾ ਅਪਮਾਨ' ਬਣ ਚੁੱਕਿਆ ਹੈ। ਅਸਲ ਵਿਚ ਕੰਡੇ ਮਾਣ ਨੇ ਹੀ ਬੀਜੇ ਹਨ ਜੋ ਉਹ ਚੁਗ ਰਿਹਾ ਹੈ। ਗੁਰਦਾਸ ਮਾਨ ਦੇ ਵਿਰੋਧ ਦੀ ਮੁੱਖ ਵਜਾ ; ਪੰਜਾਬੀਆਂ ਸਮੇਤ, ਹੋਰਨਾ ਭਾਈਚਾਰਿਆਂ ਉੱਪਰ ਹਿੰਦੀ ਥੋਪਣ ਦੀ, ਸਮੂਹ ਘੱਟ ਗਿਣਤੀਆਂ ਦੀਆਂ ਭਾਸ਼ਾਵਾਂ ਨੂੰ ਰੋਲਣ ਦੀ, ਪੰਜਾਬੀ ਧੀਆਂ-ਭੈਣਾਂ ਦੀ ਮੌਜੂਦਗੀ ਵਿੱਚ ਸਟੇਜ ਤੋਂ ਗਾ.ਲ ਕੱਢ ਕੇ, ਪੰਜਾਬੀ ਮਾਂ ਬੋਲੀ ਦੀ ਬੇਅਦਬੀ ਕਰਨ ਦੀ, ਗੁਰੂ ਸਾਹਿਬਾਨ ਦੇ ਵੰਸ਼ਜ ਨਸ਼ੇੜੀ ਅਤੇ ਭੰਗ ਪੀਣਿਆਂ ਨੂੰ ਦੱਸਦੇ ਹੋਏ ਗੁਰੂਆਂ ਦਾ ਅਪਮਾਨ ਕਰਨ ਦੀ, ਕੇਪੀਐਸ ਗਿੱਲ ਵਰਗੇ ਬੁੱਚੜਾਂ ਨੂੰ ਪ੍ਰਮੋਟ ਕਰਨ ਦੀ, ਪੰਜਾਬ ਦੀ ਜਵਾਨੀ ਨੂੰ ਨਸ਼ਿਆਂ 'ਚ ਧੱਕਣ ਦੀ ਤੇ ਮਾਸੂਮ ਬੱਚਿਆਂ ਦੇ ਮੂੰਹਾਂ 'ਚ ਸਿਗਰਟਾਂ ਤੁੰਨਣ ਦੀ। ਇਹ ਸਾਰਾ ਕੁਝ ਸਟੇਟ ਦੇ ਇਸ਼ਾਰੇ 'ਤੇ ਗੁਰਦਾਸ ਮਾਨ ਵੱਲੋਂ ਕੀਤਾ ਜਾ ਰਿਹਾ ਹੈ, ਜਿਸ ਦੀ ਪੰਜਾਬੀ ਬੋਲੀ ਦੇ ਵਾਰਿਸਾਂ ਨੇ ਜ਼ੋਰਦਾਰ ਸ਼ਬਦਾਂ ਵਿੱਚ ਨਿੰਦਿਆ ਕੀਤੀ। ਭਾਰਤ ਅੰਦਰ ਜਬਰੀ ਹਿੰਦੀ ਭਾਸ਼ਾ ਲਾਗੂ ਕਰਨ ਦੀ ਨੀਤੀ ਹਿੰਦੂਤਵੀ ਕੱਟੜਤਾ ਤੇ ਘੱਟ ਗਿਣਤੀਆਂ ਦੇ ਵਿਰੋਧ ਵਿੱਚ ਘੜੀ ਗਈ ਚਾਲ ਹੈ, ਜਿਸ ਦੀ 'ਹਾਂ ਵਿੱਚ ਹਾਂ' ਮਿਲਾਉਂਦੇ ਹੋਏ ਗੁਰਦਾਸ ਮਾਨ ਵੱਲੋਂ 'ਹੁੰਗਾਰਾ' ਭਰਿਆ ਜਾਣਾ, ਨਿਖੇਧੀਜਨਕ ਸੀ। ਅਜਿਹੀ ਬਿਆਨਬਾਜ਼ੀ ਤੇ ਟਿੱਪਣੀਆਂ ਨੇ ਪੰਜਾਬੀ ਪ੍ਰੇਮੀਆਂ ਦੇ ਦਿਲਾਂ ਨੂੰ ਭਾਰੀ ਸੱਟ ਮਾਰੀ। ਉਸ ਦਾ ਵਿਰੋਧ ਕਰਨ ਵਾਲਿਆਂ ਵਿੱਚ 'ਪੰਜਾਬੀ ਬੋਲੀ ਦੇ ਵਾਰਿਸ' ਸੰਸਥਾ ਤੋਂ ਇਲਾਵਾ, ਕੈਨੇਡਾ ਤੋਂ ਸਾਊਥ ਏਸ਼ੀਅਨ ਰਿਵਿਊ ਅਤੇ ਜੀਵੇ ਪੰਜਾਬ ਅਦਬੀ ਫਾਊਂਡੇਸ਼ਨ, 'ਮਾਂ ਬੋਲੀ ਪੰਜਾਬੀ ਦੇ ਵਾਰਿਸ' ਪੰਜਾਬ, 'ਪੰਜਾਬੀ ਸਾਹਿਤ ਸਭਾ ਮੁਢਲੀ ਰਜਿਸਟਰਡ' ਐਬਟਸਫੋਰਡ, ਲੋਕ ਲਿਖਾਰੀ ਸਹਿਤ ਸਭਾ ਉੱਤਰੀ ਅਮਰੀਕਾ, ਮਿਸ਼ਨ ਪੰਜ ਆਬ ਕਲਚਰਲ ਕਲੱਬ, ਵਣਜਾਰਾ ਨੋਮੈਡ ਸੰਸਥਾ ਕੈਨੇਡਾ, ਪਾਕਿਸਤਾਨੀ ਪੰਜਾਬ ਨਾਲ ਸਬੰਧਤ 'ਸਾਂਝ ਲੋਕ ਰਾਜ ਪਾਕ ਪਟਨ', 'ਵਾਰਿਸ ਸ਼ਾਹ ਪ੍ਰਚਾਰ ਤੇ ਪ੍ਰਸਾਰ ਪਰਿਆ', ਆਸਿਫ਼ ਰਜ਼ਾ 'ਮਾਂ ਬੋਲੀ ਰਿਸਰਚ ਸੈਂਟਰ', ਸੁਫ਼ੀਕ ਬੱਟ ਲੋਕ ਸੁਜੱਗ' ਸੰਸਥਾ, ਕੈਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੋਸਾਇਟੀ ਅਤੇ ਨੌਰਥ ਅਮਰੀਕਾ ਸਿੱਖ ਅਲਾਇੰਸ ਤੋਂ ਇਲਾਵਾ ਪੰਜਾਬ ਦੀਆਂ ਬਹੁਤ ਸੰਸਥਾਵਾਂ ਵੀ ਸਰਗਰਮ ਸਨ। ਪੰਜਾਬੀ ਸੰਸਥਾਵਾਂ ਅਤੇ ਪੰਜਾਬੀ ਹਿਤੈਸ਼ੀ ਸ਼ਖਸੀਅਤਾਂ ਵੱਲੋਂ, ਉਸਦੇ ਵਿਰੋਧ ਦੇ ਕਾਰਨਾਂ ਨੂੰ ਸਮਝਣ ਲਈ ਪਿਛੋਕੜ ਦਾ ਘਟਨਾਕ੍ਰਮ ਜਾਣਨਾ ਜ਼ਰੂਰੀ ਹੈ।

ਬੱਤੀ ਵਾਲੀ ਸ਼ਰਮਨਾਕ ਤੇ ਗੈਰ-ਇਖਲਾਕੀ ਸ਼ਬਦਵਲੀ ਦਾ ਦੋਸ਼ੀ :

ਪੰਜ ਕੁ ਸਾਲ ਪਹਿਲਾਂ, ਐਬਸਫੋਰਡ ਕਨਵੈਨਸ਼ਨ ਹਾਲ ਦੇ ਬਾਹਰ ਸੈਂਕੜੇ ਪ੍ਰਦਰਸ਼ਨਕਾਰੀ ਗੁਰਦਾਸ ਮਾਨ ਦੇ ਸ਼ੋਅ ਦੇ ਵਿਰੋਧ ਵਿੱਚ ਇਕੱਠੇ ਹੋਏ। ਉਨ੍ਹਾਂ ਸ਼ਾਂਤਮਈ ਢੰਗ ਨਾਲ ਗੁਰਦਾਸ ਮਾਨ ਦਾ ਵਿਰੋਧ ਕੀਤਾ। ਪ੍ਰਦਰਸ਼ਨਕਾਰੀਆਂ ਵਿੱਚੋਂ ਇੱਕ ਸ਼ਖ਼ਸੀਅਤ, ਪੰਜਾਬੀ ਲੇਖਕ ਚਰਨਜੀਤ ਸਿੰਘ ਸੁੱਜੋਂ, ਜਿਨ੍ਹਾਂ ਨੇ ਪੰਜਾਬੀ ਵਿੱਚ ਨਾਵਲ 'ਮੌਤ ਦਾ ਰੇਗਿਸਤਾਨ' ਲਿਖਿਆ ਹੈ, ਵੀ ਸ਼ਾਂਤਮਈ ਵਿਰੋਧ ਪ੍ਰਗਟਾ ਰਹੇ ਸਨ। ਵਿਰੋਧ ਦੇਖ ਕੇ ਬਹੁਤ ਸਾਰੇ ਲੋਕ ਮਨ ਬਦਲ ਰਹੇ ਸਨ ਅਤੇ ਆਪਣੀਆਂ ਟਿਕਟਾਂ ਪਾੜ ਰਹੇ ਸਨ। ਸ਼ੋਅ ਵੇਖਣ ਆਏ ਕੁਝ ਸੁਹਿਰਦ ਸੱਜਣਾਂ ਨੇ ਆਪਣੀਆਂ ਟਿਕਟਾਂ ਸਾਨੂੰ ਦਿੱਤੀਆਂ। ਉਹਨਾਂ ਵਿੱਚੋਂ ਦੋ ਟਿਕਟਾਂ ਚਰਨਜੀਤ ਸਿੰਘ ਸੁੱਜੋਂ ਅਤੇ ਉਹਨਾਂ ਦੇ ਸਹਿਯੋਗੀ ਨੂੰ ਦਿੱਤੀਆਂ ਗਈਆਂ। ਫੈਸਲਾ ਹੋਇਆ ਕਿ ਸੁਜੋਂ ਹੁਰੀਂ ਹਾਲ ਅੰਦਰ ਜਾਣਗੇ ਅਤੇ ਗੁਰਦਾਸ ਮਾਨ ਦਾ ਸ਼ਾਂਤਮਈ ਵਿਰੋਧ ਕਰਨਗੇ। ਉਹਨਾਂ ਤੋਂ ਇਲਾਵਾ ਕੁਝ ਹੋਰ ਪੰਜਾਬੀ ਹਿਤੈਸ਼ੀ ਵੀ ਹਾਲ ਵਿੱਚ ਰੋਸ ਪ੍ਰਗਟਾਉਣ ਲਈ ਪਹੁੰਚ ਚੁੱਕੇ ਸਨ। ਇਹਨਾਂ ਸਾਰਿਆ ਵੱਲੋਂ ਅੰਦਰ ਜਾ ਕੇ ਅਤੇ ਪੋਸਟਰ ਲੈ ਕੇ ਮਾਨ ਦੇ ਸਾਹਮਣੇ ਰੋਸ ਪ੍ਰਦਰਸ਼ਨ ਕੀਤਾ ਗਿਆ। ਗੁਰਦਾਸ ਮਾਨ ਨੇ ਅਜੇ ਗਾਉਣਾ ਸ਼ੁਰੂ ਹੀ ਕੀਤਾ ਸੀ ਕਿ ਉਸਦੀ ਨਜ਼ਰ ਚਰਨਜੀਤ ਸਿੰਘ ਸੁਜੋਂ ਦੇ ਹੱਥ ਵਿੱਚ ਫੜੇ ਪੋਸਟਰ 'ਤੇ ਪਈ ਜਿਸ ਤੇ ਲਿਖਿਆ ਹੋਇਆ ਸੀ ; ''ਮਾਂ ਬੋਲੀ ਪੰਜਾਬੀ ਦਾ ਗ਼ੱਦਾਰ : ਗੁਰਦਾਸ ਮਾਨ ਮੁਰਦਾਬਾਦ''। ਪ੍ਰਦਰਸ਼ਨ ਕਰ ਰਹੇ ਸੱਜਣਾਂ ਨੇ ਨਾ ਤਾਂ ਗਾਲ ਕੱਢੀ ਤੇ ਨਾ ਹੀ ਉਂਗਲੀ ਦਿਖਾਈ, ਜਿਵੇਂ ਕਿ ਗੁਰਦਾਸ ਮਾਨ ਨੇ ਇਲਜ਼ਾਮ ਲਗਾਇਆ ਹੈ, ਪਰ ਆਪਣੇ ਵਿਰੋਧ ਤੋਂ ਬੌਖ਼ਲਾਏ ਹੋਏ ਗੁਰਦਾਸ ਮਾਨ ਨੇ ਇਹ ਨਾ ਦੇਖਿਆ ਕਿ ਹਾਲ ਵਿੱਚ ਮੌਜੂਦ ਧੀਆਂ ਭੈਣਾਂ ਮਾਵਾਂ ਕੀ ਸੋਚਣਗੀਆਂ, ਉਸ ਨੇ ਕ੍ਰੋਧ ਵਿੱਚ ਪ੍ਰਦਰਸ਼ਨਕਾਰੀ ਦੇ ਹੱਥ ਵਿੱਚ ਫੜੇ ਪੋਸਟਰ 'ਮਾਂ ਬੋਲੀ ਦਾ ਗੱਦਾਰ' ਵੱਲ ਦੇਖਦਿਆਂ, ਨੀਚਤਾ ਵਾਲੀ ਭਾਸ਼ਾ 'ਚ ਸਾਰੀਆਂ ਸੰਗਾਂ-ਸ਼ਰਮਾਂ ਲਾਹ ਕੇ, ਅਪਸ਼ਬਦ ਬੋਲੇ। ਗੁਰਦਾਸ ਮਾਨ ਨੇ ਸਟੇਜ ਤੋਂ ਅੰਨੇ ਕ੍ਰੋਧ ਵਿੱਚ ਬੋਲਦਿਆਂ ਕਿਹਾ, ''ਇਹਨੂੰ ਮਰੋੜ ਕੇ.. ਬੱਤੀ ਬਣਾ ਕੇ..ਲੈ ਲਾ...'' ਏਨੀਂ ਸ਼ਰਮਨਾਕ, ਅਪਮਾਨਜਨਕ ਤੇ ਗੈਰ-ਇਖਲਾਕੀ ਸ਼ਬਦਵਲੀ! ਮਾਂ ਬੋਲੀ ਪੰਜਾਬੀ ਦਾ ਤਾਂ ਜੋ ਅਪਮਾਨ ਉਸ ਨੇ ਕੀਤਾ, ਸੋ ਕੀਤਾ, ਪਰ ਪੰਜਾਬੀ ਮਾਵਾਂ ਧੀਆਂ ਬੱਚੀਆਂ ਦੇ ਸਾਹਮਣੇ ਜੋ ਘਟੀਆ ਭਾਸ਼ਾ ਵਰਤੀ, ਇਸ ਦਾ ਕਲੰਕ



*"'ਇੱਕ ਅੰਮ੍ਰਿਤ ਦੀ ਬੂੰਦ ਕਾਫੀ ਅੱਗ ਬੁਝਾਵਣ ਲਈ' ਰਾਹੀਂ ਆਪਣੇ ਇੱਕ ਹੰਝੂ ਨੂੰ ਅੰਮ੍ਰਿਤ ਅਤੇ ਵਿਰੋਧੀਆਂ ਨੂੰ ਅੱਗ ਕਰਾਰ ਦਿੰਦਾ ਹੈ। ਅਸਲੀਅਤ ਵਿੱਚ ਉਹ ਵਿਰੋਧੀਆਂ ਨੂੰ ਹੀ ਗਲਤ ਸਾਬਤ ਕਰਦਾ ਹੋਇਆ ਸ਼ਰਤਾਂ ਤਹਿਤ 'ਬਿਜ਼ਨਸ ਮਾਫੀ' ਮੰਗ ਰਿਹਾ ਸੀ। ਗੁਰਦਾਸ ਮਾਨ ਦੀ ਡਰਾਮੇਬਾਜ਼ੀ ਨੂੰ ਨਾ ਸਮਝਣ ਵਾਲਿਆਂ ਨੇ ਤਰਸ ਖਾ ਕੇ ਕਹਿਣਾ ਸ਼ੁਰੂ ਕਰ ਦਿੱਤਾ, ''ਲਓ ਜੀ, ਹੁਣ ਗੁਰਦਾਸ ਮਾਨ ਨੇ ਮਾਫੀ ਮੰਗ ਲਈ ਹੈ, ਸਭ ਕੁਝ ਠੀਕ ਹੋ ਗਿਆ ਹੈ, ਛੱਡੋ ਵਿਰੋਧ ਨੂੰ!'' ਪਰ ਇਹ ਮੁਲੰਮਾ ਦੋ ਦਿਨਾਂ ਵਿੱਚ ਹੀ ਲਹਿ ਗਿਆ, ਜਦੋਂ ਇੱਕ ਪ੍ਰੈਸ ਕਾਨਫਰੰਸ ਦੌਰਾਨ ਉਸ ਨੇ ਕਿਹਾ,'ਮੈਨੂੰ ਪ੍ਰਮੋਟਰਾਂ ਨੇ ਕਿਹਾ ਕਿ ਮਾਫੀ ਮੰਗ ਲਓ ਤੇ ਮੈਂ ਆਖਿਆ ; 'ਕਿਸ ਗੱਲ ਦੀ ਮਾਫੀ ? ਕਹਿੰਦੇ, 'ਜੋ ਤੁਸੀਂ ਕੈਨੇਡਾ ਵਿੱਚ ਸਟੇਜ ਤੋਂ ਜੋ ਕਿਹਾ (ਭਾਵ ਬੱਤੀ ਵਾਲੀ ਸ਼ਬਦਾਵਲੀ) ਉਸ ਦੇ ਵਾਸਤੇ ਮਾਫੀ ਮੰਗੋ।' ਗੁਰਦਾਸ ਮਾਨ ਨ ਆਪਣੀ ਮੰਦੀ ਸ਼ਬਦਾਵਲੀ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ ਕਿ 'ਬੱਤੀ ਕਹਿਣ ਵਿੱਚ ਗਲਤ ਕੀ ਸੀ ?"*

ਉਸ ਦੇ ਮੱਥੇ ਤੋਂ ਮਿਟਣਾ ਅਸੰਭਵ ਹੈ ਅਤੇ ਉਸ ਦੀ ਪਛਾਣ ਹੁਣ 'ਬੱਤੀ ਵਾਲੇ ਮਾਨ' ਵਜੋਂ ਬਣ ਗਈ ਹੈ।

ਮਾਫ਼ੀ ਮੰਗ ਕੇ ਮੁਕਰਨ ਅਤੇ ਗ਼ਲਤੀ ਨੂੰ ਜਾਇਜ਼ ਠਹਿਰਾਉਣ ਦਾ ਦੋਸ਼ੀ :

ਹੁਣ ਪਹਿਲੀ ਘਟਨਾ ਤੋਂ ਪੰਜ ਸਾਲਾਂ ਮਗਰੋਂ, ਗੁਰਦਾਸ ਮਾਨ ਅਮਰੀਕਾ ਸ਼ੋਅ ਦੇ ਤਿੱਖੇ ਵਿਰੋਧ ਨੂੰ ਵੇਖਦਿਆਂ, ਤਿਆਰ ਕੀਤੀ ਸਕ੍ਰਿਪਟ ਅਨੁਸਾਰ ਅੱਖਾਂ ਚੋਂ ਹੰਝੂ ਸੁੱਟਦਾ ਹੋਇਆ ਪਹਿਲਾ ਮਾਫੀ ਮੰਗਦਾ ਹੈ, ਪਰ ਅਗਲੇ ਹੀ ਪਲ ਮਾਨ ; 'ਇੱਕ ਅੰਮ੍ਰਿਤ ਦੀ ਬੂੰਦ ਕਾਫੀ ਅੱਗ ਬੁਝਾਵਣ ਲਈ' ਰਾਹੀਂ ਆਪਣੇ ਇੱਕ ਹੰਝੂ ਨੂੰ ਅੰਮ੍ਰਿਤ ਅਤੇ ਵਿਰੋਧੀਆਂ ਨੂੰ ਅੱਗ ਕਰਾਰ ਦਿੰਦਾ ਹੈ। ਅਸਲੀਅਤ ਵਿੱਚ ਉਹ ਵਿਰੋਧੀਆਂ ਨੂੰ ਹੀ ਗਲਤ ਸਾਬਤ ਕਰਦਾ ਹੋਇਆ ਸ਼ਰਤਾਂ ਤਹਿਤ 'ਬਿਜ਼ਨਸ ਮਾਫੀ' ਮੰਗ ਰਿਹਾ ਸੀ। ਗੁਰਦਾਸ ਮਾਨ ਦੀ ਡਰਾਮੇਬਾਜ਼ੀ ਨੂੰ ਨਾ ਸਮਝਣ ਵਾਲਿਆਂ ਨੇ ਤਰਸ ਖਾ ਕੇ ਕਹਿਣਾ ਸ਼ੁਰੂ ਕਰ ਦਿੱਤਾ, ''ਲਓ ਜੀ, ਹੁਣ ਗੁਰਦਾਸ ਮਾਨ ਨੇ ਮਾਫੀ ਮੰਗ ਲਈ ਹੈ, ਸਭ ਕੁਝ ਠੀਕ ਹੋ ਗਿਆ ਹੈ, ਛੱਡੋ ਵਿਰੋਧ ਨੂੰ!'' ਪਰ ਇਹ ਮੁਲੰਮਾ ਦੋ ਦਿਨਾਂ ਵਿੱਚ ਹੀ ਲਹਿ ਗਿਆ, ਜਦੋਂ ਇੱਕ ਪ੍ਰੈਸ ਕਾਨਫਰੰਸ ਦੌਰਾਨ ਉਸ ਨੇ ਕਿਹਾ,'ਮੈਨੂੰ ਪ੍ਰਮੋਟਰਾਂ ਨੇ ਕਿਹਾ ਕਿ ਮਾਫੀ ਮੰਗ ਲਓ ਤੇ ਮੈਂ ਆਖਿਆ ; 'ਕਿਸ ਗੱਲ ਦੀ ਮਾਫੀ'? ਕਹਿੰਦੇ, 'ਜੋ ਤੁਸੀਂ ਕੈਨੇਡਾ ਵਿੱਚ ਸਟੇਜ ਤੋਂ ਜੋ ਕਿਹਾ (ਭਾਵ ਬੱਤੀ ਵਾਲੀ ਸ਼ਬਦਾਵਲੀ) ਉਸ ਦੇ ਵਾਸਤੇ ਮਾਫੀ ਮੰਗੋ।' ਗੁਰਦਾਸ ਮਾਨ ਨ ਆਪਣੀ ਮੰਦੀ ਸ਼ਬਦਾਵਲੀ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ ਕਿ 'ਬੱਤੀ ਕਹਿਣ ਵਿੱਚ ਗਲਤ ਕੀ ਸੀ ?

''ਜਿਹੜੇ ਬੱਤੀ ਨੂੰ ਸਮਝਣ ਗਾ.ਲ, ਉਹ ਪੰਜਾਬੀ ਤੋਂ ਕੰਗਾਲ''
''ਖਾ ਜੇ ਜੰਦਰਾ ਜਦੋਂ ਜੰਗਾਲ, ਬੱਤੀ ਦੇਣੀ ਪੈਂਦੀ ਆ''
ਸਾਧੂ ਸੰਤ ਸੇਕਦੇ ਧੂਣੇ, ਨਾ ਕੋਈ ਜਾਦੂ ਨਾ ਕੋਈ ਟੂਣੇ,
ਜੀਹਦੇ ਲੜਦੇ ਹੋਣ ਚਲੂਣੇ, ਬੱਤੀ ਦੇਣੀ ਪੈਂਦੀ ਆ''

ਗੁਰਦਾਸ ਮਾਨ ਨੇ ਗਲਤੀਆਂ ਦਾ ਪਛਤਾਵਾ ਤਾਂ ਕੀ ਕਰਨਾ ਸੀ, ਬਲਕਿ ਗਲਤੀਆਂ 'ਤੇ ਪਰਦਾ ਪਾਉਣ ਲਈ ਉਸ ਨੇ ਇੱਕ ਹੋਰ, ਨੀਵੇਂ ਪੱਧਰ ਦਾ ਟੋਟਕਾ ਕੱਢ ਮਾਰਿਆ, ਜਿਸ ਵਿੱਚ ਆਪਣੇ ਕੀਤੇ ਗੁਨਾਹਾਂ ਦੀ ਉਹ ਪਰੋੜਤਾ ਕਰਦਾ ਹੈ। ਅਜਿਹੇ ਸ਼ਰਮਨਾਕ ਬਿਰਤਾਂਤ ਪਿੱਛੇ ਪੰਜਾਬੀ ਵਿਰੋਧੀ ਲਾਬੀ, ਮਨੂੰਵਾਦ ਅਤੇ ਬਿਪਰਵਾਦ ਅਤੇ ਪੰਜਾਬ ਵਿਰੋਧੀ ਸਾਜਿਸ਼ ਨਜ਼ਰ ਆਉਂਦੀ ਹੈ। ਦੂਜੇ ਪਾਸੇ ਮਾਫੀ ਮੰਗ ਕੇ ਮੁਕਰਨ ਅਤੇ ਆਪਣੀ ਕਹੀ ਗਲਤ ਗੱਲ ਨੂੰ ਠੀਕ ਠਹਿਰਾਉਣ ਵਾਲੀ ਗੁਰਦਾਸ ਮਾਨ ਦੀ ਘਟੀਆ ਸੋਚ ਨੇ, ਨਾ ਸਿਰਫ ਉਸ ਨੂੰ ਹੀ ਇੱਕ ਵਾਰ ਫੇਰ ਸ਼ਰਮਸ਼ਾਰ ਕੀਤਾ, ਬਲਕਿ ਉਸ ਦੀ ਮਾਫੀ 'ਤੇ ਭਰੋਸਾ ਕਰਨ ਵਾਲਿਆਂ ਨੂੰ ਵੀ ਛਿੱਥੇ ਪਾ ਦਿੱਤਾ। ਗੁਰਦਾਸ ਮਾਨ ਦੀ ਹਲਕੇ ਪੱਧਰ ਦੀ 'ਬੱਤੀ ਵਾਲੀ ਤੁਕਬੰਦੀ' ਦਾ ਜਵਾਬ ਇਸ ਤਰ੍ਹਾਂ ਦੇਣਾ ਹੀ ਉਚਿਤ ਹੋਵੇਗਾ ;

''ਸੱਚ ਸੁਣੀਂ! ਮਰ ਜਾਣਿਆਂ, ਤੇਰਾ ਹੁੰਦਾ ਸੀ ਸਤਿਕਾਰ।
ਪਰ ਸ਼ੋਹਰਤ ਚੜ੍ਹੀ ਦਿਮਾਗ਼ ਨੂੰ, ਮੱਤ ਐਸੀ ਦਿੱਤੀ ਮਾਰ।
ਧੀਆਂ ਭੈਣਾਂ ਸਾਹਮਣੇ, ਤੂੰ ਦਿੱਤਾ ਅਦਬ ਵਿਸਾਰ।
ਬੇਅਦਬੀ ਦੀ ਸ਼ਬਦਾਵਲੀ, ਤੈਨੂੰ ਗਈ ਜਿਉਂਦੇ ਮਾਰ।
ਮੂੰਹ ਥੁੱਕਾਂ ਫਿੱਕੇ ਪੈਂਦੀਆਂ, ਸਿਰ 'ਪਾਣਾਂ' ਦੀ ਮਾਰ।

'ਬੱਤੀ' ਤੇਰੇ ਜਿਸਮ 'ਚੋਂ, 'ਬਣ ਬਰਛੀ' ਹੋ ਗਈ ਪਾਰ।
ਅਰਸ਼ੋ ਫਰਸ਼ੀਂ ਸੁੱਟਿਆ, ਤੈਨੂੰ ਤੇਰੇ ਹੀ ਹੰਕਾਰ।
ਪੰਜਾਬੀ ਦੇ ਦੋਖੀਆ, ਤੂੰ ਕੀਤਾ ਪਿੱਠ 'ਤੇ ਵਾਰ।
ਮਾਂ ਬੋਲੀ ਅਪਮਾਨ ਕੇ, ਦਿੱਤਾ ਗ਼ੈਰਾਂ ਨੂੰ ਸਤਿਕਾਰ।
ਤਾਹੀਓ ਤੇਥੋਂ ਖੋਹਿਆ, ਵਾਰਿਸ ਸ਼ਾਹ ਪੁਰਸਕਾਰ।

'ਇੱਕੋ ਬੋਲੀ ਦੇਸ਼' ਦੀ, ਦਿੱਤਾ ਨਾਅਰਾ ਜੋ ਸਰਕਾਰ।
ਜਾ ਕੇ ਦੇਸ-ਵਿਦੇਸ ਵਿੱਚ, ਕੀਤਾ ਤੂੰ ਪ੍ਰਚਾਰ।
ਪੰਜਾਬੀ ਦੇ ਗੱਦਾਰ ਨੂੰ, ਪੈਂਦੀ ਹੈ ਫਿਟਕਾਰ।
'ਸੁੱਜੋਂ' ਵਰਗੇ ਅਮਰ ਨੇ, ਮਾਂ ਬੋਲੀ ਦੇ ਸੇਵਾਦਾਰ।
'ਬੱਤੀ ਮਾਨ' ਗੱਦਾਰ ਦਾ, ਬੁਰਕਾ ਦੇਣ ਉਤਾਰ।

ਤੇਰਾ ਇਕ ਗੁਨਾਹ ਨਹੀਂ ਪਾਪੀਆ, ਹੈ ਲੰਮੀ ਬੜੀ ਕਤਾਰ।
ਸੀ ਬੁੱਚੜ ਦੇਸ ਪੰਜਾਬ ਦਾ, ਗਿੱਲ ਕੇਪੀ ਤੇਰਾ ਯਾਰ।
ਕਦੇ 'ਚਿਲਮਾਂ ਪੀਣੇ' ਸਾਧ ਨੂੰ, ਦੱਸੇਂ ਗੁਰੂਆਂ ਦਾ ਪਰਿਵਾਰ।
ਬਣੇ 'ਕੰਜਰੀ ਲਾਡੀ ਸ਼ਾਹ ਦੀ' ਸਰਬੰਸਦਾਨੀ ਤਾਈਂ ਵਿਸਾਰ॥
ਰਿਹਾ ਨਕਲੀਆਂ ਨੂੰ ਪ੍ਰਚਾਰਦਾ, ਛੱਡ ਅਸਲੀ ਦਾ ਦਰਬਾਰ।

ਚੰਗਾ ਹੋਇਆ ਪਰਖ ਲਿਆ, ਆਪੇ ਬਣਿਆ ਲੰਬਰਦਾਰ।
ਵਿੱਚ ਚੁਰਾਹੇ ਭੱਜਿਆ, ਇਹ ਦੋਹਰਾ ਕਿਰਦਾਰ।
ਝੂਠਾ ਕਰਦਾ ਕਦੇ ਨਾ, ਚਿੱਤ ਸੱਚੇ ਨਾਲ ਪਿਆਰ।
ਗੀਤਾਂ ਦੇ ਵਿੱਚ ਆ ਗਿਆ, ਸੱਚ ਅੰਦਰਲਾ ਬਾਹਰ।
'ਚੜ੍ਹਦੀ ਕਲਾ' ਵਿੱਚ ਜੀਂਵਦੇ, 'ਪੰਜਾਬੀ ਦੇ ਪਹਿਰੇਦਾਰ।'

'ਇੱਕ ਦੇਸ, ਇੱਕ ਬੋਲੀ' ਦੇ ਏਜੰਡੇ ਤਹਿਤ ਪੰਜਾਬੀ ਨਾਲ ਗ਼ੱਦਾਰੀ ਦਾ ਦੋਸ਼ੀ :

ਜਿਸ ਕਲਾਕਾਰ ਨੂੰ ਆਪਣੀ 'ਮਾਂ ਬੋਲੀ ਪੰਜਾਬੀ ਨਾਲੋ ਮਾਸੀ' ਦਾ ਜ਼ਿਆਦਾ ਹੇਜ ਹੋਵੇ, ਸਟੇਜ ਦੀ ਮਾਣ-ਮਰਯਾਦਾ ਅਤੇ ਸਟੇਜ ਤੋਂ ਚੰਗੇ ਸ਼ਬਦਾ ਦੀ ਵਰਤੋਂ ਕਰਨ ਦੀ ਵਜਾਏ ਆਪਣੀਆਂ ਧੀਆਂ ਭੈਣਾਂ ਮਾਵਾਂ ਬਜ਼ੁਰਗਾਂ ਦੇ ਸਾਹਮਣੇ ਅਪਸ਼ਬਦ ਬੋਲ ਕੇ, ਪੰਜਾਬੀ ਮਾਂ ਬੋਲੀ ਦੇ ਵਾਰਿਸਾਂ ਨੂੰ ਘਟੀਆ ਅਤੇ ਨੀਵੇਂ ਪੱਧਰ ਦੀ ਸ਼ਬਦਾਵਲੀ ਬੋਲ ਕੇ ਹੰਕਾਰ ਦੇ ਨਸ਼ੇ ਵਿੱਚ ਅਣਖ ਨੂੰ ਵੰਗਾਰਾਨ ਦੀ ਜੁਅਰਤ ਕਰੇ, ਪੰਜਾਬ ਦੇ ਵਾਰਿਸ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦੇ। ਭਾਰਤ ਅੰਦਰ ਰਾਸ਼ਟਰਵਾਦੀ- ਫਾਸ਼ੀਵਾਦੀ ਏਜੰਡੇ ਤਹਿਤ ਅਪਣਾਏ ਜਾ ਰਹੇ ਰਾਹ 'ਇੱਕ ਦੇਸ਼ ਇੱਕ ਬੋਲੀ' ਦੀ ਤਰਜ਼ 'ਤੇ ਪੰਜਾਬੀ ਗਾਇਕ ਗੁਰਦਾਸ ਮਾਨ ਦੇ ਸ਼ਬਦਾਂ ਨੂੰ ਲੈ ਕੇ' ਕੈਨੇਡਾ ਵਸਦੇ ਪੰਜਾਬੀਆਂ ਵੱਲੋਂ ਹੀ ਉਸ ਦਾ ਤਿੱਖਾ ਵਿਰੋਧ ਹੋਇਆ। ਗੁਰਦਾਸ ਮਾਨ ਵੱਲੋਂ ਇੱਕ ਰੇਡੀਓ ਅਤੇ ਉਸ ਤੋਂ ਬਾਅਦ ਇੱਕ ਪ੍ਰੈਸ ਕਾਨਫਰੰਸ ਵਿੱਚ 'ਇੱਕ ਰਾਸ਼ਟਰੀ ਇਕ ਭਾਸ਼ਾ' ਦੀ ਗੱਲ ਕਹਿ ਕੇ ਵਿਵਾਦ ਛੇੜਿਆ ਗਿਆ। ਆਪਣੀ ਗਲਤੀ ਨੂੰ ਸਹੀ ਸਾਬਤ ਕਰਨ ਲਈ ਗੁਰਦਾਸ ਮਾਨ ਦਾ ਇਹ ਨਿਰਾਧਾਰ ਤਰਕ ਕਿ ਉੱਤਰ ਤੋਂ ਲੈ ਕੇ ਦੱਖਣ ਤੱਕ, ਸਾਰੇ ਹਿੰਦੁਸਤਾਨ ਵਿੱਚ ਇੱਕ ਭਾਸ਼ਾ ਹੋਣੀ ਚਾਹੀਦੀ

ਹੈ, ਜਿਵੇਂ ਕਿ ਫਰਾਂਸ ਦੇ ਵਿੱਚ ਤੇ ਜਰਮਨੀ ਦੇ ਵਿੱਚ ਇੱਕ ਭਾਸ਼ਾ ਹੈ, ਬਿਲਕੁਲ ਬੇਤੁਕਾ ਸੀ। ਭਾਰਤ ਵਿੱਚ ਅੱਜ ਰਾਸ਼ਟਰੀ ਸੋਯਮ ਸੇਵਕ, ਸੰਘੀ ਤਾਕਤਾਂ ਅਜਿਹਾ ਕਰਨ ਦੀ ਕੋਸ਼ਿਸ਼ 'ਚ ਹਨ ਅਤੇ ਅਤੇ ਉਨ੍ਹਾਂ ਫਾਸ਼ੀਵਾਦੀ ਨੀਤੀਆਂ ਨਾਲ ਦੱਖਣੀ ਭਾਰਤ ਵਿੱਚ ਵੀ ਹਿੰਦੀ ਨੂੰ ਲਾਗੂ ਕਰਨ ਦਾ ਤਹੱਈਆ ਕੀਤਾ ਹੋਇਆ ਹੈ, ਪਰ ਇਸ ਦੇ ਤਿੱਖੇ ਵਿਰੋਧ ਵਿੱਚ ਉੱਥੋਂ ਦੇ ਸਾਹਿਤਕਾਰ, ਕਲਾਕਾਰ, ਗਾਇਕ-ਗੀਤਕਾਰ ਸਭ ਇੱਕ-ਮੁੱਠ ਹਨ। ਗੁਰਦਾਸ ਮਾਨ ਕੈਨੇਡਾ ਦੀ ਸਥਿਤੀ ਦੇਖ ਸਕਦਾ ਸੀ ਕਿ ਇੱਥੋਂ ਦੇ ਹੀ ਇੱਕ ਸੂਬੇ ਕਿਊਬੈਕ ਵਿੱਚ ਫਰੈਂਚ ਭਾਸ਼ਾ ਦਾ ਬੋਲਬਾਲਾ ਹੈ ਤੇ ਉੱਥੇ ਧੱਕੇ ਨਾਲ ਕਿਸੇ ਹੋਰ ਭਾਸ਼ਾ ਨੂੰ ਲਾਗੂ ਕੀਤੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇੱਕ ਦੇਸ਼ ਇੱਕ ਭਾਸ਼ਾ' ਦੇ ਫਾਸੀਵਾਦੀ ਭਾਸ਼ਾਈ ਫਾਰਮੂਲੇ ਕਾਰਨ ਵਿਵਾਦਾਂ ਚ ਘਿਰੇ ਗਾਇਕ ਗੁਰਦਾਸ ਮਾਨ ਖ਼ਿਲਾਫ਼ ਸਰੀ ਦੇ ਗਰੈਂਡ ਤਾਜ ਹਾਲ 'ਚ ਸਾਹਿਤਕ ਤੇ ਸਮਾਜਿਕ ਜਥੇਬੰਦੀਆਂ ਦਾ ਵੱਡਾ ਇੱਕਠ ਹੋਇਆ , ਜਿਸ ਵਿੱਚ ਪਾਸ ਮਤਿਆਂ 'ਚ ਮਾਨ ਦੀ ਆਪਣੇ ਸ਼ੋਅ ਦੌਰਾਨ ਵਰਤੀ ਗਾਲੀ - ਗਲੋਚ ਵਾਲੀ ਸ਼ਬਦਾਵਲੀ ਦੀ ਪੁਰਜ਼ੋਰ ਨਿੰਦਾ ਕੀਤੀ ਗਈ। ਈਰਖਾਲੂ ਅਤੇ ਸੜੀਅਲ ਸੋਚ ਦੇ ਮਾਲਕਾਂ ਨੇ ਇਸ ਵੱਡੇ ਇਕੱਠ ਨੂੰ 'ਅਖੌਤੀ ਧਰਮ, ਸੱਭਿਆਚਾਰ ਅਤੇ ਬੋਲੀ ਦੇ ਠੇਕੇਦਾਰਾਂ ਦਾ ਹਜੂਮ' ਕਿਹਾ, ਪਰ ਅਸਲ ਵਿੱਚ ਇਹ ਮਾਂ ਬੋਲੀ ਨੂੰ ਸਮਰਪਿਤ ਜਾਗਰੂਕ ਲੋਕਾਂ ਦੀ ਸੰਗਤ ਸੀ। ਇਸ ਇਕੱਤਰਤਾ ਵਿੱਚ ਵੱਡੀ ਤਾਦਾਦ 'ਚ ਹਾਜ਼ਰ ਸਰੋਤਿਆਂ ਵੱਲੋਂ ਦੋਵੇਂ ਹੱਥ ਖੜ੍ਹੇ ਕਰਕੇ 'ਗੁਰਦਾਸ ਮਾਨ ਦੇ ਬਾਈਕਾਟ' ਦਾ ਫੈਸਲਾ ਲਿਆ ਗਿਆ। ਪੰਜਾਬੀ ਪ੍ਰੇਮੀਆਂ ਦੀਆਂ ਸ਼ਹਾਦਤਾਂ ਗੁਰਦਾਸ ਮਾਨ ਵਰਗੇ ਲੋਕਾਂ ਨੂੰ ਲਾਹਨਤਾਂ ਪਾ ਰਹੀਆਂ ਸਨ। ਜਿਸ ਪੰਜਾਬੀ ਬੋਲੀ ਲਈ ਅਨੇਕਾਂ ਸ਼ਹਾਦਤਾਂ ਹੋਈਆਂ, ਉਸ ਦੇ ਸਤਿਕਾਰ ਨੂੰ ਘੱਟੇ ਰੋਲਣ ਵਾਲੇ ਅਕਿਰਤਘਣ, ਪੰਜਾਬੀ ਬੋਲੀ ਦੇ ਗੱਦਾਰ ਹਨ ਤੇ ਇਤਿਹਾਸ ਵਿੱਚ 'ਅਪਮਾਨ' ਦੇ ਪਾਤਰ ਹਨ। ਗੁਰਦਾਸ ਮਾਨ ਨੂੰ ਕਿਸੇ ਵੇਲੇ ਪੰਜਾਬੀ ਗਾਇਕੀ ਲਈ ਮਿਲੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋ ਆਨਰੇਰੀ ਡਾਕਟਰੇਟ ਦੀ ਡਿਗਰੀ, ਵਾਪਸ ਲੈਣ ਦੀ ਵੀ ਪੁਰਜ਼ੋਰ ਮੰਗ ਕੀਤੀ ਗਈ। ਇਸ ਮੌਕੇ 'ਤੇ ਕੈਨੇਡਾ ਦੀਆਂ ਪੰਜਾਬੀ ਸਾਹਿਤਿਕ ਜਥੇਬੰਦੀਆਂ ਤੋਂ ਇਲਾਵਾ ਪੰਜਾਬ ਤੋਂ ਆਏ ਸੀਨੀਅਰ ਪੱਤਰਕਾਰ ਮਰਹੂਮ ਮੇਜਰ ਸਿੰਘ, ਲੇਖਕ ਰਾਜਵਿੰਦਰ ਸਿੰਘ ਰਾਹੀ ਅਤੇ ਭਾਸ਼ਾ ਵਿਭਾਗ ਦੇ ਸਾਬਕਾ ਡਾਇਰੈਕਟਰ ਸਰਦਾਰ ਚੇਤਨ ਸਿੰਘ ਵੀ ਮੌਜੂਦ ਸਨ।

ਗੁਰੂ ਸਹਿਬ ਨਾਲ ਨਸ਼ੇੜੀ ਅਤੇ ਡੰਮੀ ਦੀ ਤੁਲਨਾ ਦਾ ਦੋਸ਼ੀ :

ਗੁਰਦਾਸ ਮਾਨ ਨੇ ਗੁਰੂ ਸਾਹਿਬ ਅਤੇ ਗੁਰਬਾਣੀ ਦਾ ਨਿਰਾਦਰ ਕਰਕੇ, ਹੋਰ ਵੀ ਸ਼ਰਮਨਾਕ ਕਾਰਾ ਕੀਤਾ। ਚਿਲਮਾਂ, ਸਿਗਰਟਾਂ ਬੀੜੀਆਂ ਪੀਣ ਤੇ ਨਸ਼ੇ 'ਚ ਧੁੱਤ ਰਹਿ ਕਿ ਗੰਦੀਆਂ ਗਾਲ੍ਹਾਂ ਕੱਢਣ ਵਾਲੇ ਪਾਖੰਡੀ ਅਤੇ ਅਖੌਤੀ ਪੀਰ ਲਾਡੀ ਸ਼ਾਹ ਵਰਗਿਆਂ ਦੀ ਸਿਫ਼ਤ ਕਰਦਿਆਂ ਗੁਰਦਾਸ ਮਾਨ ਨੇ, ਉਨ੍ਹਾਂ ਨੂੰ ਗੁਰੂ ਅਮਰਦਾਸ ਜੀ ਦੇ ਵੰਸ਼ ਦਸਦਿਆਂ ਆਨੰਦ ਸਾਹਿਬ ਦੀ ਬਾਣੀ ਅਜਿਹੇ ਪਾਖੰਡੀ ਤੇ ਢੁਕਾ ਕੇ ਅਤੇ ਗੁਰੂ ਗ੍ਰੰਥ ਸਾਹਿਬ ਵਿਚਲੇ ਸ਼ਬਦਾਂ ਨਾਲ ਛੇੜ-ਛਾੜ ਕਰਕੇ, ਨਾ-ਕਾਬਲੇ ਬਰਦਾਸ਼ਤ ਗ਼ਲਤੀ ਕੀਤੀ। ਜਿਹੜੇ ਲਾਡੀ ਸ਼ਾਹ ਵਰਗਿਆਂ ਦਾ ਪੱਲਾ ਗੁਰਦਾਸ ਮਾਨ ਨੇ ਫੜਿਆ ਹੈ, ਉਨ੍ਹਾਂ ਦਾ ਗੁਰੂ ਘਰ ਦੇ ਨਾਲ ਕੋਈ ਵਾਸਤਾ ਹੀ ਨਹੀਂ, ਬਲਕਿ ਇਹ ਦੰਭੀ ਲੋਕ ਤਾਂ ਗੁਰੂ ਸਾਹਿਬ ਨਾਲੋਂ ਸਿੱਖਾਂ ਨੂੰ ਤੋੜ ਕੇ, ਗੁਰੂ-ਡੰਮ ਰਾਹੀਂ,ਪੰਜਾਬ 'ਚ ਸਿੱਖੀ ਤੇ ਗੁਰਬਾਣੀ ਨੂੰ ਖੋਰਾ ਲਾ ਰਹੇ ਹਨ। ਗੁਰਦਾਸ ਮਾਨ ਕਿੱਥੇ ਨੱਕ ਰਗੜਦਾ ਹੈ ਤੇ ਕਿਸ ਦੇ ਦਰ 'ਤੇ ਜਾ ਜਾ ਕੇ ਡਿੱਗਦਾ ਹੈ, ਇਹ ਉਸ ਦੇ 'ਦਿਲ ਦਾ ਨਿੱਜੀ ਮਾਮਲਾ' ਹੈ, ਉਸ ਦੇ ਨਿੱਜੀ ਜੀਵਨ ਨਾਲ ਕਿਸੇ ਦਾ ਕੋਈ ਸਰੋਕਾਰ ਨਹੀਂ, ਪਰ ਉਸ ਨੂੰ ਕੋਈ ਹੱਕ ਨਹੀਂ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਇਸਤਮਾਲ ਲਾਡੀ ਸ਼ਾਹ ਜਾਂ ਉਸ ਦੇ ਅਖੌਤੀ ਗੁਰੂ ਪੀਰ ਦੇ ਸੋਹਿਲੇ ਗਾਉਣ ਅਤੇ ਸਿਫ਼ਤਾਂ ਕਰਨ ਲਈ ਕਰੇ।

ਭੰਗੀ ਦੀ ਤੁਲਨਾ ਕਰੇ, ਨਾਲ ਗੁਰੂ ਸਹਿਬਾਨ।
ਦੋਸ਼ੀ ਸਿੱਖ ਸਿਧਾਂਤ ਦਾ, ਕੌਮ ਧ੍ਰੋਹੀ ਮਾਨ।

ਹੋਰਨਾਂ ਗੀਤਕਾਰਾਂ ਦੀਆਂ ਸਾਹਿਤਕ ਲਿਖਤਾਂ ਦੀ ਚੋਰੀ ਦਾ ਦੋਸ਼ੀ :

ਦੂਜਿਆਂ ਦੇ ਮਸ਼ਹੂਰ ਗੀਤਾਂ ਨੂੰ ਆਪਣੇ ਨਾਂ ਤੇ ਲਿਖਣ ਕਾਰਨ ਸਾਹਿਤਕ ਚੋਰੀ ਦਾ ਦੋਸ਼ੀ ਵੀ ਹੈ। ਇਹ ਗੱਲ ਸੱਚ ਹੈ ਜਿਸ ਬਾਰੇ ਖੋਜੀ ਸਾਹਿਤਕਾਰ ਅਸ਼ੋਕ ਬਾਂਸਲ ਲਿਖਦਾ ਹੈ...ਇਹ ਗੱਲ ਬਹੁਤ ਘੱਟ ਲੋਕ ਜਾਣਦੇ ਹਨ ਕਿ 26 ਨਵੰਬਰ,1964 ਨੂੰ ਪਾਕਿਸਤਾਨੀ ਟੈਲੀਵਿਜ਼ਨ ਦੇ ਉਦਘਾਟਨੀ ਸਮਾਰੋਹ ਤੇ ਪਾਕਿਸਤਾਨ ਦੇ ਪ੍ਰਸਿੱਧ ਗਾਇਕ ਤੁਫ਼ੈਲ ਨਿਆਜ਼ੀ ਨੇ 'ਗੀਤਕਾਰ ਚਾਨਣ ਗੋਬਿੰਦਪੁਰੀ' ਦਾ ਗੀਤ ਜਿਸ ਦੇ ਬੋਲ ਸਨ : "ਲਾਈ ਬੇਕਦਰਾਂ ਨਾਲ ਯਾਰੀ ਕਿ ਟੁੱਟਗੀ ਤੜੱਕ ਕਰਕੇ। ਚਾਨਣ ਗੋਬਿੰਦਪੁਰੀ ਦੇ ਇਸ ਗੀਤ ਦੀ ਮੂਲ ਲਿਖਤ ਉਹਨਾ ਦੀ ਪੁਸਤਕ 'ਮਿੱਠੀਆਂ ਪੀੜਾਂ' ਵਿਚ ਦਰਜ ਹੈ ਤੇ ਇਹ ਪੁਸਤਕ 1958 ਵਿਚ ਸ਼ਾਹਮੁਖੀ ਜ਼ਬਾਨ ਵਿਚ ਛਪੀ ਸੀ।" ਹੈਰਾਨੀ ਹੈ ਕਿ ਗੁਰਦਾਸ ਮਾਨ ਨੇ ਇਹ ਗੀਤ ਆਪਣੇ ਨਾਂ ਤੇ ਦਰਜ ਕਰ ਲਿਆ ਅਤੇ ਉਸ ਤੋਂ ਕਰੋੜਾਂ ਰੁਪਏ ਕਮਾਏ। ਇਥੇ ਹੀ ਬੱਸ ਨਹੀਂ, ਛੱਲਾ ਅਤੇ ਹੋਰ ਪ੍ਰਸਿੱਧ ਗੀਤ ਵੀ ਉਸ ਵੱਲੋਂ ਚੋਰੀ ਕੀਤੇ ਹੋਏ ਹਨ। ਦੁੱਖ ਇਸ ਗੱਲ ਦਾ ਹੈ ਕਿ ਪੰਜਾਬੀ ਸਾਹਿਤਕਾਰ ਅਤੇ ਮੀਡੀਆ ਇਸ ਗੱਲ 'ਤੇ ਮੂੰਹ 'ਚ ਘੁੰਗਣੀਆਂ ਪਾਈ ਬੈਠੇ ਹਨ।

ਸਾਰਾਂਸ਼ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ;

1) ਗੁਰਦਾਸ ਮਾਨ ਵੱਲੋਂ ਸਟੇਜ 'ਤੇ ਧੀਆਂ, ਭੈਣਾਂ, ਮਾਵਾਂ ਬਜ਼ੁਰਗਾਂ ਦੇ ਸਾਹਮਣੇ ਅਪਸ਼ਬਦ ਬੋਲਣ ਤੋਂ ਬਾਅਦ ਵੀ, ਕੋਈ ਪਛਤਾਵਾ ਨਾ ਕਰਨਾ ਸ਼ਰਮਨਾਕ ਹੈ।

(2) ਗੁਰਦਾਸ ਮਾਨ ਵਲੋਂ 'ਸਰਕਾਰ ਦੀ ਸ਼ਹਿ 'ਤੇ ਇੱਕ ਦੇਸ਼ ਇੱਕ ਬੋਲੀ' ਦਾ ਨਾਅਰਾ ਮਾਰਨਾ, ਆਪਣੀ ਮਾਂ ਬੋਲੀ ਪੰਜਾਬੀ ਦਾ ਨਿਰਾਦਰ ਹੈ। ਅਜਿਹਾ 'ਸਰਕਾਰੀ ਬਿਰਤਾਂਤ' ਸਿਰਜਣ ਕਾਰਨ ਹੀ ਨੌਜਵਾਨਾਂ ਨੇ ਕਿਸਾਨ ਸੰਘਰਸ਼ ਦੌਰਾਨ ਗੁਰਦਾਸ ਮਾਨ ਨੂੰ ਸਟੇਜ ਤੇ ਬੋਲਣ ਨਹੀਂ ਦਿੱਤਾ।

3) ਗੁਰਦਾਸ ਮਾਨ ਵੱਲੋਂ ਡੇਰਿਆਂ 'ਤੇ ਜਾ ਕੇ ਨਸ਼ਾ ਕਰਨ ਵਾਲਿਆਂ ਨੂੰ ਪ੍ਰਮੋਟ ਕਰਨਾ, ਪੰਜਾਬ ਦੀ ਜਵਾਨੀ ਲਈ ਖਤਰਨਾਕ ਹੈ।

(4) ਗੁਰਦਾਸ ਮਾਨ ਵਲੋਂ ਹੁੱਕਾ ਤੇ ਸਿਗਰਟਾਂ ਪੀਣ ਵਾਲੇ ਲਾਡੀ ਸ਼ਾਹ ਨੂੰ ਗੁਰੂ ਅਮਰਦਾਸ ਜੀ ਦਾ ਵੰਸ਼ਜ ਕਹਿਣਾ, ਸਿੱਖਾਂ ਲਈ ਬਰਦਾਸ਼ਤ ਤੋਂ ਬਾਹਰ ਹੈ।

5) ਗੁਰਦਾਸ ਮਾਨ ਵੱਲੋਂ ਪੰਜਾਬ ਦੇ ਬੁੱਚੜ ਕੇ.ਪੀ.ਐੱਸ ਗਿੱਲ ਵਰਗਿਆਂ ਨੂੰ ਸਟੇਜ 'ਤੇ ਪ੍ਰਮੋਟ ਕਰਨਾ ਅਤੇ ਬੁੱਚੜ ਗਿੱਲ ਵਰਗਿਆਂ ਵੱਲੋਂ 90ਵਿਆਂ ਵਿੱਚ ਅਜਿਹੇ ਦਰਬਾਰੀ ਗਵੱਈਆਂ ਨੂੰ ਉਤਸ਼ਾਹਤ ਕਰਕੇ, ਪੰਜਾਬ ਦੀ ਜਵਾਨੀ ਨੂੰ ਸ਼ਰਾਬ ਤੇ ਕਬਾਬ ਵੱਲ ਤੋਰਨਾ, ਚਿੰਤਾ ਦਾ ਵਿਸ਼ਾ ਹੈ।

ਅਹਿਮ ਤੱਥਾਂ ਦੀ ਰੌਸ਼ਨੀ ਵਿੱਚ ਗੁਰਦਾਸ ਮਾਨ ਦਾ ਵਿਰੋਧ ਮਹਿਜ਼ ਉਸਦਾ ਨਿਜੀ ਵਿਰੋਧ ਨਾ ਹੋ ਕੇ, 'ਸਰਕਾਰੀ ਬਿਰਤਾਂਤ' ਦਾ ਵਿਰੋਧ, ਪੰਜਾਬੀ ਬੋਲੀ ਦੀ ਦੁਰਗਤੀ ਅਤੇ ਬੇਹੁਰਮਤੀ ਦਾ ਵਿਰੋਧ, ਨੌਜਵਾਨ ਨੂੰ ਨਸ਼ਿਆਂ, ਤੰਬਾਕੂਆਂ ਆਦਿ ਦੀ ਦਲਦਲ ਵਿੱਚ ਧੱਕਣ ਦਾ ਵਿਰੋਧ ਪੰਜਾਬ ਦੀ ਧਰਤੀ ਤੇ ਨਸ਼ੇੜੀ ਡੇਰੇਦਾਰਾਂ ਨੂੰ ਪ੍ਰਮੋਟ ਕਰਨ ਦਾ ਵਿਰੋਧ ਹੈ। ਇਹ ਵਿਰੋਧ ਕੈਨੇਡਾ,ਅਮਰੀਕਾ, ਇੰਗਲੈਂਡ ਜਾਂ ਪੰਜਾਬ ਦੀ ਕਿਸੇ ਵਿਸ਼ੇਸ਼ ਸੰਸਥਾ ਵੱਲੋਂ ਨਾ ਹੋ ਕੇ, ਸਮੂਹ ਪੰਜਾਬੀਆਂ ਅਤੇ ਪੰਜਾਬੀ ਹਿਤੈਸ਼ੀਆਂ ਵੱਲੋਂ ਕੀਤਾ ਜਾ ਰਿਹਾ ਵਿਰੋਧ ਹੈ। ਗੁਰਦਾਸ ਮਾਨ ਦਾ ਵਿਰੋਧ ਜਾਰੀ ਰਹੇਗਾ ਅਤੇ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਗੁਰਦਾਸ ਮਾਨ ਵੱਲੋਂ ਸਰਕਾਰ ਦੇ ਫਾਸ਼ੀਵਾਦੀ ਏਜੰਡੇ ਨੂੰ ਤਿਲਾਂਜਲੀ ਦੇ ਕੇ, ਮਾਂ ਬੋਲੀ ਪੰਜਾਬੀ ਖਿਲਾਫ ਕੀਤੀਆਂ ਗਲਤ ਟਿੱਪਣੀਆਂ ਦਾ ਦੋਸ਼ ਨਹੀਂ ਕਬੂਲਦਾ ਅਤੇ ਆਪਣੇ ਮੂੰਹੋਂ ਕੱਢੇ ਪੰਜਾਬੀ ਵਿਰੋਧੀ ਸ਼ਬਦ ਰੱਦ ਕਰਕੇ, ਬੱਜਰ ਗੁਨਾਹਾਂ ਦਾ ਪਛਤਾਵਾ ਨਹੀਂ ਕਰਦਾ।

ਆਪਣੀ ਬੋਲੀ ਨਿੰਦ ਕੇ, ਮਾਣ ਦੀ ਰੱਖੇਂ ਆਸ?
ਮਾਰ ਕੇ ਕਿੰਵ ਜ਼ਮੀਰ ਨੂੰ, ਹੋਏਂ ਗੁਰਾਂ ਦਾ ਦਾਸ?



ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

International
Punjabi Tribune

• Rachhpal Singh Gill
Editor
604-616-2171

Funded by the Government of Canada | Financé par le gouvernement du Canada | Canada

ADVISORY BOARD

• Gurvinder Singh Dhaliwal
Vancouver,
604-825-1550
• Brar Bhagta Bhai Ka
Abbotsford
604-751-1113
• Hardam Singh Maan
Surrey
604-308-6663
• Virpal Singh Bhagta
News Reporter | Punjab
+91 96532 00226
• Ekjot Singh
News Reporter

Ekjot Singh as part of the
Local Journalism Initiative.

Printed & Published in
Canada by :
International Punjabi Tribune Inc.

604-584-5577 (Office)
punjabitribune
iptribune@gmail.com
www.punjabitribune.ca
punjabitribune

NOTICE TO ADVERTISER

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

**Publisher is not responsible in any mishappening between the customer and Advertiser.**

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾਲ਼ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲ਼ੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾਲ਼ੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜਿੰਮੇਵਾਰ ਹੋਵੇਗਾ।

# ਕੈਨੇਡਾ ਵਿੱਚ ਵਸਦੇ ਪ੍ਰਵਾਸੀ ਲੋਕਾਂ ਦੇ ਦਿਮਾਗਾਂ ਦਾ ਤਣਾਅ ਕਿਉਂ ਵਧਦਾ ਜਾ ਰਿਹਾ ਹੈ?

*"ਮਹਿੰਗਾਈ, ਬੇਰੋਜ਼ਗਾਰੀ, ਕੈਨੇਡਾ ਸਰਕਾਰ ਵੱਲੋਂ ਟੈਕਸਾਂ ਦਾ ਬੋਝ ਵਧਾਉਣ, ਤਨਖਾਹਾਂ ਵਿੱਚ ਵਾਧਾ ਨਾ ਕਰਨ, ਇਸ ਮੁਲਕ ਦੀ ਆਰਥਿਕ ਮੰਦਹਾਲੀ, ਪਰਿਵਾਰਾਂ ਦੇ ਚੰਗੇ ਗੁਜ਼ਾਰੇ ਲਈ ਪਤੀ ਪਤਨੀ ਦੋਹਾਂ ਨੂੰ ਨੌਕਰੀ ਨਾ ਮਿਲਣ, ਮਕਾਨਾਂ ਦੇ ਕਿਰਾਏ ਵਧਣ, ਬੱਚਿਆਂ ਦੇ ਪਾਲਣ ਪੋਸਣ, ਬੇਸਮੈਂਟਾਂ ਦੀ ਮਾੜੀ ਜ਼ਿੰਦਗੀ, ਬੱਚਿਆਂ ਤੇ ਬਜ਼ੁਰਗਾਂ ਦੇ ਟਕਰਾਅ, ਬਜ਼ੁਰਗਾਂ ਦੀਆਂ ਬਿਮਾਰੀਆਂ, ਬਜ਼ੁਰਗਾਂ ਦਾ ਸਮਾਂ ਪਾਸ ਨਾ ਹੋਣ, ਮੁੰਡੇ ਕੁੜੀਆਂ ਦੇ ਵਿਆਹ ਨਾ ਹੋਣ ਵਜੋਂ ਉਨ੍ਹਾਂ ਦੀ ਵਧ ਰਹੀ ਉਮਰ, ਪਤੀ ਪਤਨੀ ਦੇ ਹੋਣ ਵਾਲੇ ਝਗੜਿਆਂ ਅਤੇ ਤਲਾਕਾਂ ਕਾਰਨ ਇਸ ਮੁਲਕ ਵਿੱਚ ਵਸ ਰਹੇ ਪ੍ਰਵਾਸੀ ਲੋਕਾਂ ਦੇ ਦਿਮਾਗਾਂ ਦੇ ਤਣਾਅ ਵਿੱਚ ਵਾਧਾ ਹੋ ਰਿਹਾ ਹੈ। ਕੈਨੇਡਾ ਦੀ ਸਰਕਾਰ ਨੂੰ ਆਪਣੇ ਜ਼ਿਹਨ ਵਿੱਚ ਇਹ ਗੱਲ ਚੰਗੀ ਤਰ੍ਹਾਂ ਬਿਠਾ ਲੈਣੀ ਚਾਹੀਦੀ ਹੈ ਕਿ ਉਸ ਨੂੰ ਦੂਜੇ ਮੁਲਕਾਂ ਤੋਂ ਇਸ ਮੁਲਕ ਵਿੱਚ ਵਸੇ ਹੋਏ ਪ੍ਰਵਾਸੀ ਲੋਕਾਂ ਪ੍ਰਤੀ ਆਪਣੀ ਨੀਅਤ ਅਤੇ ਨੀਤੀ ਸਾਫ ਰੱਖਣੀ ਪਵੇਗੀ।"*

ਲਿਖਤ : ਪ੍ਰਿੰ. ਵਿਜੈ ਕੁਮਾਰ
ਸੰਪਰਕ : 98726 - 27136



ਪਾਰਕਾਂ ਵਿੱਚ ਜਨਤਕ ਥਾਵਾਂ 'ਤੇ ਬੈਠੇ ਅਤੇ ਸਮਾਗਮਾਂ ਵਿੱਚ ਸ਼ਮੂਲੀਅਤ ਕਰਦੇ ਕੈਨੇਡਾ ਵਿੱਚ ਕੱਚੇ ਅਤੇ ਪੱਕੇ ਤੌਰ 'ਤੇ ਵਸਦੇ ਹਰ ਪ੍ਰਵਾਸੀ ਦੇ ਮੂੰਹੋਂ ਇਹ ਗੱਲ ਸੁਣਨ ਨੂੰ ਮਿਲ ਰਹੀ ਹੈ ਕਿ ਹੁਣ ਇਹ ਕੈਨੇਡਾ ਪਹਿਲਾਂ ਵਰਗਾ ਕੈਨੇਡਾ ਨਹੀਂ ਰਿਹਾ, ਅਸੀਂ ਜੋ ਕੁਝ ਕੈਨੇਡਾ ਬਾਰੇ ਸੁਣਿਆ ਸੀ, ਉਸ ਤਰ੍ਹਾਂ ਦਾ ਕੈਨੇਡਾ ਤਾਂ ਹੈ ਹੀ ਨਹੀਂ। ਅਸੀਂ ਤਾਂ ਇਸ ਮੁਲਕ ਵਿੱਚ ਆ ਕੇ ਫਸ ਹੀ ਗਏ ਹਾਂ। ਪਹਿਲਾਂ ਅਤੇ ਹੁਣ ਵਾਲੇ ਕੈਨੇਡਾ ਵਿੱਚ ਲੋਕਾਂ ਨੂੰ ਫਰਕ ਇਸ ਲਈ ਲੱਗ ਰਿਹਾ ਹੈ ਕਿਉਂਕਿ ਅੱਜ ਤੋਂ ਵੀਹ ਪੱਚੀ ਸਾਲ ਪਹਿਲਾਂ ਇਸ ਮੁਲਕ ਵਿੱਚ ਰੋਜ਼ਗਾਰ ਅਸਾਨੀ ਨਾਲ ਮਿਲ ਜਾਂਦਾ ਸੀ। ਅਬਾਦੀ ਘੱਟ ਸੀ, ਸਾਫ ਸਫਾਈ ਦੀ ਵਿਵਸਥਾ ਬਹੁਤ ਕਮਾਲ ਦੀ ਸੀ। ਰਹਿਣ ਲਈ ਮਕਾਨਾਂ ਦੀ ਸਮੱਸਿਆ ਨਹੀਂ ਸੀ। ਮਹਿੰਗਾਈ ਬਹੁਤ ਘੱਟ ਸੀ। ਸਿਹਤ ਸੇਵਾਵਾਂ ਬਹੁਤ ਚੰਗੀਆਂ ਸਨ। ਜੁਰਮ, ਹੇਰਾਫੇਰੀਆਂ, ਧੋਖਾਧੜੀਆਂ, ਚੋਰੀਆਂ, ਫ਼ਿਰੌਤੀਆਂ, ਲੁੱਟਾਂ ਖੋਹਾਂ ਸੜਕ ਦੁਰਘਟਨਾਵਾਂ, ਮਾਰ ਮਰਾਈ ਅਤੇ ਨਸ਼ਿਆਂ ਵਰਗੀਆਂ ਬੁਰਾਈਆਂ ਨਾ ਮਾਤਰ ਹੀ ਸਨ ਪਰ ਇਸ ਮੁਲਕ ਦੀਆਂ ਸਰਕਾਰਾਂ ਨੇ ਆਪਣੀ ਆਰਥਿਕਤਾ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਦੂਜੇ ਦੇਸ਼ਾਂ ਤੋਂ ਪ੍ਰਵਾਸੀ ਲੋਕਾਂ ਨੂੰ ਬਿਨਾਂ ਸੋਚੇ ਸਮਝੇ ਧੜਾਧੜ ਬੁਲਾਉਣਾ ਸ਼ੁਰੂ ਕਰ ਦਿੱਤਾ। ਸਰਕਾਰਾਂ ਨੇ ਦੂਜੇ ਦੇਸ਼ ਤੋਂ ਪ੍ਰਵਾਸੀ ਲੋਕਾਂ ਨੂੰ ਬੁਲਾਉਣ ਤੋਂ ਪਹਿਲਾਂ ਇਹ ਸੋਚਿਆ ਹੀ ਨਹੀਂ ਕਿ ਇਸ ਮੁਲਕ ਵਿੱਚ ਤਰ੍ਹਾਂ ਤਰ੍ਹਾਂ ਦੀਆਂ ਸਮੱਸਿਆ ਵੀ ਖੜ੍ਹੀਆਂ ਹੋ ਸਕਦੀਆਂ ਹਨ। ਬੁਲਾਏ ਜਾਣ ਵਾਲੇ ਲੋਕਾਂ ਲਈ ਲੋੜੀਂਦੇ ਪ੍ਰਬੰਧ ਵੀ ਕਰਨੇ ਹਨ। ਦੇਸ਼ ਨੂੰ ਸੁੱਚਜੇ ਢੰਗ ਨਾਲ ਚਲਾਉਣ ਲਈ ਪੁਲਿਸ, ਜੱਜਾਂ, ਅਦਾਲਤਾਂ ਅਤੇ ਹੋਰ ਸੇਵਾਵਾਂ ਦਾ ਪ੍ਰਬੰਧ ਵੀ ਕਰਨਾ ਹੈ। ਕਾਨੂੰਨਾਂ ਵਿੱਚ ਸੋਧ ਵੀ ਕਰਨੀ ਹੈ। ਅੱਜ ਇਸ ਮੁਲਕ ਵਿੱਚ 162 ਦੇਸ਼ਾਂ ਦੇ 42 ਮਿਲੀਅਨ ਯਾਨੀ ਕਿ 5 ਕਰੋੜ ਲੋਕ ਰਹਿ ਰਹੇ ਹਨ। ਅੱਜ ਇਸ ਮੁਲਕ ਵਿੱਚ 25% ਭਾਰਤੀ ਅਤੇ 40% ਚੀਨ ਦੇ ਲੋਕ ਵਸ ਰਹੇ ਹਨ। ਇਹ ਮੁਲਕ ਇਮਾਨਦਾਰੀ, ਵਿਸ਼ਵਾਸ, ਸ਼ਾਂਤੀ, ਕੁਦਰਤ ਦੇ ਨਿਯਮਾਂ, ਇਨਸਾਨੀਅਤ, ਕਾਨੂੰਨਾਂ ਤੇ ਉੱਚ ਪੱਧਰ ਦੀਆਂ ਨੈਤਿਕ ਕਦਰਾਂ ਦਾ ਪੁਜਾਰੀ ਹੈ।

ਪਰ ਇਸ ਮੁਲਕ ਦੀਆਂ ਸਰਕਾਰਾਂ ਨੇ ਉਨ੍ਹਾਂ ਮੁਲਕਾਂ ਦੇ ਲੋਕਾਂ ਨੂੰ ਵੀ ਬਹੁਗਿਣਤੀ ਵਿੱਚ ਬੁਲਾ ਲਿਆ ਹੈ, ਜਿਨ੍ਹਾਂ ਮੁਲਕਾਂ ਵਿੱਚ ਕਾਨੂੰਨ ਨੂੰ ਬਹੁਤਾ ਮਹੱਤਵ ਨਹੀਂ ਦਿੱਤਾ ਜਾਂਦਾ, ਜਿਨ੍ਹਾਂ ਮੁਲਕਾਂ ਵਿੱਚ ਨੈਤਿਕ ਕਦਰਾਂ ਨੂੰ ਤਰਜੀਹ ਬਹੁਤ ਘੱਟ ਦਿੱਤੀ ਜਾਂਦੀ ਹੈ। ਚੋਰੀਆਂ, ਹੇਰਾਫੇਰੀਆਂ, ਜੁਰਮਾਂ ਲੁੱਟਾਂ ਖੋਹਾਂ, ਡਕੈਤੀਆਂ, ਫ਼ਿਰੌਤੀਆਂ, ਟੈਕਸ ਦੀਆਂ ਹੇਰਾਫੇਰਾਂ, ਨਸ਼ਿਆਂ ਅਤੇ ਧੋਖਾਧੜੀਆਂ ਦੀ ਭਰਮਾਰ ਹੈ। ਉਨ੍ਹਾਂ ਮੁਲਕਾਂ ਦੇ ਲੋਕਾਂ ਨੇ ਇਸ ਮੁਲਕ ਵਿੱਚ ਆਕੇ ਵੀ ਆਪਣੀਆਂ ਉਹ ਮਾੜੀਆਂ ਆਦਤਾਂ ਨਹੀਂ ਛੱਡੀਆਂ। ਉਨ੍ਹਾਂ ਲੋਕਾਂ ਨੇ ਇਸ ਮੁਲਕ ਦੇ ਹਾਲਾਤ ਵੀ ਵਿਗਾੜ ਦਿੱਤੇ। ਕੈਨੇਡਾ ਦੇ ਬਿਗੜ ਰਹੇ ਇਨ੍ਹਾਂ ਹਾਲਾਤ ਨੂੰ ਵੇਖਕੇ ਇੱਥੇ ਵਸ ਰਹੇ ਲੋਕਾਂ ਦਾ ਇਹ ਸੋਚਕੇ ਕਿ ਉਨ੍ਹਾਂ ਦਾ ਇਸ ਮੁਲਕ ਵਿੱਚ ਭਵਿੱਖ ਕੀ ਹੋਵੇਗਾ, ਦਿਮਾਗੀ ਤਣਾਅ ਵਧ ਰਿਹਾ ਹੈ। ਕਿਸੇ ਵੀ ਮੁਲਕ ਦਾ ਸਾਰਾ ਦਾਰੋਮਦਾਰ, ਖੁਸ਼ਹਾਲੀ, ਸ਼ਾਂਤੀ ਵਿਵਸਥਾ, ਵਪਾਰ ਅਤੇ ਆਰਥਿਕ ਮਜ਼ਬੂਤੀ ਉਸ ਮੁਲਕ ਦੇ ਰੋਜ਼ਗਾਰ ਦੇ ਸਾਧਨਾਂ ਨਾਲ ਜੁੜੇ ਹੋਏ ਹੁੰਦੇ ਹਨ। ਕੈਨੇਡਾ ਵਿੱਚ ਸਭ ਤੋਂ ਵੱਧ ਤਣਾਅ ਵਿੱਚ ਦੂਜੇ ਮੁਲਕਾਂ ਤੋਂ ਆਏ ਵਿਦਿਆਰਥੀ ਹਨ। ਕੋਈ ਵੀ ਵਿਦਿਆਰਥੀ ਕੈਨੇਡਾ ਵਿੱਚ ਆਪਣਾ ਮੁਲਕ ਛੱਡਕੇ ਤੇ ਆਪਣੇ ਮਾਪਿਆਂ ਦਾ 30-35 ਲੱਖ ਰੁਪਇਆ ਖਰਚ ਕਰਕੇ ਪੜ੍ਹਨ ਲਈ ਨਹੀਂ, ਸਗੋਂ ਰੋਜ਼ਗਾਰ ਹਾਸਲ ਕਰਨ ਹੀ ਆਉਂਦਾ ਹੈ ਪਰ ਇਸ ਮੁਲਕ ਦੀਆਂ ਸਰਕਾਰਾਂ ਨੇ ਲੱਖਾਂ ਦੀ ਗਿਣਤੀ ਵਿੱਚ ਵਿਦਿਆਰਥੀਆਂ ਨੂੰ ਬੁਲਾ ਤਾਂ ਲਿਆ ਪਰ ਉਸ ਗਿਣਤੀ ਮੁਤਾਬਿਕ ਰੋਜ਼ਗਾਰ ਦੇ ਮੌਕੇ ਪੈਦਾ ਨਹੀਂ ਕੀਤੇ ਅਤੇ ਭਵਿੱਖ ਵਿੱਚ ਵੀ ਰੋਜ਼ਗਾਰ ਦੇ ਮੌਕੇ ਪੈਦਾ ਹੋਣ ਦੇ ਆਸਾਰ ਵਿਖਾਈ ਨਹੀਂ ਦੇ ਰਹੇ। ਇੱਕ ਪਾਸੇ ਮਾਪਿਆਂ ਦੇ ਸਿਰ ਬੈਂਕਾਂ ਦਾ ਕਰਜ਼ਾ, ਕਾਲਜਾਂ ਦੀਆਂ ਫੀਸਾਂ, ਮਕਾਨਾਂ ਦੇ ਕਿਰਾਏ 'ਤੇ ਹੋਰ ਖਰਚੇ ਪਰ ਦੂਜੇ ਪਾਸੇ ਰੋਜ਼ਗਾਰ ਮਿਲਣ ਦੀ ਕੋਈ ਸੰਭਾਵਨਾ ਨਹੀਂ। ਕੈਨੇਡਾ ਸਰਕਾਰਾਂ ਵੱਲੋਂ ਵਿਦਿਆਰਥੀਆਂ ਦੇ ਵਰਕ ਪਰਮਿਟ ਬੰਦ ਕਰਨ ਅਤੇ ਉਨ੍ਹਾਂ ਨੂੰ ਆਪਣੇ ਮੁਲਕ ਵਿੱਚੋਂ ਵਾਪਸ ਭੇਜਣ ਦੇ ਨਵੇਂ ਨਵੇਂ ਫੈਸਲੇ ਲਏ ਜਾ ਰਹੇ ਹਨ। ਅਜਿਹੇ ਹਾਲਾਤਾਂ ਵਿੱਚ ਉਹ ਨਾ ਆਪਣੇ ਘਰ ਨੂੰ ਮੁੜਨ ਜੋਗੇ ਤੇ ਨਾ ਇੱਥੇ ਵਸਣ ਜੋਗੇ। ਇਹੋ ਜਿਹੇ ਹਾਲਤ ਉਨ੍ਹਾਂ ਦੇ ਦਿਮਾਗ ਦਾ ਤਣਾਅ ਵਧਾ ਰਹੇ ਹਨ। ਉਹ ਨਸ਼ਿਆਂ, ਖੁਦਕੁਸ਼ੀਆਂ ਤੇ ਹਾਰਟ ਅਟੈਕ ਦਾ ਸ਼ਿਕਾਰ ਹੋ ਰਹੇ ਹਨ।

ਨਵੇਂ ਮੁੰਡੇ ਕੁੜੀਆਂ ਨੂੰ ਤਾਂ ਨੌਕਰੀਆਂ ਕੀ ਮਿਲਣੀਆਂ, ਜਿਹੜੇ ਨੌਕਰੀਆਂ ਕਰਦੇ ਵੀ ਹਨ, ਉਨ੍ਹਾਂ ਦੀਆਂ ਨੌਕਰੀਆਂ ਵੀ ਖਤਰੇ ਵਿੱਚ ਨਜ਼ਰ ਆ ਰਹੀਆਂ ਹਨ। ਕੰਪਨੀਆਂ ਆਰਥਿਕ ਸੰਕਟ ਦੀਆਂ ਆੜ ਵਿਚ ਤਿੰਨਾਂ ਚਾਰ ਵਿਅਕਤੀਆਂ ਦਾ ਕੰਮ ਇੱਕ ਵਿਅਕਤੀ ਤੋਂ ਲੈਣ ਲਈ ਆਨੇ ਬਹਾਨੇ ਆਪਣੇ ਮੁਲਾਜ਼ਮਾਂ ਨੂੰ ਨੌਕਰੀਆਂ ਵਿੱਚੋਂ ਕੱਢ ਰਹੀਆਂ ਹਨ। ਜਿਨ੍ਹਾਂ ਮੁਲਾਜ਼ਮਾਂ ਦੀਆਂ ਨੌਕਰੀਆਂ ਚਲੀਆਂ ਗਈਆਂ ਹਨ, ਜਾਂ ਜਿਨ੍ਹਾਂ ਨੂੰ ਨੌਕਰੀਆਂ ਜਾਣ ਦਾ ਖਤਰਾ ਹੈ, ਉਨ੍ਹਾਂ ਦਾ ਦਿਮਾਗੀ ਤਣਾਅ ਇਸ ਲਈ ਵਧ ਰਿਹਾ ਹੈ ਕਿ ਉਹ ਮਕਾਨਾਂ, ਗੱਡੀਆਂ ਤੇ ਹੋਰ ਸਮਾਨ ਲਈ ਲਏ ਹੋਏ ਕਰਜ਼ਿਆਂ ਦੀਆਂ ਕਿਸ਼ਤਾਂ ਕਿੱਥੋਂ ਦੇਣਗੇ, ਬੱਚਿਆਂ ਦੀਆਂ ਫੀਸਾਂ ਕਿੱਥੋਂ ਦੇਣਗੇ, ਘਰ ਦੇ ਖਰਚੇ ਕਿਵੇਂ ਕਰਨਗੇ? ਉਹ ਨਾ ਤਾਂ ਆਪਣੇ ਮੁਲਕ ਵਾਪਸ ਜਾਣ ਜੋਗੇ ਰਹੇ ਹਨ ਅਤੇ ਨਾ ਇੱਥੇ ਵਸਣ ਜੋਗੇ ਰਹੇ।

ਜਿਹੜੇ ਲੋਕ ਆਪਣੇ ਮੁਲਕ ਨੂੰ ਛੱਡਕੇ ਲੰਬੇ ਸਮੇਂ ਤੋਂ ਆਪਣੇ ਬੱਚਿਆਂ ਨਾਲ ਇਸ ਮੁਲਕ ਵਿੱਚ ਵਸ ਰਹੇ ਹਨ, ਉਨ੍ਹਾਂ ਲੋਕਾਂ ਦਾ ਦਿਮਾਗੀ ਤਣਾਅ ਇਸ ਲਈ ਵਧ ਰਿਹਾ ਹੈ ਕਿਉਂਕਿ ਉਨ੍ਹਾਂ ਨੂੰ ਹੁਣ ਇਸ ਮੁਲਕ ਵਿੱਚ ਆਪਣਾ ਅਤੇ ਆਪਣੇ ਬੱਚਿਆਂ ਦਾ ਭਵਿੱਖ ਖਤਰੇ ਵਿੱਚ ਨਜ਼ਰ ਆ ਰਿਹਾ ਹੈ। ਇਸ ਮੁਲਕ ਦੀ ਸਰਕਾਰ ਦੂਜੇ ਦੇਸ਼ਾਂ ਤੋਂ ਮੁੰਡੇ ਕੁੜੀਆਂ ਤੇ ਹੋਰ ਲੋਕਾਂ ਨੂੰ ਬੁਲਾਉਣਾ ਘਟਾ ਰਹੀ ਹੈ। ਇੱਥੇ ਪੜ੍ਹਨ ਆਏ ਮੁੰਡੇ ਕੁੜੀਆਂ ਨੂੰ ਵਾਪਸ ਭੇਜਣ ਲਈ ਨਵੇਂ ਫੈਸਲੇ ਕਰ ਰਹੀ ਹੈ। ਲੋਕ ਇਸ ਮੁਲਕ ਦੇ ਮਾੜੇ ਹਾਲਾਤ ਕਾਰਨ ਆਪਣੇ ਆਪ ਇਸ ਨੂੰ ਛੱਡਕੇ ਜਾ ਰਹੇ ਹਨ। ਇਸ ਕਾਰਨ ਇਸ ਮੁਲਕ ਦੇ ਰੀਅਲ ਇਸਟੇਟ ਦਾ ਕੰਮ ਕਰਨ ਵਾਲੇ, ਵਪਾਰੀ ਵਰਗ ਅਤੇ ਕੰਪਨੀਆਂ ਦੇ ਮਾਲਕਾਂ ਦੇ ਦਿਮਾਗਾਂ ਦਾ ਤਣਾਅ ਵਧ ਰਿਹਾ ਹੈ। ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਵਿਵਸਥਾ ਦੀ ਹਾਲਤ ਬਹੁਤੀ ਚੰਗੀ ਨਾ ਹੋਣ ਕਾਰਨ ਇੱਥੇ ਵਸਦੇ ਪ੍ਰਵਾਸੀ ਲੋਕਾਂ ਦੇ ਦਿਮਾਗਾਂ ਦਾ ਤਣਾਅ ਵਧਦਾ ਜਾ ਰਿਹਾ ਹੈ।

ਮਹਿੰਗਾਈ, ਬੇਰੋਜ਼ਗਾਰੀ, ਕੈਨੇਡਾ ਸਰਕਾਰ ਵੱਲੋਂ ਟੈਕਸਾਂ ਦਾ ਬੋਝ ਵਧਾਉਣ, ਤਨਖਾਹਾਂ ਵਿੱਚ ਵਾਧਾ ਨਾ ਕਰਨ, ਇਸ ਮੁਲਕ ਦੀ ਆਰਥਿਕ ਮੰਦਹਾਲੀ, ਪਰਿਵਾਰਾਂ ਦੇ ਚੰਗੇ ਗੁਜ਼ਾਰੇ ਲਈ ਪਤੀ ਪਤਨੀ ਦੋਹਾਂ ਨੂੰ ਨੌਕਰੀ ਨਾ ਮਿਲਣ, ਮਕਾਨਾਂ ਦੇ ਕਿਰਾਏ ਵਧਣ, ਬੱਚਿਆਂ ਦੇ ਪਾਲਣ ਪੋਸਣ, ਬੇਸਮੈਂਟਾਂ ਦੀ ਮਾੜੀ ਜ਼ਿੰਦਗੀ, ਬੱਚਿਆਂ ਤੇ ਬਜ਼ੁਰਗਾਂ ਦੇ ਟਕਰਾਅ, ਬਜ਼ੁਰਗਾਂ ਦੀਆਂ ਬਿਮਾਰੀਆਂ, ਬਜ਼ੁਰਗਾਂ ਦਾ ਸਮਾਂ ਪਾਸ ਨਾ ਹੋਣ, ਮੁੰਡੇ ਕੁੜੀਆਂ ਦੇ ਵਿਆਹ ਨਾ ਹੋਣ ਵਜੋਂ ਉਨ੍ਹਾਂ ਦੀ ਵਧ ਰਹੀ ਉਮਰ, ਪਤੀ ਪਤਨੀ ਦੇ ਹੋਣ ਵਾਲੇ ਝਗੜਿਆਂ ਅਤੇ ਤਲਾਕਾਂ ਕਾਰਨ ਇਸ ਮੁਲਕ ਵਿੱਚ ਵਸ ਰਹੇ ਪ੍ਰਵਾਸੀ ਲੋਕਾਂ ਦੇ ਦਿਮਾਗਾਂ ਦੇ ਤਣਾਅ ਵਿੱਚ ਵਾਧਾ ਹੋ ਰਿਹਾ ਹੈ। ਕੈਨੇਡਾ ਦੀ ਸਰਕਾਰ ਨੂੰ ਆਪਣੇ ਜ਼ਿਹਨ ਵਿੱਚ ਇਹ ਗੱਲ ਚੰਗੀ ਤਰ੍ਹਾਂ ਬਿਠਾ ਲੈਣੀ ਚਾਹੀਦੀ ਹੈ ਕਿ ਉਸ ਨੂੰ ਦੂਜੇ ਮੁਲਕਾਂ ਤੋਂ ਇਸ ਮੁਲਕ ਵਿੱਚ ਵਸੇ ਹੋਏ ਪ੍ਰਵਾਸੀ ਲੋਕਾਂ ਪ੍ਰਤੀ ਆਪਣੀ ਨੀਅਤ ਅਤੇ ਨੀਤੀ ਸਾਫ ਰੱਖਣੀ ਪਵੇਗੀ। ਕਿਉਂਕਿ ਇਸ ਮੁਲਕ ਦੀ ਆਰਥਿਕਤਾ ਵਿਦੇਸ਼ੀ ਮੁਲਕਾਂ ਤੋਂ ਆਕੇ ਇੱਥੇ ਆਕੇ ਵਸਣ ਵਾਲੇ ਪ੍ਰਵਾਸੀ ਲੋਕਾਂ ਉੱਤੇ ਹੀ ਨਿਰਭਰ ਕਰਦੀ ਹੈ। ਦੂਜੇ ਮੁਲਕਾਂ ਤੋਂ ਇਸ ਮੁਲਕ ਵਿੱਚ ਲੋਕ ਤਾਂ ਹੀ ਆਉਣਗੇ ਜੇਕਰ ਇੱਥੇ ਰੋਜ਼ਗਾਰ ਦੇ ਮੌਕੇ ਹੋਣਗੇ। ਇਸਦੀ ਆਰਥਿਕਤਾ ਮਜ਼ਬੂਤ ਹੋਵੇਗੀ। ਇੱਥੇ ਅਮਨ ਸ਼ਾਂਤੀ ਵਾਲਾ ਮਾਹੌਲ ਹੋਵੇਗਾ। ਲੋਕ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨਗੇ। ਮੁਲਾਜ਼ਮਾਂ, ਵਿਦਿਆਰਥੀ ਵਰਗ, ਵਪਾਰੀਆਂ ਤੇ ਕੰਪਨੀਆਂ ਨੂੰ ਆਪਣਾ ਭਵਿੱਖ ਉੱਜਲ ਵਿਖਾਈ ਦੇਵੇਗਾ।

# ਪੰਜਾਬੀਓ ਕਦੋਂ ਤੱਕ ਉਜੜਨਾ ਏ ?

ਲਿਖਤ : ਬੁੱਧ ਸਿੰਘ ਨੀਲੋਂ, 94643 70823

ਪੰਜਾਬ ਹੁਣ ਤੱਕ ਕਿੰਨੀ ਕੁ ਬਾਰ ਉਜੜ ਕੇ ਵਸਿਆ ਹੈ ? ਇਸ ਦਾ ਇਤਿਹਾਸ ਬਹੁਤ ਪੁਰਾਣਾ ਹੈ। ਜਦੋਂ ਇਤਿਹਾਸ ਦੇ ਵਰਕੇ ਫਰੋਲਦੇ ਹਾਂ ਤਾਂ ਮਾਣ ਵੀ ਹੁੰਦਾ ਹੈ ਤੇ ਚਿੰਤਾ ਵੀ ਹੁੰਦੀ ਹੈ। ਪੰਜਾਬ ਨੇ ਹੁਣ ਤੱਕ ਜੋ ਵੀ ਇਤਿਹਾਸ ਬਣਾਇਆ ਹੈ ਉਸਨੂੰ ਲਿਖਤਾਂ ਦੇ ਰੂਪ ਵਿੱਚ ਸੰਭਾਲਿਆ ਨਹੀਂ । ਜਿਹੜਾ ਇਤਿਹਾਸ ਸਾਨੂੰ ਮਿਲਦਾ ਹੈ. ਉਸਦੇ ਵਿੱਚ ਬਹੁਤ ਸਾਰੇ ਖੱਪੇ ਹਨ। ਖੈਰ ਇਤਿਹਾਸ ਨੂੰ ਸਹੀ ਕਰਨਾ ਇਤਿਹਾਸਕਾਰਾਂ ਦਾ ਕੰਮ ਹੈ । ਸੰਤਾਲੀ, 1966 ਤੇ 1984 ਦਾ ਕਤਲੇਆਮ ਵੀ ਹੋਇਆ । ਪ੍ਰੋਫੈਸਰ ਪੂਰਨ ਸਿੰਘ ਆਖਦਾ ਹੈ:- " ਪੰਜਾਬ ਵਸਦਾ ਗੁਰਾਂ ਦੇ ਨਾਮ 'ਤੇ !" ਗੁਰਾਂ ਦੇ ਨਾਮ ਉਤੇ ਵਸਦੇ ਪੰਜਾਬ ਦੇ ਹੁਣ ਵੀ ਝੱਖੜ ਝੁੱਲ ਰਿਹਾ ਹੈ। ਹੁਣ ਪੰਜਾਬ ਡੁੱਬ ਰਿਹਾ ..ਉਸ ਦਿਨ ਤੇ ਇਕ " ਬੀਬੀ " ਡੁੱਬੀ ਸੀ. ਸਾਰੇ ਸਿੱਖ ਰਗੜ ਦਿਤੇ ਸੀ । ਕਈ ਦਹਾਕਿਆਂ ਤੋਂ ਪੰਜਾਬ ਦੀ ਨਸਲਕੁਸ਼ੀ ਕੀਤੀ ਜਾ ਰਹੀ ਐ। ਪੰਜਾਬ ਨੇ ਕਦੇ ਵੀ ਦੇਸ਼ ਨੂੰ ਪਿੱਠ ਨੀ ਸੀ ਦਿਖਾਈ .ਪਰ ਲੋਕ ਉਜੜ ਉਜੜ ਕੇ ਵਸਦੇ ਰਹੇ । ਪੰਜਾਬ ਦੇ ਮਨੁੱਖ ਪਤਾ ਨਹੀਂ ਕਿਸ ਮਿੱਟੀ ਦਾ ਬਣੇ ਹਨ ?.ਜਿਹੜਾ ਡਿੱਗਦਾ ਹੈ .ਸੰਭਲਦਾ ਹੈ..ਉਠਦਾ ਹੈ..ਤੁਰਦਾ ਹੈ..ਉਡਦਾ ਹੈ..ਫਿਰ ਮਸਤ ਹੋ ਕਿ ਫਿਰ ਜਿਉਣ ਲੱਗ ਜਾਂਦਾ .। ਹਰ ਵਾਰ ਪਿਛਲੀਆਂ ਦੁੱਖ ਤਕਲੀਫ਼ਾਂ ਨੂੰ ਭੁੱਲ ਜਾਂਦਾ ..ਫੇਰ ਬੇਗਾਨਿਆਂ 'ਤੇ ਡੁੱਲ ਜਾਂਦਾ ਹੈ ਪੰਜਾਬ ..ਜਿਧਰ ਨੂੰ ਵੀ ਤੁਰਦਾ ਹੈ ਤਾਂ ਹੜ੍ਹ ਬਣ ਜਾਂਦਾ .ਹੈ। ਫੇਰਪਿੱਛੇ ਪਰਤ ਕੇ ਨਾ ਦੇਖਦਾ. ਹੈ ਸਗੋਂ ਆਪਣੇ ਹੀ ਹੱਡ ਸੇਕਦਾ ਹੈ ਪਰ ਕਦੇ ਗਿਲਾ ਨਾ ਕਰਦਾ..ਚੱਲ ਛੱਡ ਯਾਰ. ਕਹਿ ਕੇ.ਪਾ ਮਿੱਟੀ ..ਆਪਣੇ ਆਪ ਤੇ ਮਿੱਟੀ ਪਾਉਣੀ ਔਖੀ ਹੈ..ਆਪਣਾ ਆਪਾ ਖਤਮ ਕਰਨਾ ਸੌਖਾ ਨਹੀਂ ਹੁੰਦਾ ਪਰ ਧੰਨ ਪੰਜਾਬੀ ..ਇਹ ਗੁਣ ਸਾਰਿਆਂ ਦੇ ਵਿੱਚ ਨਹੀਂ ..ਜਿਨ੍ਹਾਂ ਦੇ ਵਿੱਚ ਉਹ ਜਾਣਦੇ ਹਨ..ਬਾਕੀ ਤਾਂ ਸਭ ਖਾਕ ਛਾਣਦੇ ਹਨ..ਭਲਾ ਖਾਕ ਛਾਨਣ ਵਾਲੇ ਕੌਣ ਹਨ?.ਪਤਾ ਤੇ ਤੁਹਾਨੂੰ ਵੀ ਪਰ ਤੁਸੀਂ ਮੂੰਹੋਂ ਨੀ ਪਰ ਮਨ ਵਿੱਚ ਜਰੂਰ ਉਹਨਾਂ ਨੂੰ ਧੜੀ ਤੇ ਪਨਸੇਰੀ ਦੀਆਂ ਗਾਲਾਂ ਕੱਢਦੇ ਹੋ..ਮਾਰ ਸਾਲੇ ਦੇ ਗੋਲੀ..ਉਹ ਕੋਈ ਬੰਦਾ.ਆ?..

ਸਾਲਾ ਸਭ ਕੁੱਝ ਲੁੱਟਪੁਟ ਕੇ ਵੀ ਨੀ ਰੱਜਿਆ..ਰੱਬ ਪਤਾ ਨੀ ਇਸ ਨੂੰ ਕਿਉਂ ਨੀ ਚੱਕਦਾ..? ਜਿਨ੍ਹਾਂ ਦੀ ਸਮਾਜ ਨੂੰ ਲੋੜ ਉਹ ਭੰਗ ਦੇ ਭਾਣੇ ਜਾਂਦੇ ਹਨ..ਇਹਨੇ ਪਤਾ ਨੀ ਕਿਹੜੇ ਕਾਂ ਖਾਧੇ ਆ..ਸਾਲਿਆਂ ਨੂੰ ਮੌਤ ਵੀ ਨਹੀਂ ਆਉਦੀ....।

ਪੰਜਾਬੀ ਕਿੰਨੀ ਵਾਰ ਉਜੜੇ ਤੇ ਵਸੇ ਹਨ ? ਕੋਈ ਗਿਣਤੀ ਤੇ ਹਿਸਾਬ ਨਹੀ..ਹੁਣ ਹਾਲਤ ਬੱਦੂਆਂ ਟੱਪਰੀਵਾਸ ਵਾਲੀ ਹੈ..ਜਿਹੜੇ ਸਦਾ ਸਫਰ ' ਤੇ ਹਨ..ਹੁਣ ਪੰਜਾਬੀ ਬਦੇਸ਼ਾਂ ਨੂੰ ਜਾ ਰਹੇ ਹਨ।

ਪੰਜਾਬ ਦਾ ਸਦਾ ਹੀ ਡਾਂਗ 'ਤੇ ਡੇਰਾ ਰਿਹਾ..ਪਰ ਪੰਜਾਬ ਨੇ ਕਦੇ ਸਿਰਹਾਣੇ ਬਾਂਹ ਰੱਖ ਕੇ ਆਰਾਮ ਨੀ ਕੀਤਾ ..ਸਦਾ ਜੰਗ ਦੇ ਮੈਦਾਨ ਵਿੱਚ ਰਿਹਾ.ਕਦੇ ਬਾਹਰੀ ਹਮਲਾਵਰਾਂ ਦੇ ਨਾਲ ਤੇ ਕਦੇ ਆਪਣਿਆਂ ਦੇ ਨਾਲ ਡਾਂਗੋ ਡਾਂਗੀ ਹੁੰਦਾ ਰਿਹਾ..ਜਿਸ ਪਾਸੇ ਤੁਰਿਆ ਹੜ੍ਹ ਲਿਆ ਦਿੱਤਾ ..ਫਸਲਾਂ ਬੀਜੀਆਂ ਦੇਸ਼ ਦੀ ਭੁੱਖ ਚੱਕ ਦਿੱਤੀ ..ਤਲਵਾਰਾਂ ਚੁੱਕੀਆਂ ..ਨੇਰੀ ਲਿਆ ਦਿੱਤੀ । ਕਾਬਲ ਕੰਧਾਰ ਤੇ ਫਰਾਂਸ ਤੱਕ..ਦੁਸ਼ਮਣਾਂ ਦੇ ਆਹੂ ਲਾਹੇ.ਫੇਰ ਪੰਜਾਬ

.ਨਸ਼ੇੜੀ ਬਣਾਇਆ ਤੇ ਸਾਰਾ ਪੰਜਾਬ ਨਸ਼ੇੜੀ ਬਣ ਗਿਆ ..ਮੜ੍ਹੀਆਂ ਵਿੱਚ ਮੇਲੇ ਲੱਗਣ ਲੱਗੇ ..ਘਰਾਂ ਦੇ ਘਰ ਖਾਲੀ ਹੋ ਗਏ ..ਘਰਾਂ ਵਿੱਚ ਲਾਲ ਤੇ ਗੁਲਾਬੀ ਚੁੰਨੀਆਂ ਦੀ ਥਾਂ ਚਿੱਟੀਆਂ ਨੇ ਵਾਸਾ ਕਰ ਲਿਆ..ਚੁੱਲਿਆਂ ਵਿੱਚ ਘਾਹ ਉਗ ਆਏ..ਪਰ ਲੋਕ ਫਿਰ ਵੀ ਜਿਉਂਦੇ ਹਨ।



ਪੰਜਾਬ ਨੂੰ ਕਿਸ ਨੇ ਤੇ ਕਿਉਂ ਉਜਾੜਿਆ ? ਅਜੇ ਤੱਕ ਪੰਜਾਬੀਆਂ ਨੇ ਨਾ ਸੋਚਿਆ ਤੇ ਵਿਚਾਰਿਆ ।

ਮਨਘੜਤ ਸਾਖੀਆਂ ਨੇ ਪੰਜਾਬ ਨੂੰ ਹਮੇਸ਼ਾ ਵਰਤਿਆ ..ਵਰਤਿਆ ਵੀ ਉਹਨਾਂ ਨੇ ਜਿਨ੍ਹਾਂ ਪੰਜਾਬ ਨੂੰ ਬਾਰ ਬਾਰ ਉਜਾੜਿਆ ਪਰ ਫਿਰ ਵੀ ਨਾ ਸੋਚਿਆ ਤੇ ਵਿਚਾਰਿਆ ?

ਹੁਣ ਬਦੇਸ਼ਾਂ ਦੇ ਵੱਲ ਉਡਾਰੀ ਮਾਰ ਰਿਹਾ ਹੈ..ਇੰਝ ਲਗਦਾ ਛੇਤੀ ਹੀ ਪੰਜਾਬ ਖਾਲੀ ਹੋ ਜਾਵੇਗਾ ..ਇਥੇ ਹੋਰਨਾਂ ਦਾ ਰਾਜ ਹੋਵੇਗਾ .ਪੰਜਾਬ ਵੀਜ਼ਾ ਲੈ ਕੇ ਆਪਣੇ ਉਜੜੇ ਘਰਾਂ ਨੂੰ ਦੇਖਣ ਆਇਆ ਕਰੇਗਾ ..ਜਿਵੇਂ ਸਾਡੇ ਪੁਰਖੇ ਪਾਕਿਸਤਾਨ ਜਾਂਦੇ ਹਨ...ਬਸ ਅਗਲੀਆਂ ਪੀੜ੍ਹੀਆਂ ਦਾ ਹਾਲ ਵੀ ਸਾਡੇ ਬਾਬਿਆਂ ਵਰਗਾ ਹੀ ਹੋਣਾ ਹੈ..ਪਰ ਹੁਣ ਕਾਹਦਾ ਰੋਣਾ ਹੈ.."ਅਖੇ ਤਾਏ ਦੀ ਧੀ ਚੱਲੀ ਮੈਂ ਕਿਉਂ ਰਹਾਂ ਕੱਲੀ.!" ਪੰਜਾਬ ਖਾਲੀ ਹੋ ਰਿਹਾ ਹੈ ਪੰਜਾਬੀਆਂ ਦੇ ਕੰਨੀਓ।

..ਪੰਜਾਬ ਦੇ ਬਹੁਤ ਘਰ ਹਨ ਜਿਥੇ ਧੀਆਂ, ਮਾਵਾਂ ਤੇ ਨੂੰਹਾਂ ਕੱਲੀਆਂ ਜੋ ਜਿਉਂਦੇ ਜੀ ਰੰਡੇਪਾ ਕੱਟਦੀਆਂ ਨੇ..ਪਰ ਉਹ ਮਰ ਗਿਆਂ ਦੇ ਜਾਂ ਬਦੇਸ਼ ਗਿਆਂ ਦੇ ਨਾਲ ਮਰੀਆਂ.ਨਹੀਂ ਉਹ ਜਿਉਂਦੀਆਂ ਹਨ...ਪਰ ਜਿਨ੍ਹਾਂ ਨੇ ਘਰ ਦਰ ਸਾਂਭਣੇ ਸਨ..ਜਾ ਪਰਦੇਸੀ ਹੋ ਗਏ ਜਾਂ ਜਹਾਨੋਂ ਤੁਰ ਗਏ ..ਕੀ ਹੋਣੀ ਹੈ ਪੰਜਾਬਣਾਂ ਦੀ ?

ਪਰ ਪੰਜਾਬੀਓ ਕਦੋਂ ਤੱਕ ਉਜੜ ਕੇ ਵਸਦੇ ਰਹੋਗੇ..ਕੁੱਝ ਅਕਲ ਨੂੰ ਹੱਥ ਮਾਰੋ, ਨਾ ਬੇਗਾਨੀਆਂ ਮੱਝਾਂ ਚਾਰੋ ਤੇ ਦੁਸ਼ਮਣ ਨੂੰ ਪਛਾਣੋ..ਜੋ ਬਾਹਰਲੇ ਘੱਟ ਤੇ ਘਰ ਦੇ ਵੱਧ ਹਨ.. ਕੌਣ ਹਨ ਦੇਖੋ ਤੇ ਪਛਾਣੋ ਤੇ ਜਾਣੋ ਕਿ ਉਨ੍ਹਾਂ ਦਾ ਕੀ ਕਰਨਾ ਹੈ ?

" ਅਖੇ! ਡੁੱਬੀ ਤਾਂ ਜੇ ਸਾਹ ਨਾ ਆਇਆ !"

ਪਰ ਪੰਜਾਬੀਓ! ਹੁਣ ਕੌਣ ਆਇਆ ਤੁਹਾਡੀ ਮੱਦਦ ਲਈ ? ਆਪਣੇ ਹੀ ਆਏ ਹਨ .ਨਾ ਕੋਈ ਸਿਆਸਤਦਾਨ ਆਇਆ ਤੇ ਪੁਜਾਰੀ ਤੇ ਨਾ ਅਧਿਕਾਰੀ.ਬਾਹਰਲਿਆਂ ਨੇ ਤਾਂ ਕੀ ਆਉਣਾ ਸੀ ?

ਪੰਜਾਬੀਓ..! ਸੋਟਾ ਪੀੜ੍ਹੀ ਹੇਠਾਂ ਤੇ ਉਹਨਾਂ ਤੇ ਫੇਰਨ ਦੀ ਲੋੜ ਹੈ .ਜਿਨ੍ਹਾਂ ਦੇ ਮਗਰ ਹਰ ਵੇਲੇ ਤੁਰੇ ਫਿਰਦੇ..ਸਾਡੀ ਪਾਰਟੀ ਆ..! ਦੇਖ ਲਵੋ ਸਵਾਦ ਪਾਰਟੀਆਂ ਦੇ ਆਗੂਆਂ ਦਾ..ਕਿਸੇ ਨੇ ਬੇਰਾਂ ਵੱਟੇ ਨਹੀਂ ਪੁੱਛਿਆ ਜੇ ਕਿਸੇ ਪੁੱਛਿਆ ਤਾਂ ਦੱਸ ਦਿਓ ?

ਹਰ ਵਾਰ ਉਜੜ ਕੇ ਵਸਣ ਦੀ ਆਦਤ ਨੂੰ ਬਦਲੋ..ਆਪਣੀ ਅੰਦਰਲੀ ਸ਼ਕਤੀ ਨੂੰ ਜਗਾਓ..ਯਾਦ ਕਰੋ ੧੬੯੯ ਦੀ ਵਿਸਾਖੀ ਤੇ ਚਮਕੌਰ ਗੜ੍ਹੀ ਦੀ ਜੰਗ...ਚਿੱਟੀ ਸਿਉਂਕ ਪੁਜਾਰੀ ਤੇ ਡੇਰੇਦਾਰਾਂ ਨੇ ਤੁਹਾਨੂੰ ਮਨਘੜਤ ਸਾਖੀਆਂ ਸੁਣਾ ਕੇ..ਮਰਨ ਦਾ ਡਰ ਪਾ ਦਿੱਤਾ ਹੈ...ਅਖੇ ਮਰਨਾ ਸੱਚ ਜਿਉਣਾ ਝੂਠ ਹੈ..ਪਰ ਗੱਲਾਂ ਦੋਵੇਂ ਸੱਚ ਹਨ..ਜਿਉਂਦੇ ਹੋਣ ਦਾ ਸਬੂਤ ਦਿਓ. ਹੁਣ ਕਿਸੇ ਭਗਤ ਸਿੰਘ ਨੇ ਨੀ ਆਉਣਾ . ਨਾ ਹੀ ਹੁਣ ਫਾਂਸੀ ਦੇ ਰੱਸੇ ਚੁੰਮ ਕੇ ਸ਼ਹੀਦ ਹੋਣ ਦੀ ਲੋੜ ਹੈ.

.ਬਸ ਲੋੜ ਤਾਂ ਆਪਣੇ ਆਪ ਦੀ ਪਹਿਚਾਣ ਕਰਨ ਦੀ ਤੇ ਅੰਦਰਲੀ ਸ਼ਕਤੀ ਨੂੰ ਜਗਾਉਣ ਦੀ ਲੋੜ ਹੈ।

ਕਦੋਂ ਤੱਕ ਉਜੜ ਕੇ ਵਸਦੇ ਰਹੋਗੇ ?

ਹੁਣ ਵੀ ਜੇ ਨਾ ਤੁਹਾਨੂੰ ਆਪਣੇ ਤੇ ਬੇਗਾਨੇ ਦੀ ਸਮਝ ਲੱਗੀ ਤਾਂ ਤੁਹਾਨੂੰ ਕੋਈ ਨਹੀਂ ਵਸਾ ਸਕਦੇ ?

ਬਹੁਤ ਦੇਰ ਪਹਿਲਾਂ ਸ.ਗੁਰਪ੍ਰੀਤ ਸਿੰਘ ਤੂਰ ਦੀ ਲਿਖੀ ਪੁਸਤਕ " ਸੰਭਲੋ ਪੰਜਾਬ " ਚੇਤੇ ਆਉਦੀ ਹੈ ਜਿਸ ਵਿੱਚ ਉਹਨਾਂ ਪੰਜਾਬ ਦੇ ਲੋਕਾਂ ਦੇ ਦਰਦ ਨੂੰ ਕਲਮਵੱਧ ਕੀਤਾ ਸੀ..ਕਿਤਾਬਾਂ ਦੇ ਨਾਲ ਜੁੜੋ..ਪੜ੍ਹੋ..ਸੰਗਠਿਤ ਹੋਵੋ ..ਤੇ ਆਪਣੇ ਹਿੱਸੇ ਦੇ ਅਸਮਾਨ ਤੇ ਕਬਜ਼ਾ ਕਰੋ! ਨਾ ਮਰੋ..ਨਾ ਮਾਰੋ.ਸਗੋਂ ਆਪਣਾ ਆਪ ਬਚਾਓ..ਮਨੁੱਖਤਾ ਦੇ ਗੁਣ ਗਾਓ..ਬਹੁਤ ਹੋ ਗਈ ਹੁਣ ਤੇ ਕੁੱਤੇ ਖਾਣੀ..ਕਿ ਅਜੇ ਵੀ ਕੋਈ ਰੜਕ ਹੈ?

ਪਛਾਣਾਓ ਆਪਣੀ ਬੜਕ ਨੂੰ ਜੋ ਜੱਥੇਦਾਰ ਹਰੀ ਸਿੰਘ ਨਲੂਆ ਅਫਗਾਨਿਸਤਾਨ ਦੇ ਮੈਦਾਨ ਵਿੱਚ ਮਾਰਦਾ ਸੀ.ਬਣੋ ਬਾਬਾ ਬੰਦਾ ਸਿੰਘ ਬਹਾਦਰ...

ਜਾਗੋ ਪੰਜਾਬੀਓ ਸੰਭਾਲ ਲਓ ਪੰਜਾਬ ਨੂੰ ..ਨਹੀਂ ਤੇ ਉਜਾੜਣ ਵਾਲਿਆਂ ਦੇ ਭਾਈਵਾਲ ਤੁਸੀਂ ਗਿਣੇ ਜਾਣਾ ਹੈ..ਸਮਾਂ, ਇਤਿਹਾਸਕਾਰਾਂ ਤੇ ਭਵਿੱਖ ਦੀਆਂ ਨਸਲਾਂ ਨੇ ਤੁਹਾਨੂੰ ਮੁਆਫ਼ ਨਹੀਂ ਕਰਨਾ!

# ਭਾਸ਼ਾ ਦੇ ਭੁਲੇਖੇ

ਲਿਖਤ : ਨਰਿੰਦਰ ਸਿੰਘ, ਸੰਪਰਕ: 98155-51483

ਪੰਜਾਬੀਆਂ ਨੂੰ ਹਿੰਦੀ ਬੋਲਣ ਵਾਸਤੇ ਸ਼ਬਦ ਬੜਾ ਤਰੱਦਦ ਕਰਕੇ ਲੱਭਣੇ ਪੈਂਦੇ ਹਨ। ਫਿਰ ਪੰਜਾਬੀਆਂ ਦਾ ਲਹਿਜਾ ਅਜਿਹਾ ਹੁੰਦਾ ਹੈ ਕਿ ਲੱਗਦਾ ਹੀ ਨਹੀਂ ਕਿ ਬੰਦੇ ਨੇ ਹਿੰਦੀ ਵਿਚ ਗੱਲ ਕੀਤੀ ਹੈ। ਸਾਡੇ ਸੇਵਾਮੁਕਤ ਸਾਥੀ ਨੇ ਇਕ ਵਾਰ ਦੱਸਿਆ ਕਿ ਉਨ੍ਹਾਂ ਦਾ ਪੁੱਤ ਚੰਡੀਗੜ੍ਹ ਦੇ ਜਿਹੜੇ ਕਾਨਵੈਂਟ ਸਕੂਲ ਵਿਚ ਪੜ੍ਹਦਾ ਸੀ, ਉਸ ਦੀ ਪ੍ਰਿੰਸੀਪਲ ਨੇ ਕਿਸੇ ਕਾਰਨ ਉਨ੍ਹਾਂ ਨੂੰ ਸੱਦ ਲਿਆ। ਉਹ ਦਫ਼ਤਰ ਪੁੱਜ ਕੇ ਤਕਰੀਬਨ 5 ਮਿੰਟ ਪ੍ਰਿੰਸੀਪਲ ਨਾਲ ਹਿੰਦੀ ਵਿਚ ਗੱਲ ਕਰਦੇ ਰਹੇ, ਜਦੋਂ ਹਿੰਦੀ ਵਾਲੀ ਇਹ ਗੱਲਬਾਤ ਲੰਮੀ ਹੁੰਦੀ ਗਈ ਤਾਂ ਪ੍ਰਿੰਸੀਪਲ ਕਹਿੰਦੀ, "ਆਪ ਕਾਫ਼ੀ ਦੇਰ ਸੇ ਪੰਜਾਬੀ ਬੋਲ ਰਹੇ ਹੈਂ, ਕ੍ਰਿਪਯਾ ਹਿੰਦੀ ਮੇਂ ਬੋਲੇਂ।" ਉਨ੍ਹਾਂ ਸਮਝ ਨਾ ਪਵੇ ਕਿ ਉਹ ਤਾਂ ਐਨੀ ਦੇਰ ਤੋਂ ਹਿੰਦੀ ਵਿਚ ਹੀ ਗੱਲ ਕਰ ਰਿਹਾ ਸੀ।

ਇਹੀ ਨਹੀਂ, ਹਿੰਦੀ ਸਮਝ ਆਉਣੀ ਵੀ ਪੰਜਾਬੀਆਂ ਲਈ ਵੱਡੀ ਪ੍ਰਾਪਤੀ ਹੈ। ਇਸੇ ਤਰ੍ਹਾਂ ਕਿਤੇ ਪੰਜਾਬੀ ਅਤੇ ਯੂਪੀ ਦੇ ਮੂਲਵਾਸੀ ਮੁਲਾਜ਼ਮਾਂ ਵਿਚਾਲੇ ਬਹਿਸ ਚੱਲ ਪਈ। ਇਸ ਦੌਰਾਨ ਲੜਾਈ ਗੰਭੀਰ ਹੋ ਗਈ। ਪੰਜਾਬੀ ਮੁਲਾਜ਼ਮ ਨੇ ਦੂਜੇ ਨੂੰ ਕਿਹਾ ਕਿ ਤੇਰੀ ਹਿੰਮਤ ਕਿਵੇਂ ਹੋਈ ਇਹ ਕਹਿਣ ਦੀ ਕਿ ਮੈਂ ਬਕਦਾ ਹਾਂ। ਅੱਗਿਓਂ ਉਹ ਭਲਾ ਪੁਰਸ਼ ਕਹਿੰਦਾ, "ਮੈਨੇ ਆਪ ਕੋ ਕਬ ਕਹਾ, ਆਪ ਬਕਦੇ ਹੋ; ਮੈਨੇ ਤੋ ਆਪ ਕੋ ਕਹਾ ਕਿ ਆਪ ਸੇ ਕੌਨ ਬਹਿਸ ਕਰੇਗਾ ਕਿਉਂਕਿ ਆਪ ਵਕਤਾ (ਬੁਲਾਰਾ) ਹੋ। ਇਸ 'ਤੇ ਪੰਜਾਬੀ ਦਾ ਪਾਰਾ ਫਿਰ ਚੜ੍ਹ ਗਿਆ ਕਿ ਤੂੰ ਮੈਨੂੰ ਫਿਰ ਬਕਦਾ ਕਹਿ ਰਿਹਾ ਏਂ। ਬਾਅਦ ਵਿਚ ਪੰਜਾਬੀ ਨੂੰ ਬਕਦਾ ਅਤੇ ਵਕਤਾ ਦਾ ਫਰਕ ਸਮਝਣ ਆਉਣ 'ਤੇ ਹਾਲਾਤ ਠੰਢੇ ਹੋਏ।

ਇਕ ਵਾਰ ਯੂਪੀ ਜਾ ਰਿਹਾ ਸੀ। ਮੁਰਾਦਾਬਾਦ ਰਾਤ ਨੂੰ ਢਾਬੇ 'ਤੇ ਰੋਟੀ ਖਾਣ ਲਈ ਰੁਕੇ। ਉਥੇ ਕੰਮ ਕਰਦਾ ਮੁੰਡਾ ਸਾਡੇ ਕੋਲ ਰੋਟੀ ਪਾਣੀ ਪੁੱਛ ਹੀ ਰਿਹਾ ਸੀ ਕਿ ਉਸ ਦੇ ਮਾਲਕ ਨੇ ਕਿਹਾ, "ਅਰੇ ਯਹਾਂ ਕੂੰਆ।" ਤਿੰਨ ਚਾਰ ਵਾਰ ਇੰਝ ਹੀ ਹੋਇਆ। ਜਦੋਂ ਉਹ ਸਾਡੇ ਕੋਲ ਆਇਆ ਕਰੇ, ਉਹ ਝੱਟ ਇਹ ਕਹਿ ਕੇ ਸੱਦ ਲਿਆ ਕਰੇ। ਦੋਸਤਾਂ ਨੂੰ ਗੁੱਸਾ ਆ ਗਿਆ ਕਿ ਅਜੇ ਮੁੰਡਾ ਆ ਕੇ ਸਾਡੇ ਕੋਲ ਖੜ੍ਹਾ ਨਹੀਂ ਹੁੰਦਾ ਕਿ ਮਾਲਕ ਝੱਟ 'ਯਹਾਂ ਕੂੰਆ' ਕਹਿ ਕੇ





ਸੱਦ ਲੈਂਦਾ ਹੈ। ਮੈਨੂੰ ਆਪਣੀ ਹਿੰਦੀ 'ਤੇ ਮਾਣ ਜਿਹਾ ਸੀ, ਮੈਨੂੰ ਇਹ ਵੀ ਪਤਾ ਸੀ ਕਿ ਹਿੰਦੀ ਵਿਚ 'ਕੂੰਆ' ਖੂਹ ਨੂੰ ਕਹਿੰਦੇ ਹਨ। ਮੈਂ ਮਾਲਕ ਕੋਲ ਗਿਆ ਕਿ ਤੁਮ ਵਾਰ ਵਾਰ ਇਸ ਕੋਲ ਬੁਲਾ ਰਹੇ ਹੋ, ਬਤਾਓ ਕਹਾਂ ਹੈ ਕੂੰਆ। ਉਸ ਨੇ ਕਿਹਾ, "ਅਰੇ ਮੈਨੇ ਕੂੰਆ ਨਹੀਂ, ਯੇਹ ਕਹਾ ਹੈ ਕਿ ਯਹਾਂ ਕੁ ਆ (ਇਧਰ ਆ)। ਮਾਲਕ ਨੇ ਦੱਸਿਆ ਕਿ ਅੱਜ ਨੌਕਰ ਘੱਟ ਹੋਣ ਕਾਰਨ ਸਾਰਾ ਬੋਝ ਉਸੇ ਮੁੰਡੇ 'ਤੇ ਹੈ। ਇਸੇ ਕਰਕੇ ਉਸ ਨੂੰ ਛੇਤੀ ਛੇਤੀ ਹੋਰ ਗਾਹਕਾਂ ਕੋਲ ਜਾਣ ਲਈ ਕਹਿ ਰਿਹਾ ਹਾਂ।

ਇੱਦਾਂ ਦਾ ਹੀ ਕਿੱਸਾ ਹੋਰ ਹੈ। ਯੂਪੀ ਵਿਚ ਪੰਜਾਬੀ ਮੁੰਡੇ ਦਾ ਪ੍ਰੇਮ ਵਿਆਹ ਉਥੋਂ ਦੀ ਮੂਲਵਾਸੀ ਕੁੜੀ ਨਾਲ ਹੋ ਗਿਆ। ਵਿਆਹ ਤੋਂ ਬਾਅਦ ਕੁੜੀ ਦੇ ਮਾਪੇ ਆਪਣੇ ਕੁੜਮਾਂ ਅਤੇ ਧੀ-ਜਵਾਈ ਨੂੰ ਮਿਲਣ ਆਏ। ਸਰਦੀਆਂ ਦੇ ਦਿਨ ਸਨ ਤੇ ਕੁੜੀ ਮਾਪਿਆਂ ਦੇ ਆਉਣ ਤੋਂ ਪਹਿਲਾਂ ਵਾਲ ਧੋ ਕੇ ਮੋਬਾਈਲ ਵਾਲੀਆਂ ਟੂਟੀਆਂ ਕੰਨਾਂ 'ਚ ਲਗਾ ਕੇ ਮੌਜ ਨਾਲ ਧੁੱਪੇ ਛੱਤ 'ਤੇ ਜਾ ਕੇ ਸੌਂ ਗਈ। ਮਾਪੇ ਜਦੋਂ ਕਾਫ਼ੀ ਦੇਰ ਬੈਠੇ ਰਹੇ ਤੇ ਪੁੱਛਿਆ ਕਿ ਉਨ੍ਹਾਂ ਦੀ ਧੀ ਕਿੱਥੇ ਹੈ, ਦਿਸਦੀ ਨਹੀਂ, ਤਾਂ ਪੰਜਾਬਣ ਬੀਬੀ ਬੋਲੀ, "ਬਹਿਣ ਜੀ! ਵੋਹ ਤਾਂ ਨਾ ਕੋਠੇ ਪਰ ਹੈ।" ਇਹ ਸੁਣਦੇ ਸਾਰ ਕੁੜੀ ਦੇ ਮਾਪਿਆਂ ਨੇ ਰੌਲਾ ਪਾ ਦਿੱਤਾ ਕਿ ਉਨ੍ਹਾਂ ਦੀ ਧੀ ਨੂੰ ਕੋਠੇ 'ਤੇ ਪਹੁੰਚਾ ਦਿੱਤਾ ਹੈ। ਜਦੋਂ ਮਸਲਾ ਵਿਗੜ ਗਿਆ ਤਾਂ ਕਿਸੇ ਨੇ ਸਿਆਣਪ ਕਰਕੇ ਕੁੜੀ ਨੂੰ ਹੇਠਾਂ ਲਿਆਂਦਾ, ਤਾਂ ਜਾ ਕੇ ਯੂਪੀ ਵਾਲਿਆਂ ਨੂੰ ਸਮਝ ਆਈ ਕਿ ਕੋਠੇ ਦਾ ਅਰਥ ਉਹ ਨਹੀਂ ਜਿਹੜਾ ਉਨ੍ਹਾਂ ਨੂੰ ਪਤਾ ਹੈ, ਇਥੇ ਕੋਠੇ ਦਾ ਅਰਥ ਛੱਤ ਸੀ।


ਆਖਰੀ ਗੱਲ, ਜ਼ਰੂਰੀ ਨਹੀਂ ਕਿ ਪੰਜਾਬੀਆਂ ਨੂੰ ਹਿੰਦੀ ਵਿਚ ਮੁਸ਼ਕਿਲ ਆਉਂਦੀ ਹੈ। ਇਕ ਵਾਰ ਮੈਂ ਮੁਹਾਲੀ ਦੇ 69 ਸੈਕਟਰ ਵਿਚ ਜਾਣਾ ਸੀ। ਰਾਹ ਦਾ ਪਤਾ ਨਾ ਹੋਣ ਕਾਰਨ 32 ਸੈਕਟਰ ਦੇ ਚੌਕ 'ਤੇ ਰੁਕ ਗਿਆ। ਉੱਥੇ ਰਾਹ ਪੁੱਛਣ ਲਈ ਪਰਵਾਸੀ ਰਿਕਸ਼ਾ ਚਾਲਕ ਨੂੰ ਰੋਕਿਆ। ਹੁਣ ਪੰਗਾ ਇਹ ਪੈ ਗਿਆ ਕਿ ਹਿੰਦੀ ਵਿਚ 69 ਨੂੰ ਕੀ ਕਹਿੰਦੇ ਹਨ। ਕਾਫੀ ਕੋਸ਼ਿਸ਼ ਕਰਨ ਬਾਅਦ ਵੀ 69 ਦਾ ਹਿੰਦੀ ਅਨੁਵਾਦ ਨਾ ਹੋ ਸਕਿਆ। ਆਖਰ ਉਸ ਪਰਵਾਸੀ ਨੇ ਮੈਨੂੰ ਕਿਹਾ, "ਆਪ ਨੇ ਸਿਕਸ਼ਟੀ ਨਾਈਨ ਮੇਂ ਜਾਣਾ ਹੈ।" ਮੈਂ ਝੱਟ 'ਹਾਂ' ਵਿਚ ਸਿਰ ਹਿਲਾਇਆ। ਨਾਲ ਹੀ ਉਸ ਨੇ ਦੱਸਿਆ, "69 ਕੋ ਹਿੰਦੀ ਮੇਂ ਉਨਸਠ ਬੋਲਤੇ ਹੈਂ।" ਝੱਟ ਸਮਝ ਆ ਗਈ ਕਿ ਗਿਆਨ ਕਦੇ ਵੀ, ਕਿਤੋਂ ਵੀ ਅਤੇ ਕਿਸੇ ਤੋਂ ਵੀ ਮਿਲ ਸਕਦਾ ਹੈ। ਉਸ ਨੇ ਮੈਨੂੰ ਰਾਹ ਦੱਸਿਆ ਤੇ ਉਸ ਦਾ ਫਿਰ ਅੰਗਰੇਜ਼ੀ ਵਿਚ 'ਥੈਂਕਸ' ਕਰਕੇ ਆਪਣੇ ਰਾਹੇ ਪੈ ਗਿਆ।

ਪੰਜਾਬੀਆਂ ਨੂੰ ਇਲਾਕਾਵਾਰ ਪੰਜਾਬੀ ਸਮਝਣ ਦੇ ਭੁਲੇਖੇ ਵੀ ਬਥੇਰੀ ਵਾਰ ਪੈ ਜਾਂਦੇ ਹਨ। ਸਾਡੇ ਘਰ ਗੁਰਦਾਸਪੁਰੋਂ ਕੁੜੀ ਆਈ। ਉਦੋਂ ਅਸੀਂ ਕੁੱਤਾ ਰੱਖਿਆ ਹੁੰਦਾ ਸੀ ਤੇ ਮੇਰੀ ਧੀ ਪੰਜ-ਛੇ ਸਾਲ ਦੀ ਸੀ। ਧੀ ਕੁੱਤੇ ਨੂੰ ਬੁਲਾ ਰਹੀ ਸੀ ਪਰ ਆ ਨਹੀਂ ਸੀ ਰਿਹਾ। ਇਸ 'ਤੇ ਗੁਰਦਾਸਪੁਰ ਦੀ ਕੁੜੀ ਉਸ ਨੂੰ ਕਹਿੰਦੀ, "ਤੂੰ ਕੁੱਤਾ ਖੜਨੈ (ਲੈਣਾ)।" ਮੇਰੀ ਧੀ ਭੌਰ ਭੌਰ ਹੋਏ ਦੇਖੀ ਜਾਵੇ ਕਿ ਕੁੱਤਾ ਤਾਂ ਖੜ੍ਹਾ ਹੈ, ਫਿਰ ਦੀਦੀ ਇੰਝ ਕਿਉਂ ਕਹਿ ਰਹੀ ਹੈ!

# ਕਦੇ ਸਰਕਾਰ-ਏ-ਖ਼ਾਲਸਾ ਦਾ ਮਜ਼ਬੂਤ ਅੰਗ ਸੀ ਕਸ਼ਮੀਰ



(1) ਮਹਾਰਾਜਾ ਰਣਜੀਤ ਸਿੰਘ (2) ਗਵਰਨਰ ਕਸ਼ਮੀਰ ਸ: ਹਰੀ ਸਿੰਘ ਨਲਵਾ ਭੂਮੀਹੀਣ ਕਸ਼ਮੀਰੀਆਂ ਨੂੰ ਭੂਮੀ ਵਾਹੁਣ ਦੇ ਪਟੇ ਦਿੰਦੇ ਹੋਏ। (3) ਹਰੀ ਸਿੰਘ ਨਲਵਾ



ਕਸ਼ਮੀਰ ਸੰਸਾਰ ਦੀਆਂ ਸਭ ਤੋਂ ਸੋਹਣੀਆਂ ਧਰਤੀਆਂ ਵਿਚੋਂ ਇਕ ਹੈ। ਕਸ਼ਮੀਰ ਦਾ ਇਤਿਹਾਸ 6 ਹਜ਼ਾਰ ਸਾਲ ਪੁਰਾਣਾ ਹੈ। ਕਸ਼ਮੀਰ ਦੀ ਇਹ ਸ਼ਾਹੀ ਵਾਦੀ 56 ਕੋਹ ਲੰਮੀ ਤੇ 16 ਕੋਹ ਚੌੜੀ ਇਕ ਝੀਲ ਸੀ, ਜਿਸ ਨੂੰ ਚਾਰੇ ਪਾਸਿਉਂ ਉੱਚੇ ਪਹਾੜਾਂ ਨੇ ਘੇਰਿਆ ਹੋਇਆ ਸੀ। ਕਸ਼ਮੀਰ ਦੇ ਅਰਥ ਪੁਰਾਣੀ ਸੰਸਕ੍ਰਿਤ ਵਿਚ ਉਸ ਜ਼ਮੀਨ ਨੂੰ ਕਹਿੰਦੇ ਹਨ, ਜਿਥੋਂ ਪਾਣੀ ਹਟਾ ਕੇ ਧਰਤੀ ਸੁਕਾਈ ਗਈ ਹੋਵੇ। 'ਕਾ' ਦਾ ਅਰਥ ਪਾਣੀ ਅਤੇ 'ਸਮੀਰ' ਦਾ ਅਰਥ ਸੁਕਾਈ ਗਈ ਜ਼ਮੀਨ ਤੋਂ ਹੈ। ਪੁਰਾਤਨ ਸਮੇਂ ਇਸ ਝੀਲ ਦੇ ਆਸੇ-ਪਾਸੇ ਪਹਾੜਾਂ ਦੀਆਂ ਚੋਟੀਆਂ 'ਤੇ ਲੋਕ ਵਸਦੇ ਸਨ। ਦੱਸਿਆ ਜਾਂਦਾ ਹੈ ਕਿ ਕਸ਼ਮੀਰ ਦੇ ਕਈ ਪਹਾੜਾਂ ਦੀਆਂ ਉਚਾਈਆਂ 'ਤੇ ਅੱਜ ਤੱਕ ਉਸ ਝੀਲ ਦੀਆਂ ਨਿਸ਼ਾਨੀਆਂ ਮੌਜੂਦ ਹਨ। ਕਸ਼ਮੀਰ ਦੀ ਇਸ ਝੀਲ ਦਾ ਪਾਣੀ ਦਰਿਆ ਜੇਹਲਮ ਰਾਹੀਂ ਪਹਾੜਾਂ ਤੋਂ ਮੈਦਾਨੀ ਇਲਾਕੇ ਵੱਲ ਨਿਕਲ ਆਇਆ। ਹਜ਼ਾਰਾਂ ਸਾਲ ਤੋਂ ਤਪਸਵੀ, ਰਿਸ਼ੀ, ਮੁਨੀ, ਸਾਧ, ਸੰਤ, ਵਿਦਵਾਨ ਕਸ਼ਮੀਰ ਦੇ ਇਨ੍ਹਾਂ ਪਹਾੜਾਂ 'ਤੇ ਤਪ ਕਰਦੇ ਰਹੇ। ਸੰਸਾਰ ਦੇ ਕਈ ਵਿਦਵਾਨਾਂ ਨੇ ਇਸ ਨੂੰ ਦੇਵਤਿਆਂ ਦਾ ਸਵਰਗ ਆਖਿਆ ਹੈ।

ਮੁਗ਼ਲ ਸਮਰਾਟ ਅਕਬਰ ਤੋਂ ਲੈ ਕੇ 18ਵੀਂ ਸਦੀ ਦੇ ਅੱਧ ਤੱਕ ਕਸ਼ਮੀਰ ਮੁਗ਼ਲ ਹਕੂਮਤ ਦੇ ਮੁੱਖ ਸੂਬਿਆਂ ਵਿਚ ਗਿਣਿਆ ਜਾਂਦਾ ਰਿਹਾ ਹੈ, ਜਿਸ ਦੇ ਸੂਬੇਦਾਰ ਭਰਪੂਰ ਰਾਜਸੀ ਤਾਕਤਾਂ ਦੇ ਮਾਲਕ ਹੁੰਦੇ ਸਨ। ਕਸ਼ਮੀਰ ਦੇ ਨਾਲ ਸਿੱਖ ਗੁਰੂ ਸਾਹਿਬਾਨ ਦਾ ਵੀ ਗੂੜ੍ਹਾ ਸਬੰਧ ਰਿਹਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਆਪਣੀਆਂ ਯਾਤਰਾਵਾਂ ਸਮੇਂ ਕਸ਼ਮੀਰ ਗਏ ਸਨ। ਔਰੰਗਜ਼ੇਬ ਦੀ ਮੌਤ ਤੋਂ ਬਾਅਦ ਮੁਗ਼ਲ ਹਕੂਮਤ ਡਾਵਾਂਡੋਲ ਹੋ ਗਈ। ਨਾਦਰਸ਼ਾਹ ਦੇ ਹਮਲੇ ਤੋਂ ਬਾਅਦ ਕਸ਼ਮੀਰ ਅਤੇ ਦਿੱਲੀ ਵਿਚਕਾਰ ਸਬੰਧ ਵਿਗੜ ਗਏ। ਅਹਿਮਦ ਸ਼ਾਹ ਅਬਦਾਲੀ ਨੇ 1750 ਈ: ਨੂੰ ਕਸ਼ਮੀਰ 'ਤੇ ਕਬਜ਼ਾ ਕਰ ਲਿਆ ਅਤੇ 1819 ਈ: ਤੱਕ 69 ਸਾਲ ਕਸ਼ਮੀਰ ਅਫ਼ਗਾਨਾਂ ਦੇ ਕਬਜ਼ੇ ਹੇਠ ਰਿਹਾ। ਅਫ਼ਗਾਨੀ ਰਾਜ ਸਮੇਂ ਕਸ਼ਮੀਰ ਵਿਚਲੇ ਪੰਡਿਤਾਂ ਨੂੰ ਬੜੇ ਤਸੀਹੇ ਝੱਲਣੇ ਪਏ। ਉਨ੍ਹਾਂ ਦੀ ਜਾਨ ਮਾਲ ਵੀ ਸੁਰੱਖਿਅਤ ਨਹੀਂ ਸੀ। ਅਸਦ ਖ਼ਾਨ ਇਕ ਘੁਮੰਡੀ ਸ਼ਾਸਕ ਸੀ। ਪੰਡਤਾਂ ਨੂੰ ਤਿਲਕ ਲਗਾਉਣ, ਪੱਗ ਬੰਨ੍ਹਣ, ਮੁੱਛਾਂ ਰੱਖਣ ਦੀ ਇਜਾਜ਼ਤ ਨਹੀਂ ਸੀ। ਜਿਸ ਸਮੇਂ 1819 ਈ: ਨੂੰ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਕਸ਼ਮੀਰ ਸਰਕਾਰ-ਏ-ਖ਼ਾਲਸਾ ਵਿਚ ਸ਼ਾਮਿਲ ਕੀਤਾ ਗਿਆ, ਉਸ ਸਮੇਂ ਤੋਂ ਬਾਅਦ ਕਸ਼ਮੀਰੀਆਂ ਨੂੰ ਸੁੱਖ ਦਾ ਸਾਹ ਆਇਆ।

ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ ਨੂੰ ਜਿੱਤਣ ਲਈ 1812 ਤੇ 1814 ਈ: ਵਿਚ ਕੋਸ਼ਿਸ਼ ਕੀਤੀ ਪਰ ਸਫਲਤਾ ਨਾ ਮਿਲੀ। ਇਨ੍ਹਾਂ ਦੋਵਾਂ ਹਮਲਿਆਂ ਸਮੇਂ ਜਿਥੇ ਅਫ਼ਗਾਨੀਆਂ ਦਾ ਨੁਕਸਾਨ ਹੋਇਆ, ਉਥੇ ਸਿੱਖ ਫ਼ੌਜਾਂ ਨੂੰ ਵੀ ਨੁਕਸਾਨ ਉਠਾਉਣਾ ਪਿਆ। ਇਨ੍ਹਾਂ ਹਮਲਿਆਂ ਸਮੇਂ ਸ: ਫਤਹਿ ਸਿੰਘ ਕਾਛੀ, ਜੀਵਨ ਮੱਲ ਮੁਨਸ਼ੀ, ਭੀਤ ਸਿੰਘ ਪਠਾਣੀਆਂ, ਗੁਰਬਖ਼ਸ਼ ਸਿੰਘ ਧਾਰੀ, ਮਾਨਕੌਰ ਸਿੰਘ ਧਾਰੀ ਵਰਗੇ ਬਹਾਦਰ ਜਰਨੈਲ ਮਾਰੇ ਗਏ ਅਤੇ ਸਾਰੇ ਹਾਲਾਤ ਨੂੰ ਦੇਖਦਿਆਂ ਹੋਇਆਂ ਮਹਾਰਾਜਾ ਰਣਜੀਤ ਸਿੰਘ ਨੂੰ ਕੁਝ ਸਮਾਂ ਸਾਰੀ ਯੋਜਨਾ ਬਣਾਉਣ ਲਈ ਉਡੀਕ ਕਰਨੀ ਪਈ।

ਲਾਹੌਰ ਦਰਬਾਰ ਦੀਆਂ ਸਿੱਖ ਫ਼ੌਜਾਂ ਨੇ 1818 ਈ: ਨੂੰ ਮੁਲਤਾਨ 'ਤੇ ਜਿੱਤ ਹਾਸਲ ਕੀਤੀ। ਇਸ ਜਿੱਤ ਦੇ ਨਾਲ ਸਿੱਖ ਫ਼ੌਜਾਂ ਦੇ ਹੌਸਲੇ ਬੁਲੰਦ ਹੋਏ। ਉਧਰ ਕਸ਼ਮੀਰ ਇਕ ਸਰਹੱਦੀ ਇਲਾਕਾ ਸੀ, ਜਿਸ ਦੀ ਫ਼ੌਜੀ ਲਿਹਾਜ਼ ਨਾਲ ਬਹੁਤ ਮਹੱਤਤਾ ਸੀ ਅਤੇ ਨਾਲ ਹੀ ਕਸ਼ਮੀਰ ਘਾਟੀ ਵਿਚ ਹਿੰਦੂ ਸਿੱਖਾਂ ਉਪਰ ਦੁਰਾਨੀਆਂ ਵਲੋਂ ਜੋ ਜ਼ੁਲਮ ਢਾਏ ਜਾ ਰਹੇ ਸਨ, ਉਨ੍ਹਾਂ ਘਟਨਾਵਾਂ ਬਾਰੇ ਸਾਰੀਆਂ ਰਿਪੋਰਟਾਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਪਹੁੰਚ ਰਹੀਆਂ ਸਨ। ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ 'ਤੇ ਹਮਲਾ ਕਰਨ ਲਈ ਪੂਰੀ ਤਿਆਰੀ ਕੀਤੀ। ਲਾਹੌਰ ਦਰਬਾਰ ਦੀਆਂ ਫ਼ੌਜਾਂ ਨੂੰ ਪਹਾੜਾਂ ਵਿਚ ਜ਼ਰੂਰਤ ਦਾ ਸਾਮਾਨ ਤੱਕ ਅਤੇ ਤੁਰੰਤ ਭੇਜਣ ਵਾਸਤੇ ਸਿਆਲਕੋਟ ਅਤੇ ਜੰਮੂ ਵਿਚ ਵੱਡੇ-ਵੱਡੇ ਫ਼ੌਜੀ ਕੇਂਦਰ ਸਥਾਪਤ ਕੀਤੇ। ਸਰਕਾਰ-ਏ-ਖ਼ਾਲਸਾ ਵਲੋਂ ਤਿਆਰ ਕਰਵਾਈਆਂ ਛੋਟੀਆਂ ਅਤੇ ਹਲਕੀਆਂ ਤੋਪਾਂ ਦੀ ਆਵਾਜਾਈ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ। ਹੁਣ ਮਹਾਰਾਜਾ ਰਣਜੀਤ ਸਿੰਘ ਫ਼ੌਜਾਂ ਦੀ ਖ਼ੁਦ ਅਗਵਾਈ ਕਰ ਰਿਹਾ ਸੀ। ਇਸ ਵਾਰ ਸਾਰੇ ਹਾਲਾਤ ਲਾਹੌਰ ਦਰਬਾਰ ਦੇ ਹੱਕ ਵਿਚ ਬਣ ਚੁੱਕੇ ਸਨ। ਅਫ਼ਗਾਨਿਸਤਾਨ ਵਿਚ ਸੰਨ 1818 ਦੇ ਅਖੀਰਲੇ ਮਹੀਨਿਆਂ ਵਿਚ ਉਤਰਾਧਿਕਾਰੀ ਦਾ ਝਗੜਾ ਸ਼ੁਰੂ ਹੋ ਚੁੱਕਾ ਸੀ, ਜਿਸ ਕਰਕੇ ਖਾਨਾਜੰਗੀ ਦੇ ਹਾਲਾਤ ਬਣ ਗਏ ਸਨ। ਇਸ ਸਮੇਂ ਸ਼ਾਹ ਮਹਿਮੂਦ ਦੇ ਪੁੱਤਰ ਸ਼ਹਿਜ਼ਾਦਾ ਕਾਮਰਾਨ ਨੇ ਫ਼ਤਹਿ ਖ਼ਾਨ ਨੂੰ ਮਰਵਾ ਦਿੱਤਾ ਅਤੇ ਇਸ ਘਟਨਾ ਦੇ ਵਾਪਰਨ ਕਾਰਨ ਫਤਹਿ ਖ਼ਾਨ ਦੇ ਬਾਰਕਜ਼ਈ ਕਬੀਲੇ ਦੇ ਲੋਕਾਂ ਨੇ ਕਾਮਰਾਨ ਦੇ ਵਿਰੁੱਧ ਬਗ਼ਾਵਤ ਕਰ ਦਿੱਤੀ। ਅਜਿਹੇ ਭਿਆਨਕ ਹਾਲਾਤ ਕਰਕੇ ਕਸ਼ਮੀਰ ਦੇ ਹਾਕਮ ਆਜ਼ਮ ਖਾਂ ਨੇ ਆਪਣੀ ਥਾਂ ਜਾਬਰ ਖਾਂ ਨੂੰ ਨਿਯੁਕਤ ਕਰਕੇ ਆਪਣੇ ਨਾਲ ਕੁਝ ਫ਼ੌਜੀ ਜਵਾਨਾਂ ਨੂੰ ਨਾਲ ਲਿਆ ਅਤੇ ਅਫ਼ਗਾਨਿਸਤਾਨ ਵੱਲ ਚਾਲੇ ਪਾ ਦਿੱਤੇ। ਦੂਸਰੀ ਘਟਨਾ ਅਨੁਸਾਰ ਕਸ਼ਮੀਰ ਦੇ ਹਾਲਾਤ ਮਹਾਰਾਜਾ ਰਣਜੀਤ ਸਿੰਘ ਦੇ ਹੱਕ ਵਿਚ ਹੋਰ ਹੋ ਗਏ। ਕਸ਼ਮੀਰ ਦਾ ਸੂਝਵਾਨ ਮੰਤਰੀ ਬੀਰਬਲ ਧਰ ਆਪਣੇ ਮਾਲਕ ਜਾਬਰ ਖ਼ਾਨ ਨਾਲ ਝਗੜਾ ਕਰਕੇ ਲਾਹੌਰ 'ਸਰਕਾਰ-ਏ-ਖ਼ਾਲਸਾ' ਦੀ ਸ਼ਰਨ ਆ ਗਿਆ। ਉਸ ਨੇ ਕਸ਼ਮੀਰ ਵਿਚ ਅਫ਼ਗਾਨ ਫ਼ੌਜੀਆਂ ਦੀ ਤਾਇਨਾਤੀ, ਗਿਣਤੀ ਅਤੇ ਉਥੋਂ ਦੇ ਰਸਤਿਆਂ ਸਬੰਧੀ ਵੱਡਮੁੱਲੇ ਭੇਤਾਂ ਤੋਂ ਜਾਣੂ ਕਰਵਾਇਆ। ਬੀਰਬਲ ਧਰ ਦੇ ਚਲੇ ਜਾਣ ਤੋਂ ਬਾਅਦ ਕਸ਼ਮੀਰ ਦੇ ਹਾਕਮਾਂ ਨੇ ਬੀਰਬਲ ਧਰ ਦਾ ਪਰਿਵਾਰ ਤਬਾਹ ਕਰ ਦਿੱਤਾ ਅਤੇ ਘਰ-ਬਾਰ ਸਾੜ ਦਿੱਤਾ।

ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਸਿੱਖ ਫ਼ੌਜਾਂ ਜਿਨ੍ਹਾਂ ਦੀ ਗਿਣਤੀ 30 ਹਜ਼ਾਰ ਸੀ, 20 ਅਪ੍ਰੈਲ, 1819 ਈ: ਨੂੰ ਲਾਹੌਰ ਤੋਂ ਕਸ਼ਮੀਰ ਵੱਲ ਚਲ ਪਈਆਂ। ਵਜ਼ੀਰਾਬਾਦ ਪਹੁੰਚ ਕੇ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਫ਼ੌਜ ਨੂੰ ਤਿੰਨ ਭਾਗਾਂ ਵਿਚ ਵੰਡ ਦਿੱਤਾ। ਪਹਿਲੇ ਭਾਗ ਵਿਚ ਮਿਸਰ ਦੀਵਾਨ ਚੰਦ, ਸ: ਸ਼ਾਮ ਸਿੰਘ ਅਟਾਰੀਵਾਲਾ, ਸ: ਹੁਕਮ ਸਿੰਘ ਚਿਮਨੀ ਦੀ ਦੇਖ-ਰੇਖ ਵਿਚ ਭਿੰਮਰ, ਝੰਗੜ, ਰਾਜੌਰੀ ਦੇ ਰਸਤੇ ਤੋਂ ਅੱਗੇ ਪੀਰ ਪੰਚਾਲ ਵੱਲ ਨੂੰ ਜਾਣ ਦਾ ਹੁਕਮ ਦਿੱਤਾ। ਦੂਜੇ ਭਾਗ ਨੂੰ ਸ਼ਹਿਜ਼ਾਦਾ ਖੜਕ ਸਿੰਘ, ਅਕਾਲੀ ਫੂਲਾ ਸਿੰਘ, ਸ: ਹਰੀ ਸਿੰਘ ਨਲਵਾ ਅਤੇ ਸ੍ਰੀ ਰਾਮ ਦਿਆਲ ਦੀ ਕਮਾਂਡ ਹੇਠ ਵਜ਼ੀਰਾਬਾਦ ਤੋਂ ਭਿੰਮਰ ਝੰਗੜ ਦੇ ਰਸਤੇ ਤੋਂ ਰਾਜੌਰੀ ਪਹੁੰਚਣ ਦਾ ਹੁਕਮ ਹੋਇਆ ਅਤੇ ਤੀਜੇ ਭਾਗ ਦਾ ਕੰਟਰੋਲ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਭਿੰਮਰ ਨਗਰ ਤੋਂ ਖ਼ੁਦ ਕੀਤਾ। ਇਸ ਸਮੇਂ ਮਹਾਰਾਜੇ ਕੋਲ 10 ਹਜ਼ਾਰ ਤਿਆਰ-ਬਰ-ਤਿਆਰ ਫ਼ੌਜ ਸੀ ਤਾਂ ਜੋ ਦੋ ਪਾਸਿਆਂ ਤੋਂ ਚੜ੍ਹਾਈ ਵਿਚ ਜਿਧਰ ਵੀ ਲੋੜ ਪਵੇ ਫ਼ੌਜ ਤੁਰੰਤ ਪਹੁੰਚ ਸਕਦੀ ਸੀ। ਜਦੋਂ ਸਿੱਖ ਫ਼ੌਜਾਂ ਰਾਜੌਰੀ ਨਗਰ ਪਹੁੰਚੀਆਂ ਤਾਂ ਇਥੋਂ ਦਾ ਰਾਜਾ ਅਸਗਰ ਖ਼ਾਨ ਭੇਸ ਵਟਾ ਕੇ ਭੱਜ ਗਿਆ। ਕਿਉਂਕਿ ਕੁਝ ਸਮੇਂ ਤੋਂ ਇਹ ਰਾਜਾ ਲਾਹੌਰ ਦਰਬਾਰ ਤੋਂ ਬਾਗ਼ੀ ਹੋ ਕੇ ਕੋਈ ਨਜ਼ਰਾਨਾ ਵਗੈਰਾ ਨਹੀਂ ਸੀ ਭੇਜ ਰਿਹਾ ਤੇ ਪਿਛਲੀ ਦਫ਼ਾ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਲੰਮੇ ਰਸਤੇ ਵੱਲ ਜਾਣ ਦੀ ਗ਼ਲਤ ਸਲਾਹ ਦਿੱਤੀ ਸੀ। ਪਰ ਉਸ ਦੇ ਭਰਾ ਰਹੀਮ-ਉੱਲਾ-ਯਾਰ ਖ਼ਾਨ ਨੇ ਪੂਰੀ ਤਰ੍ਹਾਂ ਸਮਝਦਾਰੀ ਤੋਂ ਕੰਮ ਲੈਂਦੇ ਹੋਏ ਸ਼ਹਿਜ਼ਾਦਾ ਖੜਕ ਸਿੰਘ ਤੇ ਮਿਸਰ ਦੀਵਾਨ ਚੰਦ ਨੂੰ ਰਾਜੌਰੀ ਦੇ ਸ਼ਾਹੀ ਬਾਗ਼ ਵਿਚ ਆ ਕੇ ਮਿਲਿਆ ਅਤੇ ਆਪਣੀ ਫ਼ੌਜ ਨੂੰ ਦਰਬਾਰ ਦੀਆਂ ਫ਼ੌਜਾਂ ਨਾਲ ਭੇਜਣ ਦਾ ਯਕੀਨ ਦਿਵਾਇਆ ਅਤੇ ਸਹੀ ਰਸਤੇ ਵਗੈਰਾ ਵੀ ਦੱਸ ਦਿੱਤੇ। ਉਸ ਤੋਂ ਬਾਅਦ ਸ਼ਹਿਜ਼ਾਦਾ ਖੜਕ ਸਿੰਘ ਨੇ ਰਹੀਮ-ਉੱਲਾ-ਯਾਰ ਖ਼ਾਨ ਨੂੰ ਸ਼ੇਰ-ਏ-ਪੰਜਾਬ ਵੱਲ ਭਿੰਮਰ ਪੇਸ਼ ਹੋਣ ਲਈ ਭੇਜ ਦਿੱਤਾ। ਰਹੀਮ-ਉੱਲਾ-ਯਾਰ ਖ਼ਾਨ ਦੀ ਦਿਆਨਤਦਾਰੀ ਤੋਂ ਪ੍ਰਸੰਨ ਹੋਕੇ ਸ਼ੇਰ-ਏ-ਪੰਜਾਬ ਨੇ ਉਸ ਨੂੰ ਰਾਜੌਰੀ ਦਾ ਰਾਜਾ ਮੁਕੱਰਰ ਕਰ ਦਿੱਤਾ

ਸਿੱਖ ਫ਼ੌਜਾਂ ਰਾਜੌਰੀ ਤੋਂ ਪੁਣਛ ਤੇ ਫਿਰ ਬੇਹਰਾਮ ਗੱਲਾਂ ਪਹੁੰਚ ਗਈਆਂ। ਉਸ ਸਮੇਂ ਕਸ਼ਮੀਰ ਦਾ ਹਾਕਮ ਮੁਹੰਮਦ ਜ਼ਬਾਰ ਖ਼ਾਨ ਸੀ, ਜਿਸ ਨੇ ਖ਼ਾਲਸਾ ਫ਼ੌਜਾਂ ਨਾਲ ਟੱਕਰ ਲੈਣ ਲਈ ਬਹੁਤ ਸਾਰੀਆਂ ਤੋਪਾਂ ਤੇ ਵੱਡੀ ਗਿਣਤੀ ਵਿਚ ਫ਼ੌਜ ਇਕੱਠੀ ਕਰ ਲਈ ਸੀ। ਬੇਹਰਾਮ ਗੱਲਾਂ ਦਰੇ ਵਿਚ ਪਹੁੰਚਣ ਤੋਂ ਬਾਅਦ ਸ਼ਹਿਜ਼ਾਦਾ ਖੜਕ ਸਿੰਘ ਅਤੇ ਮਿਸਰ ਦੀਵਾਨ ਚੰਦ ਨੇ ਆਪਣੀਆਂ ਫ਼ੌਜਾਂ ਨੂੰ ਮੁੜ ਤਰਤੀਬ ਦੇ ਕੇ ਤਿੰਨ ਭਾਗਾਂ ਵਿਚ ਵੰਡ ਦਿੱਤਾ ਅਤੇ 3 ਜੁਲਾਈ, 1819 ਈ: ਨੂੰ ਪੀਰ ਪੰਚਾਲ ਤੋਂ ਉੱਤਰ ਕੇ ਜ਼ਬਰ ਖ਼ਾਨ ਦੀ ਫ਼ੌਜ ਉੱਪਰ ਜੋ ਸੋਪਈਆ ਨਸਰ ਵਿਚ ਪਹਿਲਾਂ ਹੀ ਇਕੱਠੀ ਕੀਤੀ ਹੋਈ ਸੀ, ਤਿੰਨ ਵੱਖ-ਵੱਖ ਥਾਵਾਂ 'ਤੇ ਧਾਵਾ ਬੋਲ ਦਿੱਤਾ। ਇਸ ਥਾਂ 'ਤੇ ਦੋਵਾਂ ਧਿਰਾਂ ਵਿਚਕਾਰ ਜ਼ਬਰਦਸਤ ਮੁਕਾਬਲਾ ਹੋਇਆ। ਕਿਉਂਕਿ ਦੌਰਾਨੀ ਫ਼ੌਜੀਆਂ ਨੇ ਪਹਿਲਾਂ ਹੀ ਮੋਰਚੇ ਪੁੱਟ ਕੇ ਤਿਆਰ ਕੀਤੇ ਹੋਏ ਸਨ। ਇਸ ਸਮੇਂ ਲਾਹੌਰ ਦਰਬਾਰ ਦੀਆਂ ਆਪਣੀਆਂ ਬਣਾਈਆਂ ਤੋਪਾਂ ਨੇ ਬਹੁਤ ਕੰਮ ਕੀਤਾ। ਸ: ਹਰੀ ਸਿੰਘ ਨਲਵਾ, ਅਕਾਲੀ ਫੂਲਾ ਸਿੰਘ ਅੱਗੇ ਹੋ ਕੇ ਲੜ ਰਹੇ ਸਨ। ਨਵਾਬ ਜ਼ਬਰ ਖ਼ਾਨ ਹਾਕਮ ਕਸ਼ਮੀਰ ਆਪਣੀ ਅਫ਼ਗਾਨ ਫ਼ੌਜ ਦੀ ਆਪਸ ਅਗਵਾਈ ਕਰਦਾ ਹੋਇਆ ਸ: ਹਰੀ ਸਿੰਘ ਨਲਵਾ ਦੇ ਸਾਹਮਣੇ ਆ ਗਿਆ। ਤਲਵਾਰ ਨਾਲ ਦੋਵਾਂ ਨੇ ਇਕ-ਦੂਜੇ ਦਾ ਟਾਕਰਾ ਕੀਤਾ ਪਰ ਜ਼ਬਾਰ ਖ਼ਾਨ ਦਾ ਤਲਵਾਰ ਵਾਲਾ ਹੱਥ ਹਰੀ ਸਿੰਘ ਨਲਵੇ ਦੇ ਹਮਲੇ ਨਾਲ ਵੱਢਿਆ ਗਿਆ ਤੇ ਉਹ ਜਾਨ ਬਚਾ ਕੇ ਪਹਾੜਾਂ ਅਤੇ ਜੰਗਲਾਂ ਵਿਚੋਂ ਹੁੰਦਾ ਹੋਇਆ ਮੁਜ਼ਫਰਾਬਾਦ ਦੇ ਰਸਤੇ ਕਾਬਲ ਜਾ ਪਹੁੰਚਿਆ। ਇਸ ਪਿੱਛੋਂ ਅਫ਼ਗਾਨ ਫ਼ੌਜਾਂ ਦੇ ਹੌਸਲੇ ਟੁੱਟ ਗਏ। ਇਸ ਘਮਸਾਨ ਦੀ ਜੰਗ ਵਿਚ ਖ਼ਾਲਸੇ ਦੀ ਜਿੱਤ ਹੋਈ ਤੇ ਸਾਰੇ ਕਸ਼ਮੀਰ 'ਤੇ ਕਬਜ਼ਾ ਹੋ ਗਿਆ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਸੁਚੱਜੀ ਵਿਉਂਤ ਅਨੁਸਾਰ 500 ਸਾਲ ਵਿਦੇਸ਼ੀ ਗੁਲਾਮੀ ਵਿਚ ਰਹਿਣ ਪਿਛੋਂ ਕਸ਼ਮੀਰ ਆਜ਼ਾਦ ਹੋ ਗਿਆ। ਇਸ ਲੜਾਈ ਵਿਚ ਸਰਦਾਰ ਅਮੀਰ ਦਿਲ ਅਤੇ ਸਰਦਾਰ ਸਮਦ ਖ਼ਾਨ ਵਰਗੇ ਅਫ਼ਗਾਨੀ ਲੜਾਕੇ ਮਾਰੇ ਗਏ ਅਤੇ ਕਾਫ਼ੀ ਮਾਤਰਾ ਵਿਚ ਫ਼ੌਜੀ ਸਾਮਾਨ ਤੇ ਕਾਬਲੀ ਘੋੜੇ ਸਿੱਖ ਫ਼ੌਜਾਂ ਦੇ ਹੱਥ ਲੱਗੇ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀਆਂ ਜੇਤੂ ਫ਼ੌਜਾਂ 5 ਜੁਲਾਈ, 1819 ਈ: ਨੂੰ ਸ੍ਰੀਨਗਰ ਵਿਚ ਦਾਖਲ ਹੋ ਗਈਆਂ। ਸ਼ਹਿਜ਼ਾਦਾ ਖੜਕ ਸਿੰਘ ਨੇ ਸ੍ਰੀਨਗਰ ਸ਼ਹਿਰ ਵਿਚ ਮੁਨਾਦੀ ਕਰਵਾ ਦਿੱਤੀ ਕਿ ਹੁਣ ਕਿਸੇ ਦੀ ਜਾਨ ਜਾਂ ਮਾਲ ਨੂੰ ਕੋਈ ਖਤਰਾ ਨਹੀਂ। ਕਸ਼ਮੀਰ ਦੇ ਲੋਕ ਆਜ਼ਾਦ ਹਨ ਤੇ ਖ਼ਾਲਸਾ ਦਰਬਾਰ ਦੀਆਂ ਫ਼ੌਜਾਂ ਉਨ੍ਹਾਂ ਦੇ ਸੁਖ-ਆਰਾਮ ਲਈ ਹਰ ਯਤਨ ਕਰਨਗੀਆਂ। ਇਸ ਤੋਂ ਪਹਿਲਾਂ ਹਮੇਸ਼ਾ ਸ੍ਰੀਨਗਰ ਫਤਹਿ ਕਰਨ ਵਾਲੇ ਲੁੱਟ-ਮਾਰ ਕਰਿਆ ਕਰਦੇ ਸਨ ਪਰ ਖ਼ਾਲਸਾ ਫ਼ੌਜ ਨੇ ਕੋਈ ਲੁੱਟ-ਮਾਰ ਨਾ ਕੀਤੀ। ਸ੍ਰੀਨਗਰ ਦੇ ਲੋਕਾਂ ਨੇ ਪਹਿਲੀ ਵਾਰ ਫ਼ੌਜ ਦਾ ਪਿਆਰ ਭਰਿਆ ਵਰਤਾਓ ਦੇਖਿਆ।

ਮਹਾਰਾਜਾ ਰਣਜੀਤ ਸਿੰਘ ਨੂੰ ਜਦ ਕਸ਼ਮੀਰ ਫਤਹਿ ਕਰਨ ਦੀ ਖ਼ਬਰ ਮਿਲੀ ਤਾਂ ਉਹ ਸਿੱਧੇ ਕੂਚ ਕਰਕੇ ਅੰਮ੍ਰਿਤਸਰ ਪਹੁੰਚੇ। ਸ੍ਰੀ ਦਰਬਾਰ ਸਾਹਿਬ ਅਕਾਲ ਪੁਰਖ ਵਾਹਿਗੁਰੂ ਦਾ ਧੰਨਵਾਦ ਕਰਦੇ ਹੋਏ ਅਰਦਾਸ ਕੀਤੀ ਅਤੇ ਸ੍ਰੀ ਦਰਬਾਰ ਸਾਹਿਬ ਸੋਨੇ ਦੀ ਸੇਵਾ ਲਈ ਮਾਇਆ ਭੇਟ ਕੀਤੀ। ਲਾਹੌਰ ਅਤੇ ਅੰਮ੍ਰਿਤਸਰ ਦੇ ਸ਼ਹਿਰਾਂ ਵਿਚ ਖ਼ਾਲਸਾ ਸਰਕਾਰ ਵਲੋਂ ਲਗਾਤਾਰ ਤਿੰਨ ਰਾਤਾਂ ਦੀਪਮਾਲਾ ਕੀਤੀ ਗਈ। ਲਾਹੌਰ ਸ਼ਹਿਰ ਦੇ ਹਰ ਮੰਦਰ ਅਤੇ ਮਸੀਤ ਨੂੰ ਸਰਕਾਰ-ਏ-ਖ਼ਾਲਸਾ ਵਲੋਂ ਮਾਇਆ ਭੇਟ ਕੀਤੀ ਗਈ। ਪੈਸੇ ਦੇ ਲਿਹਾਜ਼ ਨਾਲ ਕਸ਼ਮੀਰ ਲਾਹੌਰ ਦਰਬਾਰ ਲਈ ਇਕ ਵਡਮੁੱਲੀ ਜਿੱਤ ਸੀ।

ਕਸ਼ਮੀਰ ਵਿਚ ਪਹਿਲਾਂ ਕੁਝ ਦਿਨ ਤਾਂ ਫ਼ੌਜੀ ਪ੍ਰਬੰਧ ਰਿਹਾ। ਸ: ਹਰੀ ਸਿੰਘ ਨਲਵਾ ਨੂੰ ਮੁੱਖ ਫ਼ੌਜੀ ਪ੍ਰਬੰਧਕ ਨਿਯੁਕਤ ਕੀਤਾ ਗਿਆ। ਕੁਝ ਸਮੇਂ ਬਾਅਦ ਜਦੋਂ ਕਸ਼ਮੀਰ ਦਾ ਸਾਰਾ ਪ੍ਰਬੰਧ ਸੁਧਰ ਗਿਆ ਤਾਂ ਦੀਵਾਨ ਮੋਤੀ ਰਾਮ ਨੂੰ ਕਸ਼ਮੀਰ ਦਾ ਪਹਿਲਾ ਗਵਰਨਰ ਨਿਯੁਕਤ ਕੀਤਾ ਗਿਆ। ਅਜੇ ਇਕ ਸਾਲ ਪੂਰਾ ਨਹੀਂ ਹੋਇਆ ਸੀ ਕਿ ਮੋਤੀ ਰਾਮ ਦਾ ਛੋਟਾ ਬੇਟਾ ਰਾਮ ਦਿਆਲ ਪੱਛਮੀ ਕਸ਼ਮੀਰ ਦੀਆਂ ਪਹਾੜੀਆਂ ਵਿਚ ਗੰਧਗੜੀਆਂ ਨਾਲ ਲੜਦਾ ਹੋਇਆ ਮਾਰਿਆ ਗਿਆ। ਦੀਵਾਨ ਮੋਤੀ ਰਾਮ ਪੁੱਤਰ ਦੀ ਮੌਤ ਉਪਰੰਤ ਕਸ਼ਮੀਰ ਤੋਂ ਲਾਹੌਰ ਵਾਪਸ ਆ ਗਿਆ। ਦੀਵਾਨ ਮੋਤੀ ਰਾਮ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਸ: ਹਰੀ ਸਿੰਘ ਨਲਵੇ ਨੂੰ ਕਸ਼ਮੀਰ ਦਾ ਗਵਰਨਰ ਲਾਇਆ। ਸ: ਹਰੀ ਸਿੰਘ ਨਲਵਾ ਨੇ ਕਸ਼ਮੀਰ ਦੇ ਸਾਰੇ ਬਾਗ਼ੀ ਕਾਬੂ ਕਰ ਲਏ ਤੇ ਕਸ਼ਮੀਰ ਰਾਜ ਆਰਥਿਕ ਤੌਰ 'ਤੇ ਬੜਾ ਉਨਤ ਹੋਇਆ। ਇਸ ਤੋਂ ਖ਼ੁਸ਼ ਹੋ ਕੇ ਮਹਾਰਾਜਾ ਰਣਜੀਤ ਸਿੰਘ ਨੇ ਸ: ਹਰੀ ਸਿੰਘ ਨਲਵਾ ਨੂੰ ਆਪਣੇ ਨਾਂਅ ਦਾ ਸਿੱਕਾ ਚਲਾਉਣ ਦਾ ਅਧਿਕਾਰ ਦਿੱਤਾ। ਸ: ਨਲਵਾ ਨੇ ਕਸ਼ਮੀਰ ਵਿਚ ਜੋ ਸਿੱਕਾ ਜਾਰੀ ਕੀਤਾ ਉਸ ਨੂੰ ਆਮ ਤੌਰ 'ਤੇ 'ਹਰੀ ਸਿੰਘੀ' ਕਰਕੇ ਜਾਣਿਆ ਜਾਂਦਾ ਸੀ।

ਸਿੱਖ ਰਾਜ ਦੇ ਸਮੇਂ ਮੁਜਫਰਾਬਾਦ ਦੇ ਬਾਜ਼ਾਰ ਵਿਚ ਜਿਣਸਾਂ ਦੇ ਭਾਅ ਪ੍ਰਤੀ ਇਕ (ਰੁਪਿਆ) ਰੁਪਏ ਅਨੁਸਾਰ ਸੀ। ਕਣਕ ਦਾ ਆਟਾ 16 ਸੇਰ, ਆਟਾ ਮੱਕੀ 20 ਸੇਰ, ਲੂਣ 4 ਸੇਰ, ਮੱਖਣ 3 ਸੇਰ, ਚਾਵਲ 10 ਸੇਰ, ਘਿਓ 2 ਸੇਰ, ਦੁੱਧ 16 ਸੇਰ ਅਤੇ ਖੰਡ ਦੇਸੀ 4 ਸੇਰ ਸੀ।

ਸਿੱਖ ਰਾਜ ਸਮੇਂ ਕਸ਼ਮੀਰ ਦੇ ਗਵਰਨਰ ਦੀਵਾਨ ਮੋਤੀ ਰਾਮ (1819 ਤੋਂ 1820), ਸ: ਹਰੀ ਸਿੰਘ ਨਲਵਾ (1820-1821), ਦੀਵਾਨ ਮੋਤੀ ਰਾਮ ਦੂਜੀ ਵਾਰ (1821-1824), ਦੀਵਾਨ ਚੂਨੀ ਲਾਲ (1824-1826), ਦੀਵਾਨ ਕਿਰਪਾ ਰਾਮ (1826-1830), ਬੇਰਮਾ ਸਿੰਘ ਅਰਦਲੀ (1830-1831), ਕੰਵਰ ਸ਼ੇਰ ਸਿੰਘ (1831-1834), ਮੀਆਂ ਸਿੰਘ (1834-1841), ਸ਼ੇਖ ਗੁਲਾਮ ਮਹੀਓਦੀਨ (1841-1845), ਸ਼ੇਖ਼ ਈਮਾਮਦੀਨ (1846)। ਸਿੱਖ ਰਾਜ ਸਮੇਂ ਕਸ਼ਮੀਰ ਨੇ ਹਰ ਪੱਖ ਤੋਂ ਪੂਰੀ ਤਰੱਕੀ ਕੀਤੀ। ਵਿਸ਼ੇਸ਼ ਤੌਰ'ਤੇ ਕਸ਼ਮੀਰ ਦੇ ਸ਼ਾਲ ਅਤੇ ਦੋਸ਼ਾਲੇ ਦਾ ਵਪਾਰ ਸਿਖਰ 'ਤੇ ਸੀ।

**-ਹਰਵਿੰਦਰ ਸਿੰਘ ਖਾਲਸਾ**

# ਸਿੱਖ ਰਾਜ ਕਿਵੇਂ ਗਿਆ...?

ਲਿਖਤ : ਗਿ. ਸੋਹਣ ਸਿੰਘ ਸੀਤਲ

ਲੜੀਵਾਰ ਕਿਸ਼ਤ – 41


ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

### ਅੰਗਰੇਜ਼ ਲਾਹੌਰ ਪੁੱਜੇ

20 ਫ਼ਰਵਰੀ ਨੂੰ ਅੰਗਰੇਜ਼ ਲਾਹੌਰ ਜਾ ਪੁੱਜੇ ਅਗਲੇ ਦਿਨ ਲਾਰਡ ਹਾਰਡਿੰਗ ਨੇ ਦਲੀਪ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਗੱਦੀ ਤੇ ਬਿਠਾਇਆ ਤੇ ਐਲਾਨ ਕੀਤਾ, ਕਿ ਦਲੀਪ ਸਿੰਘ ਪੰਜਾਬ ਦਾ 'ਮਹਾਰਾਜਾ'' ਰਹੇਗਾ।

ਏਸ ਸਾਰੇ ਰੰਗ ਢੰਗ ਤੋਂ ਪੰਜਾਬ ਵਾਸੀ ਸਮਝ ਰਹੇ ਸਨ, ਕਿ ਹੁਣ ਪਹਿਲਾਂ ਵਰਗਾ ਪੰਜਾਬ ਨਹੀਂ ਰਿਹਾ। ੨੯ ਫਰਵਰੀ ਨੂੰ ਹਾਰਡਿੰਗ ਨੇ ਇਕ ਆਮ ਦਰਬਾਰ ਕੀਤਾ, ਜਿਸ ਵਿਚ ਲਾਲ ਸਿੰਘ 'ਮਿਸਰ' ਪੰਜਾਬ ਦਾ 'ਵਜ਼ੀਰ' ਤੇ ਤੇਜ ਸਿੰਘ 'ਸੈਨਾਪਤੀ' ਬਣਾਏ ਗਏ ਤੇ ਹੋਣ ਵਾਲੀ ਸੁਲ੍ਹਾ ਦੀਆਂ ਮੋਟੀਆਂ ਮੋਟੀਆਂ ਸ਼ਰਤਾਂ ਦਾ ਵੀ ਐਲਾਨ ਕੀਤਾ।

ਰਾਜਾ ਗੁਲਾਬ ਸਿੰਘ ਲਾਹੌਰ ਦਾ ਵਜ਼ੀਰ ਬਣਨ ਲਈ ਚਰੋਕਣੀ ਆਸ ਲਾਈ ਬੈਠਾ ਸੀ। ਉਹ ਕਿਵੇਂ ਸਹਾਰ ਸਕਦਾ ਸੀ, ਕਿ ਲਾਲ ਸਿੰਘ ਵਜ਼ਾਰਤ ਸੰਭਾਲ ਬਹੇ। ਉਹਨੇ (ਗੁਲਾਬ ਸਿੰਘ ਨੇ) ਹਾਰਡਿੰਗ ਨੂੰ ਸਾਫ਼ ਕਹਿ ਦਿੱਤਾ, ਕਿ ਸਭਰਾਵਾਂ ਦੇ ਜੰਗ ਵਿਚ ਖ਼ਾਲਸਾ ਫ਼ੌਜ ਨੂੰ ਮਰਵਾਉਣ ਬਦਲੇ, ਉਸਨੂੰ ਕੁਛ ਮਿਲਣਾ ਚਾਹੀਦਾ ਹੈ। ਨਾਲ ਹੀ ਉਹਨੇ ਇਹ ਵੀ ਕਿਹਾ, 'ਜੇ ਮੈਂ ਲੜਾਈ ਲੰਮੀ ਕਰ ਦੇਂਦਾ, ਤਾਂ ਇਸਦਾ ਨਤੀਜਾ ਕੁਝ ਹੋਰ ਹੀ ਹੁੰਦਾ। ਜੇ ਮੈਂ ਆਪ ਹੀ, ਮਰਜ਼ੀ ਨਾਲ, ਜਾਲ ਵਿਛਾ ਕੇ ਉਸ ਵਿਚ ਕੈਦ ਨਾ ਹੋ ਜਾਂਦਾ ਤੇ ਖ਼ਾਲਸਾ ਫ਼ੌਜ ਨੂੰ ਖ਼ਿਲਾਫ਼ ਦੇਂਦਾ ਤਾਂ ਉਹ ਫ਼ਿਰੋਜ਼ਪੁਰ ਤੇ ਦਿੱਲੀ ਵਿਚ ਪਰਲੋ ਲਿਆ ਦੇਂਦੀ'' ਉਸਨੂੰ ਨਾਰਾਜ਼ ਵੇਖਕੇ ਹਾਰਡਿੰਗ ਵੀ ਘਬਰਾ ਗਿਆ। ਉਹ ਗੁਲਾਬ ਸਿੰਘ ਦੀ ਕਾਬਲੀਅਤ ਨੂੰ ਜਾਣਦਾ ਸੀ ਤੇ ਇਹ



ਵੀ ਜਾਣਦਾ ਸੀ, ਕਿ ਜੇ ਕੋਈ ਏਹੋ ਜਿਹਾ ਆਦਮੀ ਅੰਮ੍ਰਿਤਸਰ ਵਾਲੀ ਫ਼ੌਜ ਨਾਲ ਜਾ ਮਿਲੇ, ਤਾਂ ਅੰਗਰੇਜ਼ਾਂ ਵਾਸਤੇ ਚੰਗਾ ਨਹੀਂ ਹੋਵੇਗਾ। ਸੋ ਹਾਰਡਿੰਗ ਨੇ ਗੁਲਾਬ ਸਿੰਘ ਨਾਲ ਇਕਰਾਰ ਕੀਤਾ, ਕਿ ਉਸਨੂੰ ਕਸ਼ਮੀਰ ਦਾ ਖ਼ੁਦਮੁਖ਼ਤਿਆਰ ਮਹਾਰਾਜਾ ਬਣਾ ਦਿੱਤਾ ਜਾਵੇਗਾ।

### ਪਹਿਲੀ ਸੁਲ੍ਹਾ

ਸਰਕਾਰ ਅੰਗਰੇਜ਼ੀ ਤੇ ਲਾਹੌਰ ਦਰਬਾਰ ਵਿਚ ਸੁਲ੍ਹਾ, ਲਾਹੌਰ, 9 ਮਾਰਚ, 1846 ਈ। ''ਸੁਲ੍ਹਾ, ਜੋ ਮਹਾਰਾਜਾ ਰਣਜੀਤ ਸਿੰਘ ਵਾਲੀਏ ਲਾਹੌਰ ਤੇ ਸਰਕਾਰ ਅੰਗਰੇਜ਼ੀ ਵਿਚ 1809ਈ. ਨੂੰ ਹੋਈ ਸੀ, ਸਿੱਖ ਫ਼ੌਜ ਦੇ ਹਮਲੇ ਕਾਰਨ, ਜੋ ਉਸਨੇ ਬਿਨਾਂ ਕਿਸੇ ਵਜ੍ਹਾ ਦੇ ਪਿਛਲੇ ਦਸੰਬਰ ਵਿਚ ਅੰਗਰੇਜ਼ੀ ਇਲਾਕੇ ਉੱਤੇ ਕੀਤਾ, ਟੁੱਟ ਗਈ ਹੈ। ਮਹਾਰਾਜਾ ਲਾਹੌਰ ਦੇ ਉਹ ਸਭ ਇਲਾਕੇ, ਜੋ ਸਤਲੁਜ ਦੇ ਖੱਬੇ ਪਾਸੇ ਹਨ, 1 ਦਸੰਬਰ ਦੇ ਐਲਾਨ ਰਾਹੀਂ ਜ਼ਬਤ ਕਰ ਕੇ ਅੰਗਰੇਜ਼ੀ ਰਾਜ ਵਿਚ ਮਿਲਾ ਲਏ ਗਏ। ਉਸ ਸਮੇਂ ਤੋਂ ਲੈ ਦੋਹਾਂ ਸਰਕਾਰਾਂ ਨੇ ਇਕ ਦੂਜੇ ਵਿਰੁੱਧ ਹਮਲੇ ਜਾਰੀ ਰੱਖੇ, ਜਿਸ ਦਾ ਸਿੱਟਾ ਸਰਕਾਰ ਅੰਗਰੇਜ਼ੀ ਦਾ ਲਾਹੌਰ ਉਤੇ ਕਬਜ਼ਾ ਹੈ। ਤੇ ਇਸ ਗੱਲ ਦਾ ਫ਼ੈਸਲਾ ਹੋਇਆ ਹੈ, ਕਿ ਦੋਹਾਂ ਸਰਕਾਰਾਂ ਵਿਚ ਅਮਨ ਕਾਇਮ ਰੱਖਣ ਬਦਲੇ ਕੁਛ ਸ਼ਰਤਾਂ ਉੱਤੇ ਸੁਲ੍ਹਾ ਕੀਤੀ ਜਾਵੇ। ਇਹ ਸੁਲ੍ਹਾ ਨਾਮਾ ਮਹਾਰਾਜਾ ਦਲੀਪ ਸਿੰਘ ਤੇ ਉਹਦੇ ਵਾਰਸਾਂ, ਤੇ ਆਨਰੇਬਲ ਈਸਟ ਇੰਡੀਆ ਕੰਪਨੀ ਵਿੱਚ ਲਿਖਿਆ ਗਿਆ ਹੈ। ਕੰਪਨੀ ਵੱਲੋਂ ਫਰੈਡਰਿਕ ਕਰੀ, ਹੈਨਰੀ ਮਿੰਟਗੁਮਰੀ ਲਾਰੰਸ, ਜਿਨ੍ਹਾਂ ਨੂੰ ਗਵਰਨਰ-ਜੈਨਰਲ ਹੈਨਰੀ ਹਾਰਡਿੰਗ ਨੇ ਪੂਰੇ ਅਖ਼ਤਿਆਰ ਦਿੱਤੇ ਹਨ, ਤੇ ਮਹਾਰਾਜਾ ਦਲੀਪ ਸਿੰਘ ਵੱਲੋਂ ਭਾਈ ਰਾਮ ਸਿੰਘ, ਰਾਜਾ ਲਾਲ ਸਿੰਘ, ਸ: ਤੇਜ ਸਿੰਘ, ਸ: ਚਤਰ ਸਿੰਘ ਅਟਾਰੀਵਾਲਾ, ਸ: ਰਣਜੋਰ ਸਿੰਘ ਮਜੀਠਾ, ਦੀਵਾਨ ਦੀਨਾ ਨਾਥ ਤੇ ਫ਼ਕੀਰ ਨੂਰ ਦੀਨ, ਜਿਨ੍ਹਾਂ ਨੂੰ 'ਮਹਾਰਾਜੇ' ਵੱਲੋਂ ਪੂਰੇ ਅਖ਼ਤਿਆਰ ਹਨ।

1. ਇਕ ਪਾਸੇ ਸਰਕਾਰ ਅੰਗਰੇਜ਼ੀ ਤੇ ਦੂਜੇ ਪਾਸੇ ਮਹਾਰਾਜਾ ਦਲੀਪ ਸਿੰਘ, ਉਸਦੇ ਵਾਰਸ ਤੇ ਹੱਕਦਾਰਾਂ ਵਿਚ ਸਦਾ ਅਮਨ ਤੇ ਦੋਸਤੀ ਰਹੇਗੀ।


2. ਲਾਹੌਰ ਦਾ ਮਹਾਰਾਜਾ ਉਸ ਸਾਰੇ ਇਲਾਕੇ ਤੋਂ, ਜੋ ਸਤਲੁਜ ਦੇ ਦੱਖਣ ਵੱਲ ਹੈ, ਆਪਣੇ, ਆਪਣੇ ਵਾਰਸਾਂ ਤੇ ਹੱਕਦਾਰਾਂ ਦੇ ਸਾਰੇ ਹੱਕ ਤਿਆਗਦਾ ਹੈ।

3. ਮਹਾਰਾਜਾ ਦਲੀਪ ਸਿੰਘ ਆਪਣੇ ਸਾਰੇ ਕਿਲ੍ਹੇ, ਇਲਾਕੇ, ਮੈਦਾਨ ਤੇ ਪਹਾੜ ਜੋ ਦੁਆਬੇ, ਭਾਵ ਦਰਿਆ ਬਿਆਸ ਤੇ ਸਤਲੁਜ ਦੇ ਵਿਚ ਹਨ, ਦੇ ਸਭ ਰਾਜਸੀ ਹੱਕ ਕੰਪਨੀ ਦੇ ਹਵਾਲੇ ਕਰਦਾ ਹੈ।

# ਬਹੁਪੱਖੀ ਕਲਮਕਾਰ ਗਿਆਨੀ ਸੋਹਣ ਸਿੰਘ ਸੀਤਲ

ਲਿਖਤ : ਕੁਲਦੀਪ ਸਿੰਘ ਸਾਹਿਲ,
ਸੰਪਰਕ: 94179-90040

ਗਿਆਨੀ ਸੋਹਣ ਸਿੰਘ ਸੀਤਲ ਬਹੁਪੱਖੀ ਕਲਮਕਾਰ ਸਨ। ਉਨ੍ਹਾਂ ਨੇ ਪੰਜਾਬੀ ਸਾਹਿਤ ਦੀ ਹਰ ਨਬਜ਼ ਨੂੰ ਛੋਹਿਆ ਹੈ। ਇਸੇ ਕਰਕੇ ਉਹ ਲੋਕਾਂ ਵਿੱਚ ਢਾਡੀ, ਕਵੀ, ਪ੍ਰਚਾਰਕ, ਕਹਾਣੀਕਾਰ, ਗੀਤਕਾਰ, ਨਾਵਲਕਾਰ, ਨਾਟਕਕਾਰ ਅਤੇ ਖੋਜੀ ਇਤਿਹਾਸਕਾਰ ਵਜੋਂ ਜਾਣੇ ਜਾਂਦੇ ਹਨ। ਭਾਵੇਂ ਉਹ ਜ਼ਿਆਦਾ ਪੜ੍ਹ ਨਹੀਂ ਸਕੇ, ਪਰ ਉਨ੍ਹਾਂ ਦੀਆਂ ਲਿਖਤਾਂ ਤੋਂ ਜਾਪਦਾ ਹੈ ਕਿ ਉਹ ਗਿਆਨ ਦਾ ਸਾਗਰ ਸਨ। ਇਸ ਬਹੁਪੱਖੀ ਸ਼ਖ਼ਸੀਅਤ ਗਿਆਨੀ ਸੋਹਣ ਸਿੰਘ ਸੀਤਲ ਦਾ ਜਨਮ 7 ਅਗਸਤ 1909 ਨੂੰ ਪਿੰਡ ਕਾਦੀਵਿੰਡ ਤਹਿਸੀਲ ਕਸੂਰ ਜ਼ਿਲ੍ਹਾ ਲਾਹੌਰ (ਪਾਕਿਸਤਾਨ) ਵਿੱਚ ਖ਼ੁਸ਼ਹਾਲ ਸਿੰਘ ਪੰਨੂ ਅਤੇ ਮਾਤਾ ਦਿਆਲ ਕੌਰ ਦੇ ਗ੍ਰਹਿ ਵਿਖੇ ਹੋਇਆ। ਭਾਵੇਂ ਰਸਮੀ ਤਲੀਮ ਹਾਸਲ ਕਰਨ ਲਈ ਸੀਤਲ ਦੇ ਮਨ ਵਿੱਚ ਬਹੁਤ ਤਾਂਘ ਸੀ, ਪਰ ਉਸ ਸਮੇਂ ਸੰਸਥਾਗਤ ਵਿਦਿਆ ਖ਼ਾਸਕਰ ਪਿੰਡਾਂ 'ਚ ਕਾਫ਼ੀ ਘੱਟ ਸੀ। ਇਸ ਘਾਟ ਦੇ ਬਾਵਜੂਦ ਉਨ੍ਹਾਂ ਨੇ ਆਪਣੀ ਇਸ ਤਾਂਘ ਨੂੰ ਮੱਠੀ ਨਹੀਂ ਪੈਣ ਦਿੱਤਾ। ਕੁਝ ਵਿਸ਼ੇਸ਼ ਯਤਨਾਂ ਸਦਕਾ ਸੀਤਲ ਨੇ ਆਪਣੇ ਪਿੰਡ ਦੇ ਗ੍ਰੰਥੀ ਹਰੀ ਦਾਸ ਪਾਸੋਂ ਗੁਰਮੁਖੀ ਵਰਣਾਂ ਦੀ ਪਛਾਣ ਕਰਨੀ ਸਿੱਖ ਲਈ। ਇਸ ਪਛਾਣ ਨੇ ਉਨ੍ਹਾਂ ਦੇ ਹੌਸਲੇ ਨੂੰ ਅਜਿਹਾ ਵਧਾਇਆ ਕਿ ਉਹ 14 ਸਾਲ ਦੀ ਉਮਰ ਦਾ ਹੋ ਜਾਣ ਦੇ ਬਾਵਜੂਦ ਗੁਆਂਢੀ ਪਿੰਡ ਵਰਨ ਦੀ ਪਾਠਸ਼ਾਲਾ ਵਿੱਚ ਪ੍ਰਵੇਸ਼ ਕਰ ਗਿਆ। ਪੜ੍ਹਾਈ ਵਿੱਚ ਉਸ ਦੀ ਲਗਨ ਨੂੰ ਦੇਖਦਿਆਂ ਪਾਠਸ਼ਾਲਾ ਦੇ ਸੰਚਾਲਕਾਂ ਨੇ ਉਸ ਨੂੰ ਕੁਝ ਜਮਾਤਾਂ ਸਾਲਾਂ ਦੀ ਬਜਾਏ ਛਿਮਾਹੀਆਂ ਵਿੱਚ ਹੀ ਪੂਰੀਆਂ ਕਰਵਾ ਦਿੱਤੀਆਂ। ਚੰਗੇ ਲੋਕਾਂ ਵੱਲੋਂ ਮਿਲੇ ਸਹਿਯੋਗ ਸਦਕਾ ਸੀਤਲ ਨੇ ਮੈਟ੍ਰਿਕ ਪੱਧਰ ਦੀ ਪੜ੍ਹਾਈ ਅੱਵਲ ਦਰਜੇ ਵਿੱਚ ਪਾਸ ਕਰ ਲਈ ਸੀ। ਉਸ ਸਮੇਂ ਮੈਟ੍ਰਿਕ ਵਿੱਚ ਇਹ ਦਰਜਾ ਕਿਸੇ ਕਿਸੇ ਵਿਦਿਆਰਥੀ ਨੂੰ ਹੀ ਨਸੀਬ ਹੋਇਆ ਕਰਦਾ ਸੀ। ਇਸ ਸਿੱਖਿਆ ਪ੍ਰਾਪਤੀ ਦੇ ਦੌਰ (ਅੱਠਵੀਂ ਜਮਾਤ ਵਿੱਚ) ਦੌਰਾਨ ਹੀ ਗਿਆਨੀ ਸੋਹਣ ਸਿੰਘ ਸੀਤਲ ਦੇ ਮਾਪਿਆਂ ਨੇ ਉਸ ਨੂੰ ਸਮਾਜਿਕ/ਪਰਿਵਾਰਕ ਜ਼ਿੰਮੇਵਾਰੀ ਦੀ ਪੰਡ ਚੁਕਾਉਂਦਿਆਂ ਉਸ ਦਾ ਵਿਆਹ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਪਿੰਡ ਭੜਾਣਾ ਦੀ ਵਸਨੀਕ ਬੀਬੀ ਕਰਤਾਰ ਕੌਰ ਨਾਲ ਕਰ ਦਿੱਤਾ। ਇਨ੍ਹਾਂ ਦੇ ਘਰ ਦੋ ਪੁੱਤਰਾਂ (ਰਘਵੀਰ ਸਿੰਘ ਅਤੇ ਸੁਰਜੀਤ ਸਿੰਘ) ਅਤੇ ਇੱਕ ਪੁੱਤਰੀ ਨੇ ਜਨਮ ਲਿਆ। ਘਰ ਦੀਆਂ ਜ਼ਿੰਮੇਵਾਰੀਆਂ ਅਤੇ ਮਜਬੂਰੀਆਂ ਕਾਰਨ ਉਹ ਸਿਰਫ਼ ਗਿਆਨੀ ਦਾ ਇਮਤਿਹਾਨ ਹੀ ਪਾਸ ਕਰ ਸਕੇ ਅਤੇ ਇਸ ਤੋਂ ਬਾਅਦ ਇਨ੍ਹਾਂ ਦੇ ਨਾਂ ਨਾਲ ਗਿਆਨੀ ਸ਼ਬਦ ਹਮੇਸ਼ਾ ਲਈ ਜੁੜ ਗਿਆ। ਗਿਆਨੀ ਸੋਹਣ ਸਿੰਘ ਸੀਤਲ ਕੁਝ ਸਮਾਂ ਆਪਣੇ ਪਿਤਾ-ਪੁਰਖੀ ਕਿੱਤੇ ਖੇਤੀਬਾੜੀ ਨਾਲ ਵੀ ਜੁੜੇ ਰਹੇ। ਇਹ ਕਿੱਤਾ ਕਰਦਿਆਂ ਹੀ ਉਸ ਦੇ ਅੰਦਰ ਕੁਝ ਵੱਖਰਾ ਕਰਕੇ ਦਿਖਾਉਣ ਦੀ ਇੱਛਾ ਵੀ ਜਵਾਨ ਹੁੰਦੀ ਗਈ। ਇਸ ਇੱਛਾ ਨੇ ਇੱਕ ਦਿਨ ਉਸ ਨੂੰ ਢਾਡੀ ਕਲਾ ਵੱਲ ਨੂੰ ਮੋੜ ਦਿੱਤਾ। ਇਸ ਦੇ ਚਲਦਿਆਂ ਉਸ ਨੇ ਆਪਣੇ ਸਾਥੀਆਂ ਗੁਰਚਰਨ ਸਿੰਘ, ਅਮਰੀਕ ਸਿੰਘ ਅਤੇ ਹਰਨਾਮ ਸਿੰਘ ਨਾਲ ਲਲਿਆਣੀ ਦੇ ਭਰਾਈ ਬਾਬਾ ਚਿਰਾਗਦੀਨ ਕੋਲੋਂ ਢਾਡੀ ਕਲਾ ਦੇ



ਗੁਣ ਸਿੱਖੇ। ਢਾਡੀ ਕਲਾ ਦੀਆਂ ਬਾਰੀਕੀਆਂ ਤੋਂ ਚੰਗੀ ਤਰ੍ਹਾਂ ਜਾਣੂ ਹੋ ਕੇ ਗਿਆਨੀ ਸੋਹਣ ਸਿੰਘ ਸੀਤਲ ਦਾ ਢਾਡੀ ਜਥਾ ਦੂਰ-ਦੁਰਾਡੇ ਦੀਵਾਨਾਂ ਵਿੱਚ ਹਾਜ਼ਰੀ ਭਰਨ ਲੱਗ ਪਿਆ। ਸੋਹਣ ਸਿੰਘ ਸੀਤਲ ਨੇ ਆਪਣੇ ਢਾਡੀ ਜਥੇ ਨਾਲ ਲਗਭਗ ਛੇ ਦਹਾਕੇ ਪੰਥ ਅਤੇ ਪੰਜਾਬ ਦੀ ਰੱਜਵੀਂ ਸੇਵਾ ਕੀਤੀ ਅਤੇ ਲੋਕਾਂ ਨੂੰ ਆਪਣੇ ਵਿਰਸੇ ਤੋਂ ਵਾਕਿਫ਼ ਕਰਵਾਇਆ।

ਸੀਤਲ ਨੇ ਆਪਣੀਆਂ ਭਾਵਨਾਵਾਂ ਨੂੰ ਕਵਿਤਾ ਵਿੱਚ ਪਰੋ ਦਿੱਤਾ। ਉਸ ਦੀ ਪਹਿਲੀ ਕਵਿਤਾ 1924 ਈ. ਵਿੱਚ 'ਅਕਾਲੀ' ਅਖ਼ਬਾਰ ਵਿੱਚ ਛਪ ਗਈ। ਇਸ ਕਵਿਤਾ ਦੇ ਨਾਲ ਹੀ ਸੀਤਲ ਦੇ ਸਾਹਿਤਕ ਸਫ਼ਰ ਦਾ ਆਗਾਜ਼ ਹੋ ਜਾਂਦਾ ਹੈ। ਇਸ ਸਫ਼ਰ ਦੇ ਸਿੱਟੇ ਵਜੋਂ ਉਸ ਨੇ ਕਾਵਿ-ਸੰਗ੍ਰਹਿ 'ਸੱਜਰੇ ਹੰਝੂ' ਪੰਜਾਬੀ ਸਾਹਿਤ ਦੀ ਝੋਲੀ ਪਾਇਆ। ਕਵਿਤਾ ਦੇ ਨਾਲ-ਨਾਲ ਸੋਹਣ ਸਿੰਘ ਸੀਤਲ ਨੇ ਕੁਝ ਕਹਾਣੀਆਂ ਵੀ ਲਿਖੀਆਂ ਹਨ, ਜਿਨ੍ਹਾਂ ਵਿੱਚੋਂ 'ਕਦਰਾਂ ਬਦਲ ਗਈਆਂ', 'ਅੰਤਰਜਾਮੀ', 'ਅਜੇ ਦੀਵਾ ਬਲ ਰਿਹਾ ਸੀ' ਅਤੇ 'ਜੇਬ ਕੱਟੀ ਗਈ' ਕਾਫ਼ੀ ਚਰਚਿਤ ਹੋਈਆਂ ਹਨ।

ਨਾਵਲਕਾਰ ਦੇ ਤੌਰ 'ਤੇ ਵੀ ਗਿਆਨੀ ਸੋਹਣ ਸਿੰਘ ਸੀਤਲ ਦੀ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਨੂੰ ਮਹਾਨ ਦੇਣ ਰਹੀ ਹੈ। ਉਨ੍ਹਾਂ ਦੁਆਰਾ ਲਿਖੇ ਨਾਵਲਾਂ ਦੀ ਤਦਾਦ ਦੋ ਦਰਜਨਾਂ ਦੇ ਕਰੀਬ ਬਣਦੀ ਹੈ। ਪੰਜਾਬ ਦੇ ਸਕੂਲਾਂ ਦੀਆਂ ਸੈਕੰਡਰੀ ਜਮਾਤਾਂ ਨੂੰ ਪਾਠਕ੍ਰਮ ਦੇ ਤੌਰ 'ਤੇ ਪੜ੍ਹਾਇਆ ਗਿਆ ਉਨ੍ਹਾਂ ਦਾ ਨਾਵਲ 'ਤੂਤਾਂ ਵਾਲਾ ਖੂਹ' ਆਪਣੀ ਮਿਸਾਲ ਆਪ ਹੈ ਜੋ ਦੇਸ਼ ਦੀ ਵੰਡ ਨੂੰ ਕੁਰਨਾਮਈ ਢੰਗ ਨਾਲ ਬਿਆਨ ਕਰਦਾ ਹੈ। 'ਜੁੱਗ ਬਦਲ ਗਿਆ' ਸੀਤਲ ਦਾ ਇੱਕ ਹੋਰ ਪ੍ਰਸਿੱਧ ਨਾਵਲ ਹੈ ਜਿਸ ਨੂੰ 1974 ਵਿੱਚ ਭਾਰਤੀ ਸਾਹਿਤ ਅਕਾਦਮੀ ਵੱਲੋਂ ਪੁਰਸਕਾਰ ਦਿੱਤਾ ਗਿਆ ਸੀ। ਇਨ੍ਹਾਂ ਦੋ ਨਾਵਲਾਂ ਤੋਂ ਇਲਾਵਾ 'ਮੁੱਲ ਦਾ ਮਾਸ', 'ਜੰਗ ਜਾਂ ਅਮਨ', 'ਈਚੋਗਿੱਲ ਦੀ ਨਹਿਰ ਤੱਕ', 'ਵਿਯੋਗਣ' ਅਤੇ 'ਅੰਨ੍ਹੀ ਸੁੰਦਰਤਾ' ਆਦਿ ਉਨ੍ਹਾਂ ਰਚਿਤ ਨਾਵਲ ਹਨ ਜਿਨ੍ਹਾਂ ਨੇ ਪੰਜਾਬੀ ਬੋਲੀ ਅਤੇ ਸਾਹਿਤ ਦਾ ਮਾਣ ਵਧਾਇਆ ਹੈ। ਸੀਤਲ ਦੇ ਨਾਵਲਾਂ ਦੀ ਇਹ ਵੀ ਇੱਕ ਵਿਸ਼ੇਸ਼ਤਾ ਰਹੀ ਹੈ ਕਿ ਉਸ ਦੇ ਨਾਵਲਾਂ ਦੇ ਪਾਤਰ ਹਮੇਸ਼ਾ ਹਕੀਕੀ ਹਾਲਾਤ 'ਚੋਂ ਉਪਜਦੇ ਸਨ। ਇੱਕ ਖੋਜੀ (ਸਿੱਖ) ਇਤਿਹਾਸਕਾਰ ਦੇ ਤੌਰ 'ਤੇ ਵੀ ਸੋਹਣ ਸਿੰਘ ਸੀਤਲ ਦਾ ਇੱਕ ਅਹਿਮ ਸਥਾਨ ਰਿਹਾ ਹੈ। ਉਨ੍ਹਾਂ ਨੇ ਪਹਿਲਾਂ ਆਪ ਸਿੱਖ ਇਤਿਹਾਸ ਦਾ ਗਿਆਨ ਪ੍ਰਾਪਤ ਕੀਤਾ। ਫਿਰ ਨਵੀਆਂ ਛੋਹਾਂ ਦੇ ਕੇ ਕਿਤਾਬੀ ਰੂਪ ਵਿੱਚ ਮੁੜ ਪ੍ਰਕਾਸ਼ਿਤ ਕਰਵਾਇਆ। ਉਨ੍ਹਾਂ ਦੇ ਇਸ ਉਪਰਾਲੇ ਨੇ ਸਿੱਖ ਇਤਿਹਾਸ ਬਾਰੇ ਪਾਏ ਜਾਂਦੇ ਕੁਝ ਭਰਮ ਭੁਲੇਖਿਆਂ ਨੂੰ ਦੂਰ ਕੀਤਾ ਅਤੇ ਸਿੱਖ ਇਤਿਹਾਸ ਨੂੰ ਨਵੀਂ ਦਿੱਖ ਪ੍ਰਦਾਨ ਕੀਤੀ। ਸੀਤਲ ਦੀਆਂ ਇਤਿਹਾਸਕ ਲਿਖਤਾਂ ਵਿੱਚ 'ਸਿੱਖ ਰਾਜ ਕਿਵੇਂ ਗਿਆ' ਇੱਕ ਬਹੁਤ ਹੀ ਮਕਬੂਲ ਰਚਨਾ ਮੰਨੀ ਜਾਂਦੀ ਹੈ। 'ਦੁਖੀਏ ਮਾਂ ਦੇ ਪੁੱਤ', 'ਬੰਦਾ ਸਿੰਘ ਸ਼ਹੀਦ', 'ਸਿੱਖ ਮਿਸਲਾਂ ਦੇ ਸਰਦਾਰ ਘਰਾਣੇ', 'ਸਿੱਖ ਰਾਜ ਅਤੇ ਸ਼ੇਰੇ ਪੰਜਾਬ' ਅਤੇ 'ਸਿੱਖ ਸ਼ਹੀਦ ਅਤੇ ਯੋਧੇ' ਉਨ੍ਹਾਂ ਦੀਆਂ ਵਰਣਨਯੋਗ ਇਤਿਹਾਸਕ ਕਿਤਾਬਾਂ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਗੀਤ ਵੀ ਲਿਖੇ। ਉਨ੍ਹਾਂ ਦੇ ਲਿਖੇ ਕੁਝ ਗੀਤ ਲੋਕਾਂ ਦੇ ਗੀਤ ਬਣ ਗਏ। ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ 'ਕੀਮਾ ਮਲਕੀ' ਅਤੇ 'ਭਾਬੀ ਮੇਰੀ ਗੁੱਤ ਕਰ ਦੇ' ਵਰਗੇ ਸਦਾਬਹਾਰ ਗੀਤ ਉਨ੍ਹਾਂ ਦੀ ਕਲਮ 'ਚੋਂ ਨਿਕਲੇ ਹਨ। ਜੇਕਰ ਸਨਮਾਨ ਦੀ ਗੱਲ ਕਰੀਏ ਤਾਂ ਲੋਕਾਂ ਦਾ ਪਿਆਰ ਹੀ ਉਨ੍ਹਾਂ ਲਈ ਸਭ ਤੋਂ ਵੱਡਾ ਪੁਰਸਕਾਰ ਸੀ। ਇਸ ਤੋਂ ਇਲਾਵਾ ਭਾਸ਼ਾ ਵਿਭਾਗ ਪੰਜਾਬ ਵੱਲੋਂ 1962 ਵਿੱਚ ਉਨ੍ਹਾਂ ਦੇ ਨਾਵਲ 'ਕਾਲੇ ਪਰਛਾਵੇਂ' ਨੂੰ ਪੁਰਸਕਾਰ ਦਿੱਤਾ ਗਿਆ। 1974 ਵਿੱਚ ਭਾਰਤੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਐਵਾਰਡ, 1979 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ 'ਸ਼੍ਰੋਮਣੀ ਢਾਡੀ' ਪੁਰਸਕਾਰ ਦਿੱਤਾ ਗਿਆ। 1983 ਵਿੱਚ ਭਾਸ਼ਾ ਵਿਭਾਗ ਪੰਜਾਬ ਵੱਲੋਂ 'ਸ਼੍ਰੋਮਣੀ ਢਾਡੀ' ਸਨਮਾਨ ਅਤੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ 'ਕਰਤਾਰ ਸਿੰਘ ਧਾਲੀਵਾਲ ਪੁਰਸਕਾਰ' ਅਤੇ 1993 ਵਿੱਚ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਪੁਰਸਕਾਰ ਨਾਲ ਉਨ੍ਹਾਂ ਦਾ ਸਨਮਾਨ ਹੋਇਆ। ਗਿਆਨੀ ਸੋਹਣ ਸਿੰਘ ਸੀਤਲ ਆਪਣਾ ਲੰਮਾ ਜੀਵਨ ਪੰਧ ਮੁਕਾ ਕੇ ਅਖੀਰ 23 ਸਤੰਬਰ 1998 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਸਨ।

# ਪੰਜਾਬੀ ਅਤੇ ਹਿੰਦੀ ਲਈ ਹੇਜ ਦਾ ਸੱਚ

ਅਵਤਾਰ ਸਿੰਘ (ਪ੍ਰੋ.)

ਸ਼ਾਇਦ ਝਗੜਾ ਜੀਵ ਦੀ ਮੁੱਢਲੀ ਪ੍ਰਕਿਰਤੀ ਹੋਵੇ। ਪਸ਼ੂ ਪੰਛੀ ਤੇ ਕੀੜੇ ਮਕੌੜੇ ਸਭ ਲੜਦੇ ਹਨ। ਝੱਖੜ ਝੁਲਦੇ ਹਨ ਤਾਂ ਵਨਸਪਤੀ ਖਹਿੰਦੀ ਹੈ। ਪਾਣੀਆਂ ਦੇ ਝਗੜੇ ਨੂੰ ਜਿਵੇਂ ਹੜ੍ਹ ਕਹਿੰਦੇ ਹੋਈਏ, ਜ਼ਮੀਨੀ ਝਗੜੇ ਦਾ ਨਾਂ ਭੁਚਾਲ ਹੋਵੇ ਤੇ ਕਾਇਨਾਤ ਦੇ ਭੇੜ ਦਾ ਨਾਂ ਪਰਲੋ। ਝਗੜਾਲੂ ਬਿਰਤੀ ਨੂੰ ਜਾਂਗਲੀ ਬਿਰਤੀ ਮੰਨਿਆ ਜਾਂਦਾ ਹੈ ਤੇ ਝਗੜੇ ਤੋਂ ਪਰਹੇਜ਼ ਕਰਨ ਵਾਲੇ ਨੂੰ ਸੱਭਿਅਕ ਸਮਝਿਆ ਜਾਂਦਾ ਹੈ। ਕੁਝ ਵੀ ਹੋਵੇ ਝਗੜਾ ਵਿਨਾਸ਼ ਦਾ ਮੂਲ ਹੈ। ਇਹ ਵੀ ਸੱਚ ਹੈ ਕਿ ਵਿਨਾਸ਼ ਬਿਨਾਂ ਨਵੀਂ ਉਤਪਤੀ ਸੰਭਵ ਨਹੀਂ ਹੁੰਦੀ- ਕਈ ਬਾਰ ਪਸਰਿਓ ਪਾਸਾਰ।।

ਜਿਵੇਂ ਸਾਂਖ ਸ਼ਾਸਤਰ ਵਿਚ ਪੁਰਸ਼ ਅਤੇ ਪ੍ਰਕਿਰਤੀ ਦਾ ਜੋੜਾ ਹੈ, ਇਵੇਂ ਹੀ ਪ੍ਰਕਿਰਤੀ ਤੇ ਸੰਸਕ੍ਰਿਤੀ ਦਾ ਜੋੜਾ ਹੈ। ਪੁਰਸ਼ ਪਰਮਾਤਮਾ ਨੂੰ ਕਹਿੰਦੇ ਹਨ ਜੋ ਨਿਰਾਕਾਰ ਹੈ, ਜਿਸਦਾ ਜਾਗ੍ਰਿਤ ਰੂਪ ਪ੍ਰਕਿਰਤੀ ਹੈ, ਜਿਸਨੂੰ ਜਦੋਂ ਮਨੁੱਖ ਆਪਣੇ ਤਕਾਜ਼ੇ ਮੁਤਾਬਿਕ ਢਾਲ ਲੈਂਦਾ ਹੈ ਤਾਂ ਉਹੀ ਪ੍ਰਕਿਰਤੀ ਸੰਸਕ੍ਰਿਤੀ ਦਾ ਰੂਪ ਵਟਾ ਲੈਂਦੀ ਹੈ।

ਆਰੀਆ ਲੋਕ ਇੱਥੇ ਆਏ ਤਾਂ ਮੂਲ ਨਿਵਾਸੀਆਂ ਨਾਲ ਮੇਲ ਅਤੇ ਭਿੜਨ ਉਪਰੰਤ ਉਨ੍ਹਾਂ ਦੀ ਭਾਸ਼ਾ ਵਿਚ ਤਬਦੀਲੀ ਆਉਣੀ ਕੁਦਰਤੀ ਸੀ। ਪਾਨਣੀ ਦੀ ਪ੍ਰਧਾਨਗੀ ਹੇਠ ਪੰਡਤਾਂ ਨੇ ਕਠਿਨ ਜੱਦੋ ਜਹਿਦ ਕਰਕੇ ਉਸ ਪ੍ਰਕਿਰਤਕ ਭਾਸ਼ਾ ਨੂੰ ਸੋਧ ਕੇ ਗੈਰਕੁਦਰਤੀ ਰੂਪ ਦੇ ਦਿੱਤਾ, ਜਿਸਨੂੰ ਉਨ੍ਹਾਂ ਨੇ ਸੰਸਕ੍ਰਿਤ ਦਾ ਨਾਂ ਦੇ ਦਿੱਤਾ। ਉਹ ਇੰਨੀ ਅਪ੍ਰਕਿਰਤਕ ਸੀ ਜੋ ਕਦੇ ਵੀ ਕਿਸੇ ਦੀ ਮਾਤ ਭਾਸ਼ਾ ਨਹੀਂ ਸੀ। ਭਾਰਤ ਦਾ ਕੋਈ ਵੀ ਖਿੱਤਾ ਅਜਿਹਾ ਨਹੀਂ, ਜਿੱਥੋਂ ਦੇ ਲੋਕ ਕੁਦਰਤੀ ਰੂਪ ਵਿਚ ਕਦੇ ਸੰਸਕ੍ਰਿਤ ਬੋਲਦੇ ਹੋਣਗੇ।

ਵਿਦੇਸ਼ੀ ਹਮਲਾਵਰਾਂ ਕਾਰਨ ਇਕ ਬਾਰ ਫਿਰ ਭਾਰਤੀ ਲੋਕਾਂ ਦੀ ਬੋਲੀ ਵਿਚ ਤਬਦੀਲੀ ਹੋਈ। ਵਿਦੇਸ਼ੀ ਮੇਲ-ਜੋਲ ਕਾਰਨ ਅਰਬੀ ਤੇ ਫ਼ਾਰਸੀ ਦੀ ਸ਼ਬਦਾਵਲੀ ਸਾਡੀਆਂ ਕੁਦਰਤੀ ਬੋਲੀਆਂ ਵਿਚ ਰਲਗੱਡ ਹੋਣ ਲੱਗੀ।

ਅਕਬਰ ਦੇ ਸੁਲਹਕੁਲ ਰਵੱਈਏ ਕਾਰਨ ਭਗਤੀ ਲਹਿਰ ਦੇ ਪ੍ਰੇਮਭਾਵ ਅਤੇ ਗੁਰੂ ਸਾਹਿਬਾਨ ਦੀ ਸਾਂਝੀਵਾਲਤਾ ਭਰਪੂਰ ਮਿਲਵਰਤਨ ਲਹਿਰ ਸਦਕਾ ਭਾਰਤ ਵਿਚ ਇਕ ਸਾਂਝੀ ਭਾਸ਼ਾ ਨੇ ਜਨਮ ਲਿਆ ਜਿਸਨੂੰ ਖੜ੍ਹੀ ਬੋਲੀ ਦਾ ਨਾਂ ਦਿੱਤਾ ਗਿਆ। ਵਿਦਵਾਨਾਂ ਨੇ ਅਜਿਹੇ ਗ੍ਰੰਥ ਰਚਣੇ ਸ਼ੁਰੂ ਕਰ ਦਿੱਤੇ, ਜਿਨ੍ਹਾਂ ਵਿਚ ਅਰਬੀ ਫ਼ਾਰਸੀ ਦੀ ਸ਼ਬਦਾਵਲੀ ਸਜਣ ਅਤੇ ਫੱਬਣ ਲੱਗ ਪਈ। ਦਸਮੇਸ਼ ਪਿਤਾ ਨੇ ਸੰਸਕ੍ਰਿਤ ਅਤੇ ਅਰਬੀ ਫ਼ਾਰਸੀ ਦੇ ਨਵੇਂ ਸਮਾਸ ਬਣਾਏ ਅਤੇ ਬਾਣੀ ਵਿਚ ਪ੍ਰਯੋਗ ਕੀਤੇ।

ਖੜ੍ਹੀ ਬੋਲੀ ਦਾ ਭਾਵ ਸਪੱਸ਼ਟ ਅਤੇ ਚੁਸਤ ਦਰੁਸਤ ਭਾਸ਼ਾ ਸਮਝਣਾ ਚਾਹੀਦਾ ਹੈ, ਜਿਸ ਵਿਚ ਕਾਵਿਕ ਮੁਗ਼ਾਲਤੇ ਦੀ ਗੁੰਜਾਇਸ਼ ਖ਼ਾਰਜ ਹੋ ਗਈ ਹੋਵੇ। ਅਜਿਹੀ ਭਾਸ਼ਾ ਵਾਰਤਕ ਲਈ ਬੜੀ ਗੁਣਕਾਰੀ ਸਮਝੀ ਜਾਂਦੀ ਹੈ ਤੇ ਆਮ ਗੱਲਬਾਤ ਵਿਚ ਵੀ ਬੜੀ ਸਹਾਈ ਹੁੰਦੀ ਹੈ। ਅੱਜ ਵੀ ਫ਼ਾਰਸੀ ਸ਼ਬਦਾਵਲੀ ਦੀ ਮਿਲਤਰ ਨਾਲ ਪੰਜਾਬੀ ਭਾਸ਼ਾ ਵਧੇਰੇ ਪ੍ਰਭਾਵਸ਼ਾਲੀ ਪ੍ਰਤੀਤ ਹੁੰਦੀ ਹੈ। ਅੰਗਰੇਜ਼ਾਂ ਦੇ ਆਉਣ ਸਮੇਂ ਖੜ੍ਹੀ ਬੋਲੀ ਹਿੰਦੁਸਤਾਨ ਵਿਚ ਪ੍ਰਚੱਲਿਤ ਸੀ। ਸ਼ਾਇਦ ਇਸੇ ਲਈ ਇਸਨੂੰ ਹਿੰਦੁਸਤਾਨੀ ਵੀ ਕਿਹਾ ਜਾਣ ਲੱਗ ਪਿਆ ਹੋਵੇ।

ਅੰਗਰੇਜ਼ਾਂ ਦੇ ਵਰਤੋਂ ਵਿਹਾਰ ਦਾ ਅੰਤਰੀਵ ਪ੍ਰਯੋਜਨ ਵਿਸ਼ਲੇਸ਼ਣੀ ਸੀ। ਇਸੇ ਲਈ ਲਾਲਾ ਹਰਦਿਆਲ ਨੇ ਅੰਗਰੇਜ਼ਾਂ ਦੀ ਵਿਦੇਸ਼ ਨੀਤੀ ਨੂੰ ਪਾੜੋ ਤੇ ਰਾਜ ਕਰੋ ਲਿਖ ਕੇ ਗੱਲ ਮੁਕਾ ਦਿੱਤੀ ਸੀ। ਅੰਗਰੇਜ਼ ਭਾਰਤੀ ਲੋਕਾਂ ਦੇ ਆਪਸੀ ਵਖਰੇਵਿਆਂ ਨੂੰ ਪੱਕੇ ਕਰਨ ਵਿਚ ਲੱਗੇ ਰਹਿੰਦੇ ਸਨ। ਪੰਜਾਬ ਯੂਨੀਵਰਸਿਟੀ ਵਿਚ ਪੰਜਾਬੀ, ਉਰਦੂ ਤੇ ਹਿੰਦੀ ਨੂੰ ਸ਼ਾਮਲ ਕਰਨ ਸਮੇਂ ਅੰਗਰੇਜ਼ਾਂ ਨੇ ਪੰਜਾਬੀ ਲਈ ਸਿੱਖ, ਉਰਦੂ ਲਈ ਮੁਸਲਮਾਨ ਅਤੇ ਹਿੰਦੀ ਲਈ ਹਿੰਦੂ ਪ੍ਰੋਫੈਸਰ ਭਰਤੀ ਕੀਤੇ ਸਨ। ਡਾ. ਮੋਹਣ ਸਿੰਘ ਦੀਵਾਨਾ ਉਰਦੂ ਵਿਚ ਪੀਐੱਚ. ਡੀ ਸਨ, ਪਰ ਉਨ੍ਹਾਂ ਨੂੰ ਉਰਦੂ ਦੀ ਬਜਾਏ ਗੁਰਮੁਖੀ ਵਿਭਾਗ ਵਿਚ ਰੱਖਿਆ ਗਿਆ। ਪੰਜਾਬੀ ਵਿਭਾਗ ਦਾ ਮੁੱਢਲਾ ਨਾਂ ਗੁਰਮੁਖੀ ਵਿਭਾਗ ਸੀ। ਅੰਗਰੇਜ਼ਾਂ ਨੇ ਫ਼ੌਜ ਵਿਚ ਵੀ ਇਹ ਵਖਰੇਵੇਂ ਸਿਰਫ਼ ਕਾਇਮ ਨਹੀਂ ਰੱਖੇ, ਬਲਕਿ ਮਜ਼ਬੂਤ ਕੀਤੇ।

ਆਪਣੇ ਅੰਗਰੇਜ਼ ਉਸਤਾਦ ਡਾ. ਗਿੱਲਕ੍ਰਾਈਸਟ ਦੀ ਪ੍ਰੇਰਨਾ ਅਧੀਨ ਪ੍ਰੋ. ਲੱਲੂ ਲਾਲ ਜੀ ਨੇ ਕਲਕੱਤੇ ਦੇ ਫੋਰਟ ਵਿਲੀਅਮ ਕਾਲਜ ਵਿਖੇ 1804 ਈਸਵੀ ਦੇ ਕਰੀਬ ਖੜ੍ਹੀ ਬੋਲੀ ਵਿਚੋਂ ਅਰਬੀ ਫ਼ਾਰਸੀ ਦੀ ਸ਼ਬਦਾਵਲੀ ਨੂੰ ਖ਼ਾਰਜ ਕਰਕੇ 'ਪ੍ਰੇਮਸਾਗਰ' ਗ੍ਰੰਥ ਦੀ ਰਚਨਾ ਕੀਤੀ। ਅਸਲ ਵਿਚ ਇਹ ਆਧੁਨਿਕ ਅਤੇ ਸਾਹਿਤਕ ਹਿੰਦੀ ਦਾ ਪਹਿਲਾ ਗ੍ਰੰਥ ਸੀ। ਇਸ ਤਰ੍ਹਾਂ ਅਪ੍ਰਕਿਰਤਕ ਭਾਸ਼ਾ ਦੀ ਰਚਨਾ ਹੋਈ, ਜਿਸਨੂੰ ਹਿੰਦੂ ਸਮਾਜ ਦੇ ਵੱਡੇ ਹਿੱਸੇ ਨੇ ਬੜੇ ਹੇਜ ਨਾਲ ਸਵੀਕਾਰ ਕਰਕੇ ਗਲੇ ਲਾ ਲਿਆ।

ਇਸ ਦੇ ਵਿਰੋਧ ਵਿਚ ਮੁਸਲਿਮ ਵਿਦਵਾਨਾਂ ਨੇ ਵੀ ਖੜ੍ਹੀ ਬੋਲੀ ਵਿਚੋਂ ਸੰਸਕ੍ਰਿਤ ਦੇ ਸ਼ਬਦ ਖ਼ਾਰਜ ਕਰਨੇ ਆਰੰਭ ਕਰ ਦਿੱਤੇ ਅਤੇ ਇਸ ਤਰ੍ਹਾਂ ਅਰਬੀ ਫ਼ਾਰਸੀ ਦੀ ਸ਼ਬਦਾਵਲੀ ਦੀ ਭਰਪੂਰਤਾ ਵਾਲੀ ਇਕ ਹੋਰ ਅਪ੍ਰਕਿਰਤਕ ਭਾਸ਼ਾ ਉਰਦੂ ਦਾ ਆਗਾਜ਼ ਹੋਇਆ।

ਹਿੰਦੂ ਸਮਾਜ ਵਿਚ ਦੋ ਸੱਭਿਆਚਾਰਕ ਵਿਚਾਰਧਾਰਾਵਾਂ ਮੁੱਢੋਂ ਚਲੀਆਂ ਆਉਂਦੀਆਂ ਹਨ; ਅਦਵੈਤਵਾਦੀ ਸਗਲੀ ਖ਼ਲਕਤ ਨੂੰ ਬ੍ਰਹਮਸਰੂਪ ਅਤੇ ਸਮਾਨ ਮੰਨਦੇ ਹਨ ਤੇ




ਦਵੈਤਵਾਦੀ ਲੋਕ ਬ੍ਰਹਮ ਅਤੇ ਜੀਵ ਵਿਚ ਭਿੰਨਤਾ, ਊਚ ਨੀਚ ਅਤੇ ਵੱਖਵਾਦ ਵਿਚ ਵਿਸ਼ਵਾਸ ਰੱਖਦੇ ਹਨ। ਇਸੇ ਤਰ੍ਹਾਂ ਇਸਲਾਮ ਵਿਚ ਵੀ ਵਾਹਿਦਤੁਲਵਜੂਦ ਵਾਲੇ ਲੋਕ ਕਾਦਰ ਅਤੇ ਕੁਦਰਤ ਨੂੰ ਸਮਰੂਪ ਅਨੁਮਾਨਦੇ ਹਨ ਅਤੇ ਵਾਹਿਦਤੁਲਸ਼ਹੂਦ ਵਾਲੇ ਕਾਦਰ ਅਤੇ ਕੁਦਰਤ ਵਿਚ ਫ਼ਰਕ ਮੰਨਦੇ ਹਨ।

ਦੋਹਾਂ ਸਮਾਜਾਂ ਵਿਚ ਰਾਜਸੀ ਚੜ੍ਹਤ ਹਮੇਸ਼ਾਂ ਊਚ-ਨੀਚ ਅਤੇ ਵੱਖਵਾਦ ਨੂੰ ਮੰਨਣ ਵਾਲਿਆਂ ਦੀ ਰਹੀ ਹੈ। ਇਸ ਲਈ ਹਿੰਦੂ ਅਤੇ ਇਸਲਾਮੀ ਸਮਾਜ ਵਿਚ ਵਿਪਰੀਤ ਵਿਚਾਰਧਾਰਾਈ ਸੰਪਰਦਾਵਾਂ ਵਿਚ ਸਮਾਨਤਾ ਜਾਂ ਸੁਮੇਲ ਦੀ ਚੇਸ਼ਟਾ ਰੱਖਣ ਵਾਲਿਆਂ ਨੂੰ ਘਿਰਣਾ ਦੇ ਪਾਤਰ ਮੰਨਿਆ ਜਾਂਦਾ ਰਿਹਾ ਹੈ। ਸੁਲਹਕੁਲ ਤੇ ਸਾਂਝੀਵਾਲਤਾ ਵਾਲੇ ਲੋਕ ਹਮੇਸ਼ਾਂ ਬੇਅਸਰ ਜਿਹੇ ਰਹੇ ਹਨ। ਹਿੰਦੀ ਅਤੇ ਉਰਦੂ ਦਾ ਵਿਆਕਰਨ ਇਕੋ ਹੈ, ਸਿਰਫ਼ ਸ਼ਬਦਾਵਲੀ ਵੱਖਰੀ ਹੈ।

ਭਾਰਤ ਵਾਲੇ ਦਿੱਲੀ ਤੋਂ ਹਿੰਦੀ ਨੂੰ ਉਤਸ਼ਾਹਿਤ ਕਰ ਰਹੇ ਹਨ ਤੇ ਪਾਕਿਸਤਾਨੀ ਉਰਦੂ ਭਾਸ਼ਾ ਨੂੰ। ਹਿੰਦੀ ਅਤੇ ਉਰਦੂ ਦਰਮਿਆਨ ਪੰਜਾਬੀ ਅਜਿਹੀ ਭਾਸ਼ਾ ਹੈ, ਜਿਸਨੂੰ 'ਹਿੰਦੂ ਤੁਰਕ ਕੀ ਕਾਣ' ਮੇਟਣ ਲਈ ਸਾਂਝੀਵਾਲਤਾ ਦੀ ਗੁੜ੍ਹਤੀ ਧੁਰੋਂ ਮਿਲੀ ਹੋਈ ਹੈ। ਪੰਜਾਬੀ ਭਾਸ਼ਾ ਸੰਸਕ੍ਰਿਤ ਅਤੇ ਅਰਬੀ ਫ਼ਾਰਸੀ ਦਾ ਸੰਗਮ ਹੈ। ਰਾਜਸੀ ਹਿੰਦੂ ਸਮਾਜ ਇਸ ਪਵਿੱਤਰ ਸੰਗਮ ਨੂੰ ਵਿਰੋਧ ਦੀ ਨਜ਼ਰ ਨਾਲ ਦੇਖਦਾ ਹੈ। ਉਹ ਭੁੱਲ ਜਾਂਦਾ ਹੈ ਕਿ ਪਰਾਗ ਵਿਖੇ ਸਿਤਾ ਅਸਿਤਾ, ਕਾਲੀ ਅਤੇ ਚਿੱਟੀ ਨਦੀ ਦਾ ਸੰਗਮ ਭਾਰਤ ਦਾ ਮਹਾਨ ਤੀਰਥ ਸਥਾਨ ਹੈ।

ਅੱਜ ਵੀ ਪੰਜਾਬੀ ਵਿਚ ਵਿਪਰੀਤ ਭਾਸ਼ਾਵਾਂ ਦੇ ਸਮਾਸਾਂ ਦੀ ਭਰਮਾਰ ਹੈ। ਇਹ ਪੰਜਾਬੀ ਦਾ ਹੁਸੀਨ ਖਾਸਾ ਹੈ, ਇਸਦੇ ਬਿਨਾਂ ਕੋਈ ਵੀ ਭਾਸ਼ਾ ਸੰਕੀਰਨਤਾ ਅਤੇ ਸਾੜੇ ਦੀ ਭੱਠੀ ਵਿਚ ਰਿੱਝਣ ਜੋਗੀ ਰਹਿ ਜਾਂਦੀ ਹੈ।

ਜੇ ਹਿੰਦੁਸਤਾਨ ਨੇ ਜਲੌਅ ਨਾਲ ਜੀਣਾ ਹੈ ਤਾਂ ਉਸਨੂੰ ਅਪ੍ਰਕਿਰਤਕ ਹਿੰਦੀ ਦੀ ਥਾਂ ਤਕੜੇ ਹਾਜ਼ਮੇ ਅਤੇ ਸਾਂਝੀਵਾਲਤਾ ਦੀ ਤਸੀਰ ਵਾਲੀ ਭਾਸ਼ਾ ਅਪਣਾਉਣੀ ਪਵੇਗੀ। ਹਿੰਦੁਸਤਾਨ ਦੀ ਅਖੰਡਤਾ ਨੂੰ ਸਭ ਤੋਂ ਵਧੇਰੇ ਖ਼ਤਰਾ ਗਿੱਲਕ੍ਰਾਈਸਟ ਦੇ ਪ੍ਰਭਾਵ ਅਤੇ ਪ੍ਰੋ. ਲੱਲੂ ਲਾਲ ਜੀ ਦੀ ਸੰਕੀਰਨਤਾ ਤੋਂ ਹੈ। ਮੋਕਲੀ ਸੋਚ ਅਤੇ ਵਿਹਾਰ ਜ਼ਮਾਨੇ ਨੂੰ ਅੱਗੇ ਤੋਰਦੇ ਹਨ ਤੇ ਸਾਂਝੇ ਮਾਹੌਲ ਦੀ ਸਿਰਜਣਾ ਕਰਦੇ ਹਨ। ਤੰਗ ਨਜ਼ਰ ਜ਼ਮਾਨੇ ਨੂੰ ਖ਼ੁਆਰੀ ਦੇ ਖੂਹ ਵੱਲ ਲੈ ਜਾਂਦੀ ਹੈ ਤੇ ਖ਼ੁਦਕੁਸ਼ੀ ਦਾ ਕਾਰਨ ਬਣਦੀ ਹੈ।

ਪੰਜਾਬੀਆਂ ਨੂੰ ਕੁਦਰਤ ਦੇ ਇਸ ਨੇਮ ਤੋਂ ਜਾਣੂੰ ਹੋਣਾ ਚਾਹੀਦਾ ਹੈ ਕਿ ਜੇ ਅਸੀਂ ਵੀ ਪੰਜਾਬੀ ਨੂੰ ਚੰਦ ਜ਼ਿਲ੍ਹਿਆਂ ਤਕ ਸੀਮਤ ਕਰਾਂਗੇ ਤਾਂ ਸਾਡੀ ਭਾਸ਼ਾ ਵੀ ਸਾਹ-ਘੁੱਟੂ ਜਿਹੀ ਕਿਸੇ ਬਿਮਾਰੀ ਦੀ ਸ਼ਿਕਾਰ ਹੋ ਕੇ ਦਮ ਤੋੜ ਦੇਵੇਗੀ। ਦਿਲਾਂ ਦੇ ਬੰਦ ਦਰਵਾਜ਼ੇ ਝਗੜਿਆਂ ਨੂੰ ਹੀ ਜਨਮ ਦਿੰਦੇ ਹਨ।

ਆਧੁਨਿਕ ਭਾਰਤੀ ਭਾਸ਼ਾਵਾਂ ਸੰਸਕ੍ਰਿਤ ਨੂੰ ਅਲਵਿਦਾ ਆਖ ਕੇ ਅੱਗੇ ਵਧੀਆਂ ਜਿਨ੍ਹਾਂ ਨੂੰ ਕਬੀਰ ਸਾਹਿਬ ਨੇ ਨਦੀਆਂ ਦੇ ਵਗਦੇ ਹੋਏ ਨਿਰਮਲ ਜਲ ਦਾ ਨਾਮ ਦਿੱਤਾ ਤੇ ਸੰਸਕ੍ਰਿਤ ਨੂੰ ਕੂਪ ਜਲ ਅਰਥਾਤ 'ਖੂਹ ਦਾ ਪਾਣੀ' ਆਖਿਆ। ਸੱਚ ਇਹ ਹੈ ਕਿ ਹਿੰਦੀ ਦਾ ਮੁੱਖ ਅੱਜ ਵੀ ਸੰਸਕ੍ਰਿਤ ਵੱਲ ਹੈ, ਜਦੋਂਕਿ ਬਾਕੀ ਸਾਰੀਆਂ ਆਧੁਨਿਕ ਅਤੇ ਕੁਦਰਤੀ ਭਾਰਤੀ ਭਾਸ਼ਾਵਾਂ ਦਾ ਰੁਖ ਸਾਂਝੀਵਾਲਤਾ ਹੈ। ਸੰਸਕ੍ਰਿਤ ਅਤੇ ਹਿੰਦੀ ਕਦੀ ਵੀ ਅਤੇ ਕਿਸੇ ਵੀ ਖੇਤਰ ਦੇ ਲੋਕਾਂ ਦੀਆਂ ਆਮ ਬੋਲ-ਚਾਲ ਦੀਆਂ ਭਾਸ਼ਾਵਾਂ ਨਹੀਂ ਰਹੀਆਂ। ਹਿੰਦੀ ਦੀ ਨਿਸਬਤ ਪੰਜਾਬੀ ਭਾਸ਼ਾ ਦਾ ਖੇਤਰ ਵਿਸ਼ਾਲ ਹੈ, ਜਿਸਦਾ ਜ਼ਿਕਰ ਲਾਲਾ ਧਨੀਰਾਮ ਚਾਤ੍ਰਿਕ ਨੇ ਆਪਣੀ ਕਵਿਤਾ 'ਪੰਜਾਬ' ਵਿਚ ਇਸ ਤਰ੍ਹਾਂ ਕੀਤਾ ਹੈ:

***ਸ਼ਿਮਲਾ, ਡਲਹੌਜ਼ੀ, ਮਰੀ ਤਿਰੇ,***
***ਕਸ਼ਮੀਰ ਤਿਰਾ, ਗੁਲਮਰਗ ਤਿਰਾ;***
***ਦਿਲੀ ਤੇਰੀ, ਲਾਹੌਰ ਤਿਰਾ,***
***ਅੰਮ੍ਰਿਤਸਰ ਸੋਹੇ ਸਵਰਗ ਤਿਰਾ।***

ਭਾਸ਼ਾ ਵਿਗਿਆਨੀ ਡਾ. ਹਰਕੀਰਤ ਸਿੰਘ ਨੇ ਪੰਜਾਬੀ ਦੀਆਂ ਕੁਦਰਤਨ ਉੱਪ ਭਾਸ਼ਾਵਾਂ ਦੀ ਸੁਚੱਜੀ ਨਿਸ਼ਾਨਦੇਹੀ ਕੀਤੀ ਹੈ। ਡਾ. ਸਾਹਿਬ ਨੇ ਆਪਣੀ ਪੁਸਤਕ 'ਸਾਡੀ ਭਾਸ਼ਾ' ਵਿਚ ਉੱਪ ਭਾਸ਼ਾ ਤੇ ਉੱਪ ਬੋਲੀ ਵਿਚ ਫ਼ਰਕ ਕੀਤਾ। ਉਨ੍ਹਾਂ ਨੇ ਉੱਪ ਭਾਸ਼ਾ ਲਈ 'ਡਾਇਲੈਕਟ' ਅਤੇ ਉੱਪ ਬੋਲੀ ਲਈ 'ਸਬਡਾਇਲੈਕਟ' ਸ਼ਬਦ ਇਸਤੇਮਾਲ ਕੀਤਾ। ਲਿਹਾਜ਼ਾ ਉਨ੍ਹਾਂ ਨੇ ਪੰਜਾਬੀ ਦੀਆਂ ਤਿੰਨ ਉੱਪ ਭਾਸ਼ਾਵਾਂ ਅਤੇ ਦਸ ਉੱਪ ਬੋਲੀਆਂ ਮੰਨੀਆਂ ਹਨ: ਪੂਰਬੀ ਪੰਜਾਬੀ: ਜਿਸ ਦੀਆਂ ਉੱਪ ਬੋਲੀਆਂ ਮਾਝੀ, ਮਲਵਈ ਤੇ ਪੁਆਧੀ ਹਨ। ਲਹਿੰਦੀ ਪੰਜਾਬੀ: ਜਿਸ ਦੀਆਂ ਉੱਪ ਬੋਲੀਆਂ ਮੁਲਤਾਨੀ, ਪੋਠੋਹਾਰੀ ਤੇ ਹਿੰਦਕੋ ਹਨ। ਡੋਗਰੀ ਪੰਜਾਬੀ: ਜਿਸ ਦੀਆਂ ਉੱਪ ਬੋਲੀਆਂ ਕਾਂਗੜੀ, ਭਟਿਆਲੀ, ਜੰਮੂਆਲੀ ਤੇ ਪੁਣਛੀ ਹਨ।

ਇਸ ਤੋਂ ਵੀ ਅੱਗੇ 'ਈਡੀਓਲੈਕਟ' ਹੁੰਦੀ ਹੈ ਜੋ ਹਰੇਕ ਵਿਅਕਤੀ ਦੀ ਅਲਹਿਦਾ ਹੁੰਦੀ ਹੈ, ਜਿਨ੍ਹਾਂ ਦੀ ਗਿਣਤੀ ਕਿਸੇ ਤਰ੍ਹਾਂ ਵੀ ਸੰਭਵ ਨਹੀਂ। ਇਕੋ ਘਰ ਵਿਚ ਰਹਿਣ ਵਾਲੇ ਜੀਆਂ ਦੇ ਉਚਾਰਣ ਵੀ ਅਲੱਗ ਹੁੰਦੇ ਹਨ। ਇੱਥੋਂ ਤਕ ਕਿ ਇਕੋ ਮਨੁੱਖ ਦੀ ਜ਼ਿੰਦਗੀ ਦੇ ਪੜਾਵਾਂ ਦੇ ਉਚਾਰਣ ਵੀ ਬਦਲਦੇ ਰਹਿੰਦੇ ਹਨ। ਕੋਈ ਵਿਅਕਤੀ ਕਿਸੇ ਸ਼ਬਦ ਨੂੰ ਬਚਪਨ ਵਿਚ ਹੋਰ ਤਰ੍ਹਾਂ ਉਚਾਰਦਾ ਹੈ, ਜੁਆਨੀ ਵਿਚ ਹੋਰ ਤਰ੍ਹਾਂ ਤੇ ਅਧਖੜ ਉਮਰ 'ਚ ਹੋਰ ਤੇ ਬੁਢੇਪੇ 'ਚ ਹੋਰ ਤਰ੍ਹਾਂ। ਭਾਸ਼ਾ ਦੇ ਪਛਾਣ ਚਿੰਨ੍ਹ ਸਬੰਧਕ ਅਤੇ ਕਿਰਿਆ ਰੂਪ ਹੁੰਦੇ ਹਨ। ਪੰਜਾਬ ਵਿਚ ਦਾ, ਦੀ ਅਤੇ ਕਾ, ਕੀ ਦੋਵੇਂ ਪ੍ਰਚੱਲਤ ਹਨ। ਅਸੀਂ ਕਿਸੇ ਨੂੰ 'ਰਾਮੇ ਕੇ, ਸ਼ਾਮੇ ਕੇ' ਆਖ ਦਿੰਦੇ ਹਾਂ। ਕਈ ਅਨਾੜੀ ਲੋਕ 'ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਿਹ' ਵਿਚਲੇ 'ਕਾ' ਨੂੰ 'ਦਾ' ਅਤੇ 'ਕੀ' ਨੂੰ 'ਦੀ' ਕਹਿ ਦਿੰਦੇ ਹਨ, ਜੋ ਕੰਨਾਂ ਵਿਚ ਕਚਿਆਣ ਜਿਹੀ ਭਰ ਦਿੰਦਾ ਹੈ। ਜਗਰਾਤੇ ਵਾਲੇ 'ਜੈ ਮਾਤਾ ਦੀ' ਨੂੰ ਜੇਕਰ 'ਜੈ ਮਾਤਾ ਕੀ' ਆਖ ਦੇਣ ਤਾਂ ਅਵੱਗਿਆ ਜਿਹੀ ਲੱਗਦੀ ਹੈ।

ਭਾਸ਼ਾ ਦਾ ਇਕ ਰੂਪ ਬੋਲਿਆ ਜਾਂਦਾ ਹੈ ਤੇ ਦੂਸਰਾ ਅੱਖਰਾਂ ਵਿਚ ਲਿਖਿਆ ਜਾਂਦਾ ਹੈ ਜਿਸਨੂੰ ਲਿਪੀ ਕਹਿੰਦੇ ਹਨ। ਲਿਪੀਆਂ ਤਿੰਨ ਤਰ੍ਹਾਂ ਦੀਆਂ ਹਨ: ਅਲਫਾਬੈਟਿਕ, ਪਿਕਟੋਰੀਅਲ ਅਤੇ ਸਿਲੇਬਰੀ। ਅਲਫਾਬੈਟਿਕ ਲਿੱਪੀਆਂ ਉਹ ਹਨ ਜਿਨ੍ਹਾਂ ਦੇ ਅੱਖਰ ਕੇਵਲ ਇਕ ਧੁਨੀ ਨੂੰ ਪੇਸ਼ ਕਰਦੇ ਹਨ। ਪਿਕਟੋਰੀਅਲ ਲਿੱਪੀ ਉਹ ਹੈ ਜਿੱਥੇ ਕੋਈ ਵੀ ਅੱਖਰ ਇਕ ਚਿੱਤਰ ਹੁੰਦਾ ਹੈ, ਜੋ ਕਿਸੇ ਧੁਨੀ ਨੂੰ ਨਹੀਂ, ਬਲਕਿ ਵਿਸ਼ੇਸ਼ ਅਰਥ ਨੂੰ ਪੇਸ਼ ਕਰਦਾ ਹੈ। ਸਿਲੇਬਰੀ ਲਿੱਪੀ ਵਿਚ ਕੋਈ ਅੱਖਰ ਧੁਨੀ ਨੂੰ ਨਹੀਂ, ਸ਼ਬਦਾਂਸ਼ ਨੂੰ ਪੇਸ਼ ਕਰਦਾ ਹੈ।

ਇਸ ਨੁਕਤੇ ਤੋਂ ਦੇਵਨਾਗਰੀ ਅਰਧ-ਸਿਲੇਬਰੀ ਲਿੱਪੀ ਹੈ, ਜਿਸ ਵਿਚ ਇਕ ਅੱਖਰ ਇਕ ਤੋਂ ਵਧੀਕ ਧੁਨੀਆਂ ਜਾਂ ਸ਼ਬਦਾਂਸ਼ ਲਈ ਨਿਸ਼ਚਿਤ ਹੁੰਦਾ ਹੈ। ਇਸ ਪੱਖ ਤੋਂ ਦੇਵਨਾਗਰੀ ਲਿੱਪੀ ਅਵਿਗਿਆਨਕ ਕਹੀ ਜਾਂਦੀ ਹੈ। ਕਿਸੇ ਵੀ ਸੱਭਿਆਚਾਰ ਵਿਚ ਧੁਨੀਆਤਮਕ ਤਬਦੀਲੀ ਹੁੰਦੀ ਰਹਿੰਦੀ ਹੈ। ਤੁਲਸੀਦਾਸ ਅਤੇ ਸੂਰਦਾਸ ਦੇ ਸਮੇਂ ਸੰਸਕ੍ਰਿਤ ਦੀਆਂ ਕਈ ਧੁਨੀਆਂ ਦੀ ਹੋਂਦ ਖ਼ਤਮ ਹੋ ਚੁੱਕੀ ਸੀ। ਬੇਸ਼ੱਕ ਦੇਵਨਾਗਰੀ ਵਿਚ 'ਸ਼' ਲਈ ਦੋ ਅੱਖਰ ਨਿਸ਼ਚਿਤ ਸਨ, ਪਰ ਉਸ ਵੇਲੇ 'ਸ਼' ਦੀ ਧੁਨੀ ਲੋਪ ਹੋ ਚੁੱਕੀ ਸੀ। ਸੂਰਦਾਸ ਨੇ 'ਸੂਰਸਾਗਰ' ਵਿਚ ਸ਼ਬਦ ਨੂੰ ਸਬਦ ਲਿਖਿਆ। ਤੁਲਸੀਦਾਸ ਨੇ 'ਰਮਾਇਣ' ਵਿਚ ਸ਼ੂਦਰ ਨੂੰ ਸੂਦਰ ਅਤੇ ਪਸ਼ੂ ਨੂੰ ਪਸੂ ਲਿਖਿਆ। ਅਚਾਰੀਆ ਰਜਨੀਸ਼ 'ਸ਼' ਦੀ ਧੁਨੀ ਵਾਲੇ ਸ਼ਬਦਾਂ ਨੂੰ 'ਸ' ਕਰਕੇ ਬੋਲਦੇ ਸਨ। ਅੱਜ ਵੀ ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿਚ 'ਸ਼' ਨੂੰ 'ਸ' ਬੋਲਿਆ ਜਾਂਦਾ ਹੈ। ਕਨ੍ਹੱਈਆ ਕੁਮਾਰ ਵੀ ਸ਼ਾਸਤਰੀ ਨੂੰ ਸਾਸਤਰੀ ਬੋਲਦਾ ਹੈ। ਇਹ ਹਿੰਦੀ ਨਹੀਂ ਹੈ। ਹਿੰਦੀ ਸਿਰਫ਼ ਰੇਡਿਓ 'ਤੇ ਬੋਲੀ ਜਾਂਦੀ ਹੈ ਜਾਂ ਫਿਰ ਪੜ੍ਹੇ ਲਿਖੇ ਲੋਕ ਸਿਆਸੀ ਚੇਤਨਾ ਅਧੀਨ ਬੋਲਦੇ ਹਨ। ਉਨ੍ਹਾਂ ਨੂੰ ਆਪਣੀ ਮਾਤ ਭਾਸ਼ਾ ਵਿਚ ਬੋਲਣਾ ਅਨਪੜ੍ਹਤਾ ਲੱਗਦਾ ਹੈ। ਗੁਰੂ ਸਾਹਿਬਾਨ ਦੇ ਸਮੇਂ ਪੰਜਾਬ ਵਿਚ ਕੇਵਲ ਪੈਂਤੀ ਧੁਨੀਆਂ ਸਨ। ਇਕ ਧੁਨੀ ਲਈ ਇਕ ਅੱਖਰ ਦੇ ਹਿਸਾਬ ਪੈਂਤੀ ਅੱਖਰ ਰੱਖੇ ਗਏ। ਗੁਰਮੁਖੀ ਨੂੰ ਪੈਂਤੀ ਵੀ ਕਹਿੰਦੇ ਹਨ। ਪੈਂਤੀ ਧੁਨੀਆਂ, ਪੈਂਤੀ ਅੱਖਰ ਅਤੇ ਪੈਂਤੀ ਨਾਂ। ਇਸੇ ਕਰਕੇ ਗੁਰਮੁਖੀ ਲਿੱਪੀ ਦੇਵਨਾਗਰੀ ਵਾਲੇ ਸੈਮੀ ਸਿਲੇਬਰੀ ਦੋਸ਼ ਤੋਂ ਮੁਕਤ ਹੈ।

ਭਾਸ਼ਾ ਦਾ ਸਬੰਧ ਸੱਭਿਆਚਾਰ ਨਾਲ ਹੈ। ਰਾਜਨੀਤੀ ਅਤੇ ਧਰਮ ਦੀ ਆੜ ਹੇਠ ਇਸਨੂੰ ਦਬੇਲ ਬਣਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਪੰਜਾਬੀ ਭਾਸ਼ਾ ਧਰਤੀ ਦੇ ਵਿਸ਼ਾਲ ਖੇਤਰਾਂ ਤਕ ਫੈਲੀ ਹੋਈ ਹੈ। ਕਿਸੇ ਪ੍ਰਕਿਰਤਕ ਅਤੇ ਕੁਦਰਤੀ ਭਾਸ਼ਾ ਨੂੰ ਅਪ੍ਰਕਿਰਤਕ ਭਾਸ਼ਾ ਦੀਆਂ ਧਮਕੀਆਂ ਮਿਲਣੀਆਂ ਦੇਸ਼ ਦੇ ਹਿੱਤ ਵਿਚ ਨਹੀਂ ਹਨ।

**ਸੰਪਰਕ**: 94175-18384

# ਸੁਪਰੀਮ ਕੋਰਟ ਦੀਆਂ ਟਿੱਪਣੀਆਂ ਮੋਦੀ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕਰਦੀਆਂ ਨੇ

**ਲਿਖਤ : ਅਭੈ ਕੁਮਾਰ ਦੂਬੇ**

ਪਿਛਲੇ ਦਿਨੀਂ ਸੁਪਰੀਮ ਕੋਰਟ ਦੇ ਕੁਝ ਅਜਿਹੇ ਫ਼ੈਸਲੇ ਆਏ ਹਨ, ਜਿਨ੍ਹਾਂ ਕਾਰਨ ਰਾਸ਼ਟਰੀ ਸੋਇਮ ਸੇਵਕ ਸੰਘ ਅਤੇ ਭਾਰਤੀ ਜਨਤਾ ਪਾਰਟੀ ਦੀ ਇਕ ਦੂਰਗਾਮੀ ਯੋਜਨਾ ਖਟਾਈ 'ਚ ਪੈਂਦੀ ਦਿਖਾਈ ਦੇ ਰਹੀ ਹੈ। ਇਸ ਯੋਜਨਾ ਨੂੰ ਮੈਂ 'ਵਿਰੋਧੀ ਮੁਕਤ ਲੋਕਤੰਤਰ' ਬਣਾਉਣ ਦਾ ਨਾਂਅ ਦਿੰਦਾ ਹਾਂ।

ਗੁਆਂਢੀ ਦੇਸ਼ ਬੰਗਲਾਦੇਸ਼ 'ਚ ਸ਼ੇਖ਼ ਹਸੀਨਾ ਨੇ ਆਪਣੇ ਢੰਗ ਨਾਲ ਵਿਰੋਧੀ ਮੁਕਤ ਲੋਕਤੰਤਰ ਬਣਾਉਣ ਦਾ ਮਾਡਲ ਤਿਆਰ ਕੀਤਾ ਸੀ। ਇਸ ਦੇ ਤਹਿਤ ਉਸ ਨੇ ਵਿਰੋਧੀ ਧਿਰ ਦਾ ਲਗਾਤਾਰ ਦਮਨ ਕੀਤਾ ਅਤੇ ਆਈਨਾਘਰ ਨਾਂਅ ਦੀ ਨਾਰਕੀਯ ਜੇਲ੍ਹ ਬਣਾ ਕੇ ਆਪਣੇ ਵਿਰੋਧੀਆਂ ਨੂੰ ਉਸ 'ਚ ਡੱਕ ਦਿੱਤਾ ਅਤੇ ਉਨ੍ਹਾਂ 'ਤੇ ਵਹਿਸ਼ੀ ਢੰਗ ਨਾਲ ਅੱਤਿਆਚਾਰ ਕੀਤੇ। ਸ਼ੇਖ਼ ਹਸੀਨਾ ਦੇ ਬਦਨਾਮ ਪ੍ਰੋਗਰਾਮ 'ਚ ਉਨ੍ਹਾਂ ਦਾ ਵਿਰੋਧ ਕਰਨ ਵਾਲੇ ਲਗਭਗ 10 ਹਜ਼ਾਰ ਲੋਕ ਹਮੇਸ਼ਾ ਲਈ ਲਾਪਤਾ ਹੋ ਗਏ। ਵਿਰੋਧੀ ਪਾਰਟੀਆਂ 'ਤੇ ਪਾਬੰਦੀਆਂ ਲਾਉਣਾ ਅਤੇ ਮੁੜ ਚੋਣਾਂ 'ਚ ਆਪਣੇ ਜਾਅਲੀ ਉਮੀਦਵਾਰ ਖੜ੍ਹੇ ਕਰਕੇ ਚੋਣ ਮੁਕਾਬਲਾ ਕਰਵਾਉਣ ਦਾ ਢੌਂਗ ਕਰਨਾ ਵੀ ਇਸੇ ਮਾਡਲ ਦਾ ਹਿੱਸਾ ਸੀ। ਮੋਹਨ ਭਾਗਵਤ ਅਤੇ ਨਰਿੰਦਰ ਮੋਦੀ ਦਾ ਮਾਡਲ ਹਸੀਨਾ ਦੇ ਮਾਡਲ ਤੋਂ ਵੱਖਰੇ ਪ੍ਰਕਾਰ ਦਾ ਹੈ। ਇਸ ਦੇ ਦਿਸ਼ਾ-ਨਿਰਦੇਸ਼ (ਗਾਈਡਲਾਈਨਜ਼) ਪਹਿਲੀ ਵਾਰ ਮੋਹਨ ਭਾਗਵਤ ਨੇ ਨਰਿੰਦਰ ਮੋਦੀ ਨੂੰ ਦਿੱਤੇ ਸਨ। ਵਿਗਿਆਨ ਭਵਨ 'ਚ ਦਿੱਤੇ ਗਏ ਆਪਣੇ ਭਾਸ਼ਨਾਂ (ਇਹ 'ਭਵਿੱਖ ਦਾ ਭਾਰਤ' ਨਾਂਅ ਦੇ ਸਿਰਲੇਖ ਹੇਠ ਛਪ ਚੁੱਕੇ ਹਨ) 'ਚ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਨੂੰ ਦੇਖਿਆ ਜਾ ਸਕਦਾ ਹੈ। ਅੰਦਰੂਨੀ ਸੁਰੱਖਿਆ ਦੀ ਚੁਣੌਤੀ ਨਾਲ ਸੰਬੰਧਿਤ ਸਵਾਲ ਪੁੱਛੇ ਜਾਣ 'ਤੇ ਉਨ੍ਹਾਂ ਦਾ ਕਹਿਣਾ ਸੀ ਕਿ ਸਰਕਾਰ ਦੀਆਂ ਕਮੀਆਂ ਦਾ ਫਾਇਦਾ ਉਠਾ ਕੇ ਸੁਰੱਖਿਆ ਲਈ ਮੁਸ਼ਕਿਲਾਂ ਪੈਦਾ ਕਰਨ ਵਾਲਿਆਂ ਦਾ 'ਬੰਦੋਬਸਤ ਸਖ਼ਤਾਈ ਨਾਲ ਹੋਣਾ ਚਾਹੀਦਾ ਹੈ।' ਜੇਕਰ 'ਹੋਰ ਸਖ਼ਤ ਕਾਨੂੰਨਾਂ ਦੀ ਲੋੜ ਹੈ ਤਾਂ ਬਣਨੇ ਚਾਹੀਦੇ ਹਨ'। ਇੱਥੇ ਜ਼ਿਕਰਯੋਗ ਹੈ ਕਿ ਸਰਸੰਘਚਾਲਕ ਸਖ਼ਤ ਕਾਨੂੰਨਾਂ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਇਹ ਵੀ ਰੇਖਾਂਕਿਤ ਕਰਦੇ ਹੋਏ ਦਿਖਾਈ ਦਿੱਤੇ ਕਿ ਸ਼ਾਸਨ-ਪ੍ਰਸ਼ਾਸਨ ਆਪਣਾ ਹੈ ਇਹ ਵਿਸ਼ਵਾਸ ਲੋਕਾਂ ਦੇ ਮਨ 'ਚ ਪੈਦਾ ਕਰਨਾ ਹੋਵੇਗਾ। 'ਕਾਨੂੰਨ ਤੋੜਨ ਵਾਲੇ, ਦੇਸ਼ਧ੍ਰੋਹ ਦੀ ਭਾਸ਼ਾ ਬੋਲਣ ਵਾਲਿਆਂ ਵੱਲ ਆਪਣੇ ਹੀ ਸਮਾਜ 'ਚੋਂ ਉਨ੍ਹਾਂ ਦਾ ਸਮਰਥਨ ਕਰਨ ਵਾਲੇ ਖੜ੍ਹੇ ਨਾ ਹੋਣ, ਇਹ ਵੀ ਜ਼ਰੂਰੀ ਹੈ ਤਾਂ ਜੋ ਸਮਾਜ ਦਾ ਮਨ ਅਜਿਹਾ ਬਣ ਜਾਏ ਕਿ ਅਜਿਹੀਆਂ ਗੱਲਾਂ ਕਰਨ ਵਾਲੇ ਅਲੱਗ-ਥਲੱਗ ਹੋ ਜਾਣ। ਇਹ ਦੋਵੇਂ ਗੱਲਾਂ ਜਦੋਂ ਵੀ ਹੁੰਦੀਆਂ ਹਨ (ਸਖ਼ਤ ਕਾਨੂੰਨ ਅਤੇ ਵਿਰੋਧੀਆਂ ਨੂੰ ਸਮਾਜ ਦਾ ਸਮਰਥਨ ਨਾ ਮਿਲਣਾ), ਉਦੋਂ ਅੰਦਰੂਨੀ ਸੁਰੱਖਿਆ ਬੇਹੱਦ ਮਜ਼ਬੂਤ ਰਹਿੰਦੀ ਹੈ।'

ਇਹ ਕੋਈ ਸਧਾਰਨ ਗੱਲ ਨਹੀਂ ਸੀ। ਇਨ੍ਹਾਂ ਸ਼ਬਦਾਂ 'ਚ ਵਿਰੋਧੀ ਧਿਰ ਦਾ ਕਾਨੂੰਨ ਮੁਤਾਬਿਕ ਦਮਨ ਕਰਨ ਦੀ ਰਣਨੀਤੀ ਛਿਪੀ ਹੋਈ ਸੀ। ਭਾਗਵਤ ਵਲੋਂ ਹਰੀ ਝੰਡੀ ਮਿਲਣ ਤੋਂ ਬਾਅਦ ਮੋਦੀ ਸਰਕਾਰ ਨੇ ਹੌਲੀ-ਹੌਲੀ ਵਿਰੋਧ ਦੀ ਰਾਜਨੀਤੀ ਦੇ ਵੱਖ-ਵੱਖ ਪ੍ਰਗਟਾਵਿਆਂ ਨੂੰ ਦਬਾਉਣ ਲਈ ਇਕ ਬਹੁਮੰਤਵੀ ਕਾਨੂੰਨੀ ਢਾਂਚੇ ਦੇ ਵਿਕਾਸ 'ਤੇ ਕੰਮ ਕਰਨਾ ਸ਼ੁਰੂ ਕੀਤਾ। ਚੇਤੇ ਰਹੇ ਕਿ ਕਾਨੂੰਨ ਦੀਆਂ ਵਿਵਸਥਾਵਾਂ ਦੀ ਵਰਤੋਂ ਕਰਕੇ ਵਿਚਾਰਕ ਵਿਰੋਧੀਆਂ ਨੂੰ ਪਾਸੇ ਕਰਨ ਦਾ ਪ੍ਰਯੋਗ ਹਿੰਦੂਤਵਵਾਦੀ ਰਾਜਨੀਤੀ 2014 ਤੋਂ ਵੀ ਪਹਿਲਾਂ ਤੋਂ ਹੀ ਕਰ ਰਹੀ ਸੀ। ਕਾਂਗਰਸ ਦੇ 10 ਸਾਲਾਂ ਸ਼ਾਸਨ ਦੌਰਾਨ ਕਲਾ ਅਤੇ ਸੱਭਿਆਚਾਰ ਦੇ ਖੇਤਰ 'ਚ ਹੋਵੇ ਜਾਂ ਕਿਸੇ ਹੋਰ ਖੇਤਰ 'ਚ, ਹਿੰਦੂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਨਾਂਅ 'ਤੇ ਕਲਾਕਾਰਾਂ, ਕਾਰਕੁੰਨਾਂ ਅਤੇ ਵਿਦਵਾਨਾਂ ਦੇ ਖ਼ਿਲਾਫ਼ ਦੇਸ਼ ਦੇ ਵੱਖ-ਵੱਖ ਇਲਾਕਿਆਂ ਦੀਆਂ ਅਦਾਲਤਾਂ 'ਚ ਇਕੱਠਿਆਂ ਮੁਕੱਦਮੇ ਦਾਇਰ ਕੀਤੇ ਜਾਣ ਲੱਗੇ ਸਨ। ਇਸੇ ਦੇ ਸਮਾਂਤਰ ਬਜਰੰਗ ਦਲੀਆਂ ਵਲੋਂ ਚਿੱਤਰ ਪ੍ਰਦਰਸ਼ਨੀਆਂ ਅਤੇ ਸੱਭਿਆਚਾਰਕ ਪ੍ਰੋਗਰਾਮਾਂ 'ਤੇ ਹਮਲੇ ਕਰਨ ਦੀਆਂ ਘਟਨਾਵਾਂ ਵੀ ਆਯੋਜਿਤ ਕੀਤੀਆਂ ਜਾਂਦੀਆਂ ਰਹਿੰਦੀਆਂ ਸਨ। ਅਜਿਹਾ ਕਰਨ ਵਾਲਿਆਂ ਕੋਲੋਂ ਜਦੋਂ ਪੁੱਛਿਆ ਜਾਂਦਾ ਸੀ ਕਿ ਉਹ ਇਸ ਤਰ੍ਹਾਂ ਨਾਲ ਆਵਾਜ਼ ਦਬਾਉਣ ਦਾ ਕੰਮ ਕਿਉਂ ਕਰ ਰਹੇ ਹਨ, ਤਾਂ ਉਨ੍ਹਾਂ ਦਾ ਜਵਾਬ ਹੁੰਦਾ ਸੀ ਕਿ ਆਪਣੀਆਂ ਧਾਰਮਿਕ ਅਤੇ ਸੱਭਿਆਚਾਰਕ ਭਾਵਨਾਵਾਂ ਦੀ ਰੱਖਿਆ ਲਈ ਕਾਨੂੰਨ ਦੀ ਮਦਦ ਲੈਣਾ ਉਨ੍ਹਾਂ ਦਾ ਅਧਿਕਾਰ ਹੈ। ਕੁੱਲ ਮਿਲਾ ਕੇ ਉਨ੍ਹਾਂ ਦਾ ਮਕਸਦ ਇਹ ਸੀ ਕਿ ਵਿਚਾਰਧਾਰਾਤਮਕ ਵਿਰੋਧੀ ਸਹਿਮ ਜਾਣ।




ਸੱਤਾ 'ਚ ਆਉਣ ਤੋਂ ਬਾਅਦ ਹਿੰਦੂਤਵਵਾਦੀਆਂ ਨੇ ਇਸ ਤਕਨੀਕ ਦਾ ਹੋਰ ਵਿਕਾਸ ਕੀਤਾ। ਮੁਕੱਦਮੇ ਦਾਇਰ ਕਰਨ ਤੋਂ ਇਲਾਵਾ ਵਿਚਾਰਕ ਵਿਰੋਧੀਆਂ ਨੂੰ ਤੰਗ ਕਰਨ ਲਈ ਪੁਲਿਸ 'ਚ ਦੇਸ਼ਧ੍ਰੋਹ ਦੇ ਦੋਸ਼ ਤਹਿਤ ਰਿਪੋਰਟਾਂ ਦਰਜ ਕਰਵਾਉਣ ਦਾ ਸਿਲਸਿਲਾ ਵੀ ਸ਼ੁਰੂ ਕਰ ਦਿੱਤਾ ਗਿਆ। ਜ਼ਿਆਦਾਤਰ ਥਾਵਾਂ 'ਤੇ ਭਾਜਪਾ ਹੀ ਸੱਤਾ 'ਚ ਹੈ, ਇਸ ਲਈ ਪੁਲਿਸ ਵਾਲੇ ਤਤਪਰਤਾ ਨਾਲ ਰਿਪੋਰਟਾਂ ਲਿਖਣ ਲੱਗੇ। ਮਹਿਜ ਇਕ ਟਵੀਟ ਜਾਂ ਇਕ ਪੋਸਟ 'ਤੇ ਦੇਸ਼ਧ੍ਰੋਹ ਦਾ ਇਲਜ਼ਾਮ ਲੱਗਣ ਲੱਗਾ। ਇਸ ਤੋਂ ਇਲਾਵਾ ਜਿਨ੍ਹਾਂ ਪਹਿਲੂਆਂ 'ਤੇ ਸਿੱਧਿਆਂ-ਸਿੱਧਿਆਂ ਕਾਨੂੰਨ ਬਣਾਇਆ ਜਾ ਸਕਦਾ ਹੈ, ਜਾਂ ਸੋਧ ਰਾਹੀਂ ਸਥਿਤੀ ਬਦਲੀ ਜਾ ਸਕਦੀ ਹੈ, ਉੱਥੇ ਭਾਜਪਾ ਦੀਆਂ ਸਰਕਾਰਾਂ ਵਿਧਾਨਿਕ ਰਸਤੇ ਦਾ ਸਹਾਰਾ ਲੈਂਦੀਆਂ ਹਨ (ਜਿਵੇਂ ਤਿੰਨ ਤਲਾਕ, ਕਸ਼ਮੀਰ ਤੋਂ ਧਾਰਾ 370 ਹਟਾਉਣਾ ਅਤੇ ਲਵ ਜਿਹਾਦ ਦੇ ਖ਼ਿਲਾਫ਼ ਕਾਨੂੰਨ ਬਣਾਉਣਾ)। ਜਿੱਥੇ ਅਜਿਹਾ ਤੁਰੰਤ ਨਹੀਂ ਹੋ ਸਕਦਾ, ਉੱਥੇ ਹਿੰਦੂਤਵ ਦੀਆਂ ਕਾਨੂੰਨੀ ਟੀਮਾਂ ਅਦਾਲਤਾਂ 'ਚ ਪਟੀਸ਼ਨ ਪਾ ਕੇ 'ਲਿਟਮਸ ਟੈੱਸਟ' ਕਰਦੀਆਂ ਹਨ (ਜਿਵੇਂ, ਕਾਸ਼ੀ ਅਤੇ ਮਥੁਰਾ ਤੋਂ ਮਸਜਿਦ ਅਤੇ ਈਦਗਾਹ ਹਟਾਉਣ ਦੇ ਹਿੰਦੂ-ਅਧਿਕਾਰ ਲਈ ਦਾਇਰ ਕੀਤੀਆਂ ਗਈਆਂ ਪਟੀਸ਼ਨਾਂ)। ਸੋਸ਼ਲ ਮੀਡੀਆ ਅਤੇ ਓ.ਟੀ.ਟੀ. ਪਲੇਟਫਾਰਮਾਂ 'ਤੇ ਕੰਟਰੋਲ ਕਰਨ ਲਈ ਸਰਕਾਰ ਦੀਆਂ ਜਾਰੀ ਕੋਸ਼ਿਸ਼ਾਂ ਇਸ ਦਾ ਇਕ ਹੋਰ ਸਬੂਤ ਹਨ। ਇਸੇ ਤਰ੍ਹਾਂ ਘੱਟ-ਗਿਣਤੀਆਂ ਅਧਿਕਾਰਾਂ ਨੂੰ ਲੈ ਕੇ ਕੀਤੀ ਜਾਣ ਵਾਲੀ ਵਿਰੋਧ ਦੀ ਰਾਜਨੀਤੀ ਨੂੰ ਪਟੜੀ ਤੋਂ ਉਤਾਰਨ ਦੀ ਕਾਨੂੰਨੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ। ਇਸ ਦੇ ਤਹਿਤ ਉਨ੍ਹਾਂ 9 ਰਾਜਾਂ ਬਾਰੇ ਪਟੀਸ਼ਨ ਦਾਇਰ ਕੀਤੀ ਗਈ, ਜਿੱਥੇ ਹਿੰਦੂ ਗਿਣਤੀ ਦੇ ਮੱਦੇਨਜ਼ਰ ਘੱਟ ਗਿਣਤੀ 'ਚ ਹਨ। ਪਟੀਸ਼ਨ ਦਾ ਦਾਅਵਾ ਹੈ ਕਿ ਇੱਥੇ ਹਿੰਦੂਆਂ ਨੂੰ ਧਾਰਮਿਕ ਘੱਟ-ਗਿਣਤੀਆਂ ਵਰਗਾ ਅਧਿਕਾਰ ਮਿਲਣਾ ਚਾਹੀਦਾ ਹੈ। 'ਵਿਰੋਧ ਧਿਰ ਮੁਕਤ ਲੋਕਤੰਤਰ' ਦਾ ਮਾਡਲ ਉਸ ਸਮੇਂ ਆਪਣੇ ਸਿਖਰਾਂ 'ਤੇ ਪਹੁੰਚਿਆ, ਜਦੋਂ ਇਕ ਕਾਂਗਰਸ ਦੇ ਸਮੇਂ ਬਣੇ ਕਾਨੂੰਨ ਪੀ.ਐੱਮ.ਐੱਲ.ਏ. ਅਤੇ ਉਸ ਦੀ ਇਕ ਖ਼ਾਸ ਵਿਵਸਥਾ, ਜਿਸ ਨੂੰ ਅਸੀਂ ਧਾਰਾ 45 ਕਹਿ ਸਕਦੇ ਹਾਂ, ਦੀ ਵਰਤੋਂ ਕਰਕੇ ਵਿਰੋਧ ਮੁਕਤ ਲੋਕਤੰਤਰ ਬਣਾਉਣ ਦੀ ਟਰਿੱਕ ਤਿਆਰ ਕੀਤੀ ਗਈ। ਅੱਸੀ ਦੇ ਦਹਾਕੇ 'ਚ ਨਸ਼ੇ ਦੇ ਵਪਾਰ ਦੀ ਵਿਸ਼ਵ ਵਿਆਪੀ ਸਮੱਸਿਆ ਦਾ ਸਾਹਮਣਾ ਕਰਨ ਲਈ ਯੂ.ਐੱਨ. ਦੇ ਨਿਰਦੇਸ਼ਾਂ ਤਹਿਤ ਬਣਾਇਆ ਗਿਆ ਇਹ ਕਾਨੂੰਨ ਕਿਵੇਂ ਰਾਜਨੀਤਕ ਦਮਨ ਦਾ ਔਜ਼ਾਰ ਬਣਿਆ, ਇਹ ਇਕ ਅਜਿਹਾ ਇਤਿਹਾਸ ਹੈ, ਜਿਸ 'ਤੇ ਹਾਲੇ ਸਿਲਸਿਲੇਵਾਰ ਕੰਮ ਨਹੀਂ ਹੋਇਆ। ਕਾਂਗਰਸ ਨੇ ਜਦੋਂ ਇਹ ਕਾਨੂੰਨ ਬਣਾਇਆ ਸੀ, ਤਾਂ ਉਸ ਦਾ ਮਕਸਦ ਨਸ਼ੇ ਦਾ ਕਾਰੋਬਾਰ ਅਤੇ ਉਸ ਤੋਂ ਕਮਾਏ ਜਾਣ ਵਾਲੇ ਕਾਲੇ ਧਨ 'ਤੇ ਰੋਕ ਲਗਾਉਣਾ ਸੀ। ਸੁਪਰੀਮ ਕੋਰਟ ਨੇ 2018 'ਚ ਇਸ ਕਾਨੂੰਨ ਦੀ ਧਾਰਾ 45 ਨੂੰ ਅਸੰਵਿਧਾਨਕ ਵੀ ਐਲਾਨ ਦਿੱਤਾ ਸੀ ਪਰ ਮੋਦੀ ਸਰਕਾਰ ਨੇ ਇਸ ਧਾਰਾ ਦੇ ਮਹੱਤਵ ਨੂੰ ਭਾਂਪਿਆ ਅਤੇ ਮਨੀ ਬਿੱਲ ਜ਼ਰੀਏ ਚੋਰ ਦਰਵਾਜ਼ਿਓਂ ਇਸ ਨੂੰ ਮੁੜ ਜੀਵਿਤ ਕਰਕੇ ਉਸ ਨੂੰ ਹੋਰ ਸਖ਼ਤ ਬਣਾ ਦਿੱਤਾ। ਇਸੇ ਦੇ ਨਾਲ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੂੰ ਛਾਪਾ ਮਾਰਨ, ਰਿਪੋਰਟ ਲਿਖਣ, ਕਿਸੇ ਨੂੰ ਵੀ ਜਾਂਚ ਲਈ ਬੁਲਾਉਣ ਅਤੇ ਗ੍ਰਿਫ਼ਤਾਰੀ ਕਰਨ ਦੇ ਅਸਾਧਾਰਨ ਅਧਿਕਾਰ ਦੇ ਦਿੱਤੇ। ਇਸ ਤੋਂ ਬਾਅਦ ਸ਼ੁਰੂ ਹੋਇਆ ਵਿਰੋਧੀ ਧਿਰ ਦੇ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਦਾ ਸਿਲਸਿਲਾ। ਉਨ੍ਹਾਂ ਨੂੰ ਜੇਲ੍ਹ 'ਚ ਸੜਾਉਣ ਅਤੇ ਉਨ੍ਹਾਂ ਦਾ ਸਿਆਸੀ ਭਵਿੱਖ ਖ਼ਤਮ ਕਰਨ ਦੀ ਯੋਜਨਾ ਚੱਲ ਪਈ। ਇਸ ਸੰਬੰਧ ਵਿਚ ਸੁਪਰੀਮ ਕੋਰਟ ਨੇ ਇਹ ਕੀਤਾ ਹੈ ਕਿ ਪੀ. ਐੱਮ. ਐੱਲ. ਏ. ਕਾਨੂੰਨ ਤਹਿਤ ਜ਼ਮਾਨਤਾਂ ਦੇ ਮਾਮਲਿਆਂ ਦੀ ਸੁਣਵਾਈ ਕਰਦਿਆਂ ਇਕ ਵਾਰ ਫਿਰ ਜ਼ਮਾਨਤ ਨੂੰ ਨਿਯਮ ਅਤੇ ਜੇਲ੍ਹ ਨੂੰ ਅਪਵਾਦ ਦੱਸਣ ਦੀ ਮਿਸਾਲ ਪੇਸ਼ ਕੀਤੀ। ਉਸ ਨੇ ਈ.ਡੀ. ਅਤੇ ਸੀ.ਬੀ.ਆਈ. ਦੀ ਜਾਂਚ ਪ੍ਰਕਿਰਿਆ ਨੂੰ ਕਰੜੇ ਹੱਥੀਂ ਲਿਆ ਅਤੇ ਉਹ ਇੱਥੇ ਹੀ ਨਹੀਂ ਰੁਕਿਆ, ਸਗੋਂ ਹੇਠਲੀਆਂ ਅਦਾਲਤਾਂ ਦੇ ਸਰਕਾਰਪ੍ਰਸਤ ਰਵੱਈਏ 'ਤੇ ਵੀ ਉਂਗਲ ਰੱਖੀ। ਇਕ ਲੰਬੇ ਅਰਸੇ ਤੋਂ ਹੋ ਇਹ ਰਿਹਾ ਸੀ ਕਿ ਹੇਠਲੀਆਂ ਅਦਾਲਤਾਂ (ਜਿਨ੍ਹਾਂ 'ਚ ਬਦਕਿਸਮਤੀ ਨਾਲ ਹਾਈ ਕੋਰਟ ਵੀ ਸ਼ਾਮਿਲ ਹੋ ਗਏ ਸਨ) ਜਾਂਚ ਏਜੰਸੀਆਂ ਦੁਆਰਾ ਸੁਣਾਈਆਂ ਗਈਆਂ ਕਹਾਣੀਆਂ 'ਤੇ ਯਕੀਨ ਕਰਕੇ ਕਿਸੇ ਵੀ ਕਿਸਮ ਦੀ ਰਾਹਤ ਦੇਣ ਤੋਂ ਇਨਕਾਰ ਕਰਨ ਲੱਗੀਆਂ ਸਨ।

ਸੁਪਰੀਮ ਕੋਰਟ ਦੀਆਂ ਟਿੱਪਣੀਆਂ ਮੋਦੀ ਸਰਕਾਰ ਨੂੰ ਪੂਰੀ ਤਰ੍ਹਾਂ ਕਟਹਿਰੇ 'ਚ ਖੜ੍ਹਾ ਕਰਨ ਲਈ ਕਾਫ਼ੀ ਹਨ। ਇਹ ਵੱਖਰੀ ਗੱਲ ਹੈ ਕਿ ਮੌਜੂਦਾ ਸਰਕਾਰ ਨੂੰ ਅੱਖ ਦਾ ਲਿਹਾਜ਼ ਨਹੀਂ ਹੈ। ਉਹ ਆਪਣੇ ਹੀ ਪੈਟਰਨ 'ਤੇ ਚੱਲ ਰਹੀ ਹੈ, ਪਰ ਹਵਾ, ਵਕਤ ਅਤੇ ਰਾਜਨੀਤੀ ਤੇਜ਼ੀ ਨਾਲ ਬਦਲ ਰਹੀ ਹੈ। ਜਲਦੀ ਹੀ ਵਿਰੋਧ ਮੁਕਤ ਲੋਕਤੰਤਰ ਬਣਾਉਣ ਦੀ ਇਹ ਹਿੰਦੂਤਵਵਾਦੀ ਮੁਹਿੰਮ ਮੂੰਹ ਭਾਰ ਡਿਗਦੀ ਹੋਈ ਦਿਖਾਈ ਦੇ ਸਕਦੀ ਹੈ।

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ


REPAIR & SERVICES
ਸੰਪਰਕ ਕਰੋ
604-773-7258 (ਸਰੀ)

ICC ACCOUNTING SERVICES INC.
Accounting Services Inc.


ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
604-597-0991, 778-895-7444
1-800-732-0519
: icc.accounting@yahoo.ca
: www.iccaccounting.com
: 8740 - 140A St., Surrey, BC V3W 0M4
Gurnek Bangar
(Pasla)

# ਆਪਣਿਆਂ ਦੇ ਮੋਢੇ

ਲੇਖਕ : ਗੁਰਮਲਕੀਅਤ ਸਿੰਘ ਕਾਹਲੋਂ



ਸਦੀ ਦੇ ਹਾੜ੍ਹ ਸਿਆਲ ਪਿੰਡੇ 'ਤੇ ਹੰਢਾ ਕੇ ਰੱਬ ਨੂੰ ਪਿਆਰੇ ਹੋਏ ਭੋਲਾ ਸਿੰਘ ਫੌਜੀ ਦੇ ਸਸਕਾਰ ਲਈ ਚਾਰ ਜਣੇ ਅਰਥੀ ਚੁੱਕ ਕੇ ਤੁਰਨ ਲੱਗੇ ਸੀ। ਸੱਠਾਂ ਤੋਂ ਟੱਪਿਆ ਉਸ ਦਾ ਪੁੱਤਰ ਮੰਗਾ ਸਿੰਘ ਤੇਜ਼ੀ ਨਾਲ ਤੁਰਦਾ ਮੂਹਰੇ ਆਣ ਖੜੋਤਾ ਤੇ ਪਾਲੇ ਨੂੰ ਪਾਸੇ ਹੋਣ ਦਾ ਇਸ਼ਾਰਾ ਕਰਕੇ ਅਰਥੀ ਨੂੰ ਮੋਢਾ ਦੇਣ ਲਈ ਝੁਕਿਆ। ਸਭ ਦੀ ਹੈਰਾਨੀ ਕੁਦਰਤੀ ਸੀ। 'ਕਿਤੇ ਠੇਡਾ ਖਾ ਕੇ ਈ ਨਾ ਡਿੱਗ ਪਵੇ,' ਸਵਾਲ ਕਈਆਂ ਦੇ ਮਨਾਂ 'ਚ ਉੱਭਰਿਆ। ਖ਼ੁਦ ਬਣਾਉਟੀ ਲੱਤ ਸਹਾਰੇ ਤੁਰਦਾ ਤੇ ਸੱਜੇ ਹੱਥ ਦਾ ਕੰਮ ਵੀ ਖੱਬੇ ਤੋਂ ਲੈਂਦੇ ਬਜ਼ੁਰਗ ਵੱਲੋਂ ਮੋਢਾ ਦੇਣ 'ਤੇ ਉਹ ਹੈਰਾਨ ਸਨ, ਪਰ ਉਸ ਨੇ ਪਿਓ ਨੂੰ ਖ਼ੁਦ ਤੋਰ ਕੇ ਆਉਣ ਦਾ ਹੌਸਲਾ ਇਕੱਠਾ ਕਰ ਲਿਆ ਸੀ। ਪਾਲੇ ਨੇ ਮਾਸੜ ਨਾਲ ਜ਼ਿੱਦ ਕਰਨੀ ਠੀਕ ਨਾ ਸਮਝੀ ਤੇ ਉਹ ਨਾਲ ਨਾਲ ਹੋ ਕੇ ਚੱਲਣ ਲੱਗਾ।

ਜ਼ੈਲਦਾਰਾਂ ਦੇ ਨਿਆਈਂ ਵਾਲੇ ਖੇਤਾਂ ਕੋਲੋਂ ਲੰਘਦੇ ਪਹੇ ਦੇ ਮੋੜ ਵਾਲੇ ਸ਼ਮਸ਼ਾਨਘਾਟ 'ਚ ਸਸਕਾਰ ਦੀਆਂ ਤਿਆਰੀਆਂ ਉਹ ਕਰ ਆਏ ਸੀ। ਬਾਕੀ ਤਿੰਨੇ ਮੋਢੇ ਰਸਤੇ ਵਿੱਚ ਬਦਲੇ ਜਾ ਰਹੇ ਸੀ, ਪਰ ਪਾਲੇ ਦਾ ਮਾਸੜ ਉਸ ਦੇ ਕਹਿਣ 'ਤੇ ਵੀ ਪਾਸੇ ਨਾ ਹੋਇਆ। ਉਸ ਨੂੰ ਤੁਰਦਿਆਂ ਵੇਖ ਲੱਗਦਾ ਸੀ ਜਿਵੇਂ ਬਣਾਉਟੀ ਲੱਤ ਵਿੱਚ ਜਾਨ ਪੈ ਗਈ ਹੋਵੇ ਤੇ ਕੱਟੀ ਹਥੇਲੀ ਸਾਲਮ ਹੱਥ ਬਣ ਗਈ ਹੋਵੇ। ਪਿੱਛੇ ਤੁਰੇ ਜਾਂਦੇ ਲੋਕਾਂ ਦੇ ਚੇਤਿਆਂ 'ਚੋਂ ਭੋਲਾ ਸਿੰਘ ਵੱਲੋਂ ਕੀਤੇ ਚੰਗੇ ਕੰਮ ਉੱਭਰ ਰਹੇ ਸੀ। ਉਸ ਦਾ ਸਦੀ ਤੱਕ ਪੁੱਜਣਾ ਉਸ ਦੀਆਂ ਚੰਗਿਆਈਆਂ ਦਾ ਸਬੂਤ ਸੀ।

'ਵਾਹਿਗੁਰੂ ਨੇ ਉਸ ਨੂੰ ਸੋਹਣੀ ਤੇ ਲੰਮੀ ਆਉਧ ਪੁਗਾਉਣ ਤੋਂ ਬਾਅਦ ਆਪਣੇ ਚਰਨਾਂ 'ਚ ਨਿਵਾਸ ਦੇਣ ਲਈ ਸੱਦਿਆ' ਦਾ ਖ਼ਿਆਲ ਸਭ ਨੂੰ ਉਸ ਵਰਗਾ ਬਣਨ ਲਈ ਉਕਸਾਉਣ ਲੱਗਾ। ਫੌਜੀ ਨੂੰ ਪਿੰਡੋਂ ਅੰਤਿਮ ਸਫ਼ਰ 'ਤੇ ਆਉਂਦੇ ਵੇਖ ਖੂੰਡੇ ਉੱਪਰੋਂ ਹੱਥ ਜੋੜ ਕੇ ਖੜ੍ਹਾ ਜ਼ੈਲਦਾਰ ਕੋਲ ਆਉਣ 'ਤੇ ਨਾਲ ਰਲ ਗਿਆ। ਟਿਕਾਣੇ ਪਹੁੰਚ ਕੇ ਅਰਥੀ ਨੂੰ ਚਿਣੀਆਂ ਲੱਕੜਾਂ 'ਤੇ ਰੱਖਣ ਵੇਲੇ ਮੰਗਾ ਸਿੰਘ ਹੱਥ ਪਵਾਉਣ ਲੱਗਾ। ਡੇਢ ਹੱਥ ਨਾਲ ਲੱਕੜਾਂ ਚੁੱਕ ਕੇ ਉਹ ਬਾਪੂ ਉੱਪਰ ਰੱਖਦਾ ਰਿਹਾ। ਬਣਾਉਟੀ ਲੱਤ ਦੇ ਭਾਰ ਝੱਲਣ ਦਾ ਡਰ ਉਸ ਦੇ ਚੇਤੇ 'ਚੋਂ ਵਿਸਰ ਗਿਆ ਸੀ। ਭਾਈ ਜੀ ਨੇ ਫੌਜੀ ਦੀ ਰੂਹ ਨੂੰ ਆਪਣੇ ਚਰਨਾ 'ਚ ਨਿਵਾਸ ਦੇਣ ਦੀ ਅਰਦਾਸ ਕੀਤੀ। ਬਲਦੇ ਕੱਖ ਫੜ ਕੇ ਚਿਖਾ ਦੇ ਗਿਰਦ ਘੁੰਮਦਿਆਂ ਉਹ ਮਨ 'ਤੇ ਕਾਬੂ ਨਾ ਪਾ ਸਕਿਆ। ਮਨ 'ਚੋਂ ਦਰਦ ਦਾ ਉਬਾਲ ਬਣ ਕੇ ਨਿਕਲੀ ਭੁੱਬ ਨੇ ਸਭ ਦੀਆਂ ਅੱਖਾਂ ਚੋਣ ਲਾ ਦਿੱਤੀਆਂ। ਉਸ ਲਈ ਖੜ੍ਹਨਾ ਔਖਾ ਹੋ ਗਿਆ। ਉਸ ਨੂੰ ਲੱਗਿਆ ਜਿਵੇਂ ਸਿਰ ਦੀ ਛਾਂ ਤੋਂ ਵਾਂਝਾ ਹੋ ਗਿਆ ਹੋਏ। ਸ਼ਿੰਦੇ ਨੇ ਉਸ ਨੂੰ ਫੜ ਕੇ ਰੁੱਖ ਦੀ ਛਾਂਵੇਂ ਬਹਾਇਆ ਤੇ ਪਾਣੀ ਪਿਲਾਇਆ। ਬਲਦੀ ਚਿਤਾ ਵੱਲ ਵੇਖਦਿਆਂ ਉਸ ਨੂੰ ਖ਼ੁਦ ਪਤਾ ਨਾ ਲੱਗਾ ਕਿ ਕਦ ਉਹ 50 ਸਾਲ ਪਿੱਛੇ ਚਲੇ ਗਿਆ ਤੇ ਹੱਡਬੀਤੀਆਂ ਦੇ ਦ੍ਰਿਸ਼ ਫਿਲਮ ਬਣ ਕੇ ਉਸ ਦੀਆਂ ਅੱਖਾਂ ਮੂਹਰੇ ਘੁੰਮਣ ਲੱਗ ਪਏ।

ਉਸ ਦਾ ਬਾਪ ਫੌਜੀ ਸੀ ਜਿਸ ਨੇ 20 ਕੁ ਸਾਲ ਦੀ ਨੌਕਰੀ ਦੌਰਾਨ ਪਹਿਲਾਂ ਬਰਮਾ ਦੇ ਜੰਗਲਾਂ ਵਿੱਚ ਕਈ ਦਿਨਾਂ ਦੇ ਫਾਕੇ ਕੱਟੇ ਹੋਏ ਸੀ ਤੇ ਫਿਰ ਕਸ਼ਮੀਰ ਦੀਆਂ ਪਹਾੜੀਆਂ ਦੇ ਬਰਫ਼ ਲੱਦੇ ਤੋਦਿਆਂ ਕੋਲ ਘੁਰਨਿਆਂ ਵਿੱਚ ਪੈ ਕੇ ਜੱਖ ਰਾਤਾਂ ਲੰਘਾਈਆਂ ਸੀ। ਇੱਕ ਵਾਰ ਉਸ ਨੂੰ ਚਾਰ ਸਾਲ ਘਰ ਜਾਣ ਦੀ ਛੁੱਟੀ ਨਹੀਂ ਸੀ ਮਿਲੀ। ਵਿਆਹ ਦੇ ਕਈ ਸਾਲਾਂ ਬਾਅਦ ਤੱਕ ਉਨ੍ਹਾਂ ਦੀ ਝੋਲੀ ਔਲਾਦ ਪੱਖੋਂ ਖਾਲੀ ਸੀ, ਪਰ ਦੋਹਾਂ ਨੇ ਕਦੇ ਇਸ ਦਾ ਝੋਰਾ ਮਨਾਂ 'ਤੇ ਨਾ ਲਾਇਆ। ਕੋਈ ਪੁੱਛਦਾ ਤਾਂ ਅਕਸਰ ਉਹ 'ਰੱਬ ਦੀ ਮਰਜ਼ੀ' ਕਹਿ ਕੇ ਗੱਲ ਟਾਲ ਦਿੰਦੇ। ਰੱਬ ਉੱਤੇ ਅਟੱਲ ਵਿਸ਼ਵਾਸ ਉਨ੍ਹਾਂ ਦੇ ਮਨਾਂ 'ਤੇ ਉੱਕਰਿਆ ਹੋਇਆ ਸੀ। ਗੁਰਦੁਆਰੇ, ਮੰਦਰ, ਮਸੀਤ ਤੇ ਗਿਰਜਾ ਘਰ ਉਨ੍ਹਾਂ ਲਈ ਇੱਕ ਸਮਾਨ ਸਨ। ਕਹਿੰਦੇ 'ਸਾਰੇ ਰੱਬ ਦੇ ਘਰ ਨੇ, ਦਿੱਖ ਵੱਖਰੀ ਆ, ਫਿਰ ਕੀ ਹੋਇਆ'। ਜਿੱਥੇ ਵੀ ਜਾਂਦੇ, ਮੱਥਾ ਟੇਕਣ ਲੱਗਿਆਂ ਉਨ੍ਹਾਂ ਦੇ ਹੱਥ ਖੁੱਲ੍ਹੇ ਤੇ ਤਲੀਆਂ ਉੱਪਰਲੇ ਪਾਸੇ ਹੁੰਦੀਆਂ। ਕਹਿੰਦੇ, ਰੱਬ ਤੋਂ ਮੰਗਣਾ ਈ ਆ ਤਾਂ ਝਿਜਕ ਕਾਹਦੀ।

ਸਰਹੱਦ 'ਤੇ ਬੈਠਿਆਂ ਕਦੇ ਕਦੇ ਭੋਲਾ ਸਿੰਘ ਨੂੰ ਘਰ ਦੀ ਯਾਦ ਸਤਾਉਂਦੀ। ਸੋਚਦਾ, ਸੁਰਜੀਤ ਨੇ ਵਿਆਹ ਇਕੱਲੇ ਰਹਿਣ ਵਾਸਤੇ ਥੋੜ੍ਹਾ ਕਰਾਇਆ ਸੀ, ਪਰ ਰੱਬ ਨੇ ਉਸ ਦੀ ਹੂਕ ਨੇੜੇ ਹੋ ਕੇ ਸੁਣੀ। ਸਰਕਾਰ ਦੀ ਸਕੀਮ ਆਈ, ਵੀਹ ਸਾਲਾਂ ਵਾਲੇ ਜਿਹੜੇ ਰਿਟਾਇਰ ਹੋਣਾ ਚਾਹੁਣ ਲਿਖ ਕੇ ਦੇਣ। ਭੋਲਾ ਸਿੰਘ ਨੇ ਅਰਜ਼ੀ ਭਰ ਦਿੱਤੀ ਤੇ ਦੋ ਮਹੀਨੇ ਬਾਅਦ ਉਹ ਬਿਸਤਰਾ ਤੇ ਕੱਪ ਪਲੇਟ ਲੈ ਕੇ ਘਰ ਆ ਗਿਆ। ਸਾਲ ਬਾਅਦ ਉਨ੍ਹਾਂ ਦੇ ਘਰ ਪੁੱਤ ਨੇ ਜਨਮ ਲਿਆ। ਰੱਬ ਮੂਹਰੇ ਹੱਥ ਅੱਡ ਅੱਡ ਕੇ ਲਿਆ ਸੀ। ਨਾਂ ਰੱਖਿਆ ਮੰਗਾ ਸਿੰਘ। ਮੰਗਾ ਜਵਾਨ ਹੋਇਆ। ਪਿਉ-ਪੁੱਤ ਖੇਤਾਂ 'ਚ ਹੁੰਦੇ ਤਾਂ ਕੰਮ ਨੂੰ ਮੂਹਰੇ ਲਾ ਕੇ ਤੋਰ ਲੈਂਦੇ। ਪਿੰਡ 'ਚ ਉਨ੍ਹਾਂ ਦੀ ਠੁੱਕ ਬੱਝ ਗਈ। ਖ਼ੁਸ਼ੀਆਂ ਅਜੇ ਵਧਣ ਈ ਲੱਗੀਆਂ ਸੀ ਕਿ ਭਾਣਾ ਵਾਪਰ ਗਿਆ। ਪਿੰਡ 'ਚ ਬਿਜਲੀ ਨਵੀਂ ਨਵੀਂ ਆਈ ਸੀ। ਖੇਤਾਂ ਦੀ ਸਿੰਚਾਈ ਲਈ ਉਨ੍ਹਾਂ ਮੋਟਰ ਲਵਾ ਲਈ। ਖੰਭੇ ਤੋਂ ਬਿਜਲੀ ਠੀਕ ਕਰਦਿਆਂ ਮੰਗੇ ਨੂੰ ਜ਼ਬਰਦਸਤ ਕਰੰਟ ਲੱਗਾ। ਖੰਭੇ ਤੋਂ ਅੱਗ ਦੀ ਨੀਲੀ ਲਾਟ ਤੇ ਮੰਗੇ ਦੀ ਡਾਟ ਫੌਜੀ ਦੇ ਅੱਖੀਂ ਤੇ ਕੰਨੀ ਪਈ। ਭੱਜ ਕੇ ਕੋਲ ਪਹੁੰਚਿਆ ਤਾਂ ਮੰਗਾ ਬੇਹੋਸ਼ ਸੀ। ਜਾਨ ਬਚਾਉਣ ਲਈ ਡਾਕਟਰਾਂ ਨੂੰ ਉਸ ਦੀ ਸੱਜੀ ਲੱਤ ਗੋਡੇ ਹੇਠੋਂ ਤੇ ਸੱਜਾ ਹੱਥ ਤਲੀ ਤੋਂ ਕੱਟਣਾ ਪਿਆ। ਮੰਗਾ ਅੱਧ ਅਧੂਰਾ ਹੋ ਕੇ ਹਸਪਤਾਲੋਂ ਘਰ ਪਹੁੰਚਿਆ।

''ਬਿਜਲੀ ਮੂਹਰੇ ਕੀ ਜ਼ੋਰ ਸੀ, ਡਾਹਢੇ ਨੇ ਸਾਹਾਂ ਵਾਲੀ ਡੋਰ ਨਹੀਂ ਟੁੱਟਣ ਦਿੱਤੀ।'' ਰੱਬ ਦੇ ਸ਼ੁਕਰਾਨੇ 'ਚ ਫੌਜੀ ਤੇ ਫੌਜਣ ਦੇ ਮੂੰਹੋਂ ਨਿਕਲਦਾ ਤੇ ਹੱਥ ਜੁੜ ਜਾਂਦੇ।

ਕਿਸੇ ਦੱਸ ਪਾਈ, ਪੂਨੇ ਨਕਲੀ ਲੱਤਾਂ ਲੱਗਦੀਆਂ ਹਨ। ਪੈਸੇ ਪੱਖੋਂ ਹੱਥ ਖੁੱਲ੍ਹਾ ਸੀ। ਪਿਉ, ਪੁੱਤ ਪੂਨੇ ਗਏ ਤੇ ਮੰਗੇ ਦੀ ਫਾਹੁੜੀ ਉੱਥੇ ਈ ਸੁੱਟ ਆਏ। ਛੜੀ ਨੂੰ ਸੱਜੇ ਹੱਥ ਦੇ ਅੰਗੂਠੇ 'ਚ ਫਸਾ ਕੇ ਉਹ ਆਪਣੀਆਂ ਲੱਤਾਂ 'ਤੇ ਤੁਰਦਾ ਘਰ ਪਰਤਿਆ, ਪਰ ਭਾਰੇ ਕੰਮਾਂ ਮੂਹਰੇ ਉਸ ਦੀ ਅਪੰਗਤਾ ਆਣ ਖੜੋਂਦੀ। ਫਿਰ ਵੀ ਉਹ ਹੌਸਲਾ ਨਾ ਹਾਰਦਾ। ਉਨ੍ਹਾਂ ਵੱਲ ਵੇਖਦਾ ਜਿਨ੍ਹਾਂ ਦੀਆਂ ਦੋਵੇਂ ਲੱਤਾਂ ਨਹੀਂ ਹੁੰਦੀਆਂ।

''ਉਹ ਵੀ ਤਾਂ ਜਿਉਂਦੇ ਈ ਨੇ, ਮੇਰੇ ਤਾਂ ਖੱਬੇ ਹੱਥ ਪੈਰ ਦੋਵੇਂ ਚੱਲਦੇ ਨੇ।'' ਤੇ ਉਹ ਮਨੋਂ ਤਕੜਾ ਹੋ ਜਾਂਦਾ। ਮੰਗੇ ਦੇ ਮਾਂ-ਬਾਪ ਨੂੰ ਉਸ ਦਾ ਘਰ ਵਸਾਉਣ ਦੀ ਚਿੰਤਾ ਸਤਾਉਂਦੀ। ਉਸ ਦਿਨ ਉਹ ਗੁਰਦੁਆਰੇ ਭਾਈ ਜੀ ਤੋਂ ਕਥਾ ਸੁਣ ਰਹੇ ਸੀ। ਜ਼ਿੰਦਗੀ ਨੂੰ ਚਾਰ ਪਹਿਰਾਂ 'ਚ ਵੰਡਦੇ ਹੋਏ ਬਾਬੇ ਨਾਨਕ ਦੀਆਂ ਸਿੱਖਿਆਵਾਂ ਨੂੰ ਭਾਈ ਜੀ ਵਿਸਥਾਰ ਨਾਲ ਸਮਝਾ ਰਹੇ ਸੀ। ਜ਼ਿੰਦਗੀ ਦੇ ਚੌਥੇ ਪਹਿਰ ਦੇ ਵਿਸਥਾਰ ਉੱਤੇ ਜ਼ਿਆਦਾ ਜ਼ੋਰ ਦਿੰਦੇ ਭਾਈ ਜੀ ਦੀ ਇੱਕ ਇੱਕ ਗੱਲ ਹਕੀਕਤ ਬਣ ਕੇ ਦੋਹਾਂ ਦੇ ਮਨਾਂ ਉੱਤੇ ਉੱਕਰੀ ਜਾਣ ਲੱਗ ਪਈ। ਬਜ਼ੁਰਗ ਅਵਸਥਾ ਵਿੱਚ ਪਹੁੰਚੇ ਫੌਜੀ ਤੇ ਫੌਜਣ ਦੇ ਮਨਾਂ ਵਿੱਚ ਅੰਤ ਨੇੜੇ ਹੋਣ ਦਾ ਅਹਿਸਾਸ ਜਾਗ ਆਇਆ।

''ਬਾਬਾ ਨਾਨਕ ਜੀ, ਆਹ ਤੁਹਾਡਾ ਈ ਸੰਦੇਸ਼ ਭਾਈ ਜੀ ਨੇ ਸੁਣਾਇਆ ਕਿ ਅਸੀਂ ਹੁਣ ਆਖਰੀ ਪਹਿਰ 'ਚ ਪਹੁੰਚ ਗਏ ਆਂ, ਤੁਸੀਂ ਦੇਰ ਸਵੇਰ ਸਾਡੀ ਹਰ ਗੱਲ ਮੰਨਦੇ ਰਹੇ ਓ, ਆਹ ਮੰਗਾ ਸਿੰਘ ਦਿੱਤਾ ਵੀ ਤੁਸੀਂ ਸੀ, ਪਰ ਹੁਣ ਇਸ ਨੂੰ ਜ਼ਿੰਦਗੀ ਜਿਊਣ ਜੋਗਾ ਵੀ ਤੁਸੀਂ ਬਣਾਉਣੈ।'' ਦੋਹਾਂ ਦੇ ਮਨਾਂ 'ਚੋਂ ਇੱਕੋ ਵੇਲੇ ਅਰਦਾਸ ਹੋਈ। ਕਥਾ ਸਮਾਪਤ ਹੋਈ। ਪ੍ਰਸ਼ਾਦ ਲੈ ਕੇ ਮੱਥਾ ਟੇਕਦਿਆਂ ਅੱਡੇ ਹੱਥਾਂ ਨਾਲ ਰੱਬ ਤੋਂ ਉਹੀ ਮੰਗ ਮੰਗੀ। ਘਰ ਪਹੁੰਚੇ ਤਾਂ ਨਾਲਦੇ ਪਿੰਡੋਂ ਆਇਆ ਉਨ੍ਹਾਂ ਦਾ ਜਾਣਕਾਰ ਮੰਗੇ ਕੋਲ ਬੈਠਾ ਸੀ। ਸੁਰਜੀਤ ਦੇ ਹੱਥਾਂ 'ਚ ਘੁੱਟਿਆ ਪ੍ਰਸ਼ਾਦ ਅਜੇ ਕੋਸਾ ਹੀ ਸੀ। ਮੰਗਾ ਸਿੰਘ ਤੇ ਉਸ ਬੰਦੇ ਨੇ ਹੱਥ ਧੋਤੇ ਤੇ ਸੁਰਜੀਤ ਮੂਹਰੇ ਕੀਤੇ। ਗੁਰਬਾਣੀ ਸੰਦੇਸ਼ 'ਚ ਗੜੁੱਚ ਕੜਾਹ ਦੇ ਕਣ ਕਣ ਨੇ ਦੋਹਾਂ ਦੇ ਮਨਾਂ ਨੂੰ ਆਪਣੇ ਰੰਗ 'ਚ ਰੰਗ ਲਿਆ। ਉਸ ਬੰਦੇ ਨੇ ਮੰਗੇ ਦੇ ਰਿਸ਼ਤੇ ਦੀ ਗੱਲ ਤੋਰੀ। ਲੜਕੀ ਉਸ ਦੀ ਸਾਲੀ ਦੀ ਬੇਟੀ ਸੀ। ਦੋਹਾਂ ਜੀਆਂ ਦੇ ਹੱਥ ਆਪਣੇ ਆਪ ਜੁੜ ਗਏ, ਇੱਕੋ ਵੇਲੇ ਸ਼ੁਕਰ-ਗੁਜ਼ਾਰ ਹੁੰਦੇ ਬੋਲੇ,

''ਬਾਬਾ ਜੀ ਤੁਸੀਂ ਸਾਡੇ ਕੋਲ ਹੀ ਬੈਠੇ ਸੀ, ਸਾਡੀ ਮੰਗ ਨੂੰ ਐਨੀ ਛੇਤੀ ਸਵੀਕਾਰ ਕਰਕੇ ਉਸ ਨੂੰ ਕਾਰਵਾਈ ਲਈ ਅੱਗੇ ਵੀ ਤੋਰ ਦਿੱਤਾ?'' ਫੌਜੀ ਆਪਣੇ ਫੌਜ ਵਾਲੇ ਲਹਿਜੇ ਵਿੱਚ ਕਦੇ ਕਦੇ ਰੱਬ ਨਾਲ ਵੀ ਹਾਸਾ ਮਜ਼ਾਕ ਕਰ ਲੈਂਦਾ ਸੀ। ਅਗਲੇ ਦਿਨ ਨਾਲ ਦੇ ਪਿੰਡ ਗੁਰਦੁਆਰੇ ਵਿੱਚ ਦੋਹਾਂ ਪਰਿਵਾਰਾਂ ਦੇ ਮਿਲਾਪ ਦਾ ਪ੍ਰੋਗਰਾਮ ਬਣਾ ਕੇ ਬੂਟਾ ਸਿੰਘ ਚਲੇ ਗਿਆ।

''ਹੈ ਨਾ ਹੈਰਾਨੀ ਵਾਲੀ ਗੱਲ, ਰਿਸ਼ਤੇਦਾਰੀ ਦਾ ਬੂਟਾ ਲਾਉਣ ਵੀ ਬਾਬਾ ਜੀ ਨੇ ਬੂਟਾ ਸਿੰਘ ਨੂੰ ਈ ਭੇਜਿਆ।'' ਸੁਰਜੀਤ ਨੂੰ ਖ਼ੁਦ ਪਤਾ ਨਾ ਲੱਗਾ, ਉਸ ਦੇ ਗਦ ਗਦ ਹੋਏ ਮਨ 'ਚੋਂ ਆਹ ਖ਼ਿਆਲ ਕਿਵੇਂ ਪੁੰਗਰ ਆਇਆ।

ਅਗਲੇ ਦਿਨ ਸਾਰੇ ਗੁਰੂ ਮੂਹਰੇ ਅਰਜੋਈ ਕਰਕੇ ਗੁਰਦੁਆਰਾ ਹਾਲ ਦੇ ਕੋਨੇ ਵਿੱਚ ਜਾ ਬੈਠੇ। ਹੱਥ ਜੋੜਦਿਆਂ ਫੌਜੀ ਨੇ ਗੱਲ ਤੋਰੀ। ''ਅਸੀਂ ਗੁਰੂ ਦੀ ਹਜ਼ੂਰੀ 'ਚ ਬੈਠੇ ਆਂ, ਤੇ ਉਹ ਸਾਰਾ ਕੁਝ ਵੇਖ ਰਿਹਾ। ਚੰਗਾ ਹੋਵੇ ਆਪਾਂ ਸੱਚ ਦਾ ਪੱਲਾ ਫੜੀ ਰੱਖੀਏ ਤਾਂ ਕਿ ਵਾਹਿਗੁਰੂ ਨੂੰ ਨਿਬੇੜਾ ਕਰਨ 'ਚ ਬਹੁਤੇ ਵਰਕੇ ਨਾ ਫਰੋਲਣੇ ਪੈਣ। ਜੋ ਗੱਲ ਮਨ ਵਿੱਚ ਆਏ ਨਿਝਕ ਹੋ ਕੇ ਇੱਕ ਦੂਜੇ ਨੂੰ ਪੁੱਛੋ। ਦੋਹਾਂ ਦੀ ਜ਼ਿੰਦਗੀ ਦੇ ਸਾਥ ਦਾ ਸਵਾਲ ਐ। ਗੱਲ ਮੈਂ ਆਪਣੇ ਤੋਂ ਸ਼ੁਰੂ ਕਰਦਾਂ। ਮੈਨੂੰ ਰਿਸ਼ਤਾ ਮਨਜ਼ੂਰ ਆ।'' ਕੁੜੀ ਦੇ ਮਾਂ-ਪਿਉ ਨੇ ਹਾਂ ਵਜੋਂ ਸਿਰ ਹਿਲਾ ਦਿੱਤੇ। ਫੌਜੀ ਨੇ ਕੁੜੀ ਦੇ ਮਨ ਦੀ ਟੋਹ ਲਾਉਣੀ ਜ਼ਰੂਰੀ ਸਮਝੀ। ਉਹ ਪਹਿਲਾਂ ਤਾਂ ਕੁਝ ਸੰਗੀ, ਫਿਰ ਸਿਰ ਉੱਚਾ ਕੀਤਾ,

''ਤੁਹਾਨੂੰ ਇਹੋ ਸ਼ੱਕ ਹੋਊ ਕਿ ਇਨ੍ਹਾਂ ਦੀ ਇੱਕ ਲੱਤ ਤੇ ਅੱਧਾ ਹੱਥ ਨਹੀਂ ਹੈਗਾ, ਕੱਲ੍ਹ ਇਹ ਕੁਝ ਦੱਸਣ ਤੋਂ ਬਾਅਦ ਹੀ ਮਾਸੜ ਜੀ ਤੁਹਾਡੇ ਪਿੰਡ ਗਏ ਸੀ। ਇਨ੍ਹਾਂ ਦੀ ਦੂਜੀ ਲੱਤ ਮੈਂ ਬਣਾਂਗੀ ਤੇ ਅਸੀਂ ਦੌੜ ਲਾਇਆ ਕਰਾਂਗੇ। ਨਾਲੇ ਇਨ੍ਹਾਂ ਦੇ ਅੰਗ ਕਿਸੇ ਲੜਾਈ ਝਗੜੇ ਜਾਂ ਨਸ਼ਿਆਂ ਦੀ ਭੇਟ ਨਹੀਂ ਚੜ੍ਹੇ। ਉਹ ਰੱਬੀ ਭਾਣਾ ਸੀ, ਜੋ ਕਿਸੇ ਨਾਲ ਵਾਪਰ ਸਕਦਾ। ਮੈਨੂੰ ਇਨ੍ਹਾਂ ਦਾ ਪੱਲਾ ਫੜਨਾ ਮਨਜ਼ੂਰ ਆ।''

ਕੁੜੀ ਦੀ ਗੱਲ ਨੇ ਮਾਂ-ਪਿਉ ਤੇ ਫੌਜੀ ਸਮੇਤ ਸਾਰਿਆਂ ਦੇ ਸਿਰ ਫਖ਼ਰ ਨਾਲ ਉੱਚੇ ਕਰ ਦਿੱਤੇ। ਫਤਿਹ ਦੇ ਜੈਕਾਰੇ ਨਾਲ ਹਾਲ ਗੂੰਜ ਉੱਠਿਆ। ਭਾਈ ਜੀ ਨੇ ਮੰਗਣੇ ਦੀ ਅਰਦਾਸ ਕੀਤੀ ਤੇ ਮੁੰਡੇ ਕੁੜੀ ਨੇ ਇੱਕ ਦੂਜੇ ਦੇ ਗਲ ਸਿਰੋਪੇ ਪਾਏ। ਅਗਲੇ ਮਹੀਨੇ ਵਿਆਹ ਦਾ ਦਿਨ ਤੈਅ ਹੋ ਗਿਆ। ਵਿਆਹ ਦੇ ਸਾਰੇ ਕਾਰਜ ਖ਼ੁਸ਼ੀ ਖ਼ੁਸ਼ੀ ਸਿਰੇ ਚੜ੍ਹੇ ਤੇ ਮੰਗੇ ਦੀ ਵਹੁਟੀ ਬਣ ਕੇ ਆਈ ਪ੍ਰੀਤ ਦੇ ਪੈਰ ਉਸ ਘਰ 'ਚ ਪੈਂਦੇ ਹੀ ਅੱਜ ਹੋਰ, ਕੱਲ੍ਹ ਹੋਰ ਹੋਣਾ ਸ਼ੁਰੂ ਹੋ ਗਿਆ। ਫੌਜੀ ਫੌਜਣ ਗੁਰਦੁਆਰੇ ਜਾਣ ਲੱਗਦੇ, ਪ੍ਰੀਤ ਪਹਿਲਾਂ ਤਿਆਰ ਹੁੰਦੀ। ਮੰਗਾ ਸਿੰਘ ਨੂੰ ਬਲਦਾਂ ਵਾਲਾ ਹਲ਼ ਵਾਹੁਣ 'ਚ ਔਖ ਹੁੰਦੀ ਸੀ, ਪ੍ਰੀਤ ਦੇ ਜ਼ੋਰ ਦੇਣ 'ਤੇ ਟਰੈਕਟਰ ਖਰੀਦ ਲਿਆ ਗਿਆ। ਬਣਾਉਟੀ ਲੱਤ ਸਾਈਕਲ ਦੇ ਪੈਡਲ 'ਤੇ ਭਾਰ ਨਹੀਂ ਸੀ ਪਾ ਸਕਦੀ, ਘਰ 'ਚ ਸਕੂਟਰ ਆਣ ਖੜੋਤਾ। ਖੇਤਾਂ 'ਚ ਬੀਜ ਜਾਂ ਖਾਦ ਦਾ ਛੱਟਾ ਦੇਣਾ ਹੁੰਦਾ, ਪ੍ਰੀਤ ਝੋਲੀ ਬੰਨ੍ਹ ਕੇ ਖੇਤ ਗਾਹੁਣ ਤੁਰ ਪੈਂਦੀ। ਜੇ ਬਿਜਲੀ ਦੀ ਵਾਰੀ ਰਾਤ ਨੂੰ ਹੁੰਦੀ ਤਾਂ ਉਹ ਕਹੀ ਮੋਢੇ 'ਤੇ ਰੱਖ ਕੇ ਨੱਕੇ ਮੋੜਨ ਪਤੀ ਦੇ ਮੂਹਰੇ ਤੁਰਦੀ। ਛੋਟਾ ਮੋਟਾ ਹਰ ਕੰਮ ਪਤੀ ਤੋਂ ਪੁੱਛ ਕੇ ਕਰਦੀ ਤਾਂ ਕਿ ਮੰਗਾ ਸਿੰਘ ਦੇ ਮਨ 'ਚ ਕਿਤੇ ਹੀਣ ਭਾਵਨਾ ਨਾ ਆਏ ਕਿ ਪ੍ਰੀਤ ਨੇ ਉਸ 'ਤੇ ਤਰਸ ਕਰਕੇ ਰਿਸ਼ਤਾ ਮਨਜ਼ੂਰ ਕੀਤਾ ਸੀ। ਪਤੀ ਤੇ ਸੱਸ ਸਹੁਰੇ ਮੂਹਰੇ ਜੀ ਜੀ ਕਰਦੀ ਦੀ ਜੀਭ ਨਾ ਥੱਕਦੀ। ਸੱਸ ਦੇ ਹੱਥੋਂ ਝਾੜੂ ਫੜ ਕੇ ਆਪ ਫੇਰਨ ਲੱਗਦੀ। ਫੌਜੀ ਨੂੰ ਪਿਆਸ ਬਾਅਦ 'ਚ ਲੱਗਦੀ, ਠੰਢੇ ਪਾਣੀ ਦਾ ਗਲਾਸ ਉਸ ਦੇ ਕੋਲ ਪਹਿਲਾਂ ਰੱਖਿਆ ਹੁੰਦਾ। ਭੁਲੱਕੜ ਹੋ ਗਈ ਸੱਸ ਵੱਲੋਂ ਕੋਈ ਗੱਲ ਦੁਹਰਾਏ ਜਾਣ 'ਤੇ ਵੀ ਉਹ ਇਉਂ ਕੰਨ ਲਾ ਕੇ ਸੁਣਦੀ ਜਿਵੇਂ ਪਹਿਲੀ ਵਾਰ ਸੁਣ ਰਹੀ ਹੋਵੇ। ਕੋਈ ਦਿਨ ਤਿਉਹਾਰ ਹੁੰਦਾ, ਨਣਦ ਦੇ ਸੰਧਾਰੇ ਦੀ ਤਿਆਰੀ ਪਹਿਲਾਂ ਹੋਈ ਹੁੰਦੀ। ਦੋਹਤੀ ਦਾ ਵਿਆਹ ਆਇਆ, ਨਾਨਕ ਸ਼ੱਕ ਵੇਖ ਕੇ ਪਿੰਡ ਵਾਲੇ ਹੈਰਾਨ ਰਹਿ ਗਏ। ਪੇਕੇ ਜਾਂਦੀ ਤਾਂ ਸਕੂਟਰ 'ਤੇ ਮੰਗਾ ਸਿੰਘ ਦੇ ਪਿੱਛੇ ਬੈਠਦੀ। ਸ਼ਹਿਰ ਦਾ ਕੰਮ ਹੁੰਦਾ, ਮਨ 'ਚ ਭਰੋਸਾ ਬੰਨ੍ਹਾਉਣ ਲਈ ਪਤੀ ਨੂੰ ਇਕੱਲਿਆਂ ਭੇਜਦੀ। ਸੱਸ ਪੇਕੇ ਜਾਂਦੀ ਤਾਂ ਉਸ ਦੇ ਭਤੀਜਿਆਂ ਦੇ ਬੱਚਿਆਂ ਲਈ ਸਮਾਨ ਨਾਲ ਬੈਗ ਭਰਿਆ ਹੁੰਦਾ। ਪਿੰਡ 'ਚ ਹਰ ਵਰਤੋਂ ਵਿਹਾਰ ਲਈ ਸੱਸ ਨੂੰ ਮੂਹਰੇ ਲਾਉਂਦੀ। ਫੌਜੀ ਨਾਲ ਖਾਰ ਖਾਂਦੇ ਲੋਕਾਂ ਦੇ ਘਰੀਂ ਵੀ ਪ੍ਰੀਤ ਦੀਆਂ ਸਿਫ਼ਤਾਂ ਹੋਣ ਲੱਗੀਆਂ। ਚੰਗੀ ਔਰਤ ਦੀ ਉਦਾਹਰਨ ਦੇਣ ਲੱਗਿਆਂ ਪਿੰਡ ਦੇ ਲੋਕਾਂ ਨੂੰ ਪ੍ਰੀਤ ਚੇਤੇ ਆਉਣ ਲੱਗਦੀ।

ਦਿਨ ਲੰਘਦੇ ਗਏ। ਪ੍ਰੀਤ ਨੇ ਦੋ ਲੜਕਿਆਂ ਨੂੰ ਜਨਮ ਦਿੱਤਾ। ਸੁਰਿੰਦਰ ਤੋਂ ਸ਼ਿੰਦਾ ਬਣ ਗਿਆ, ਉਹ ਸਰੀਰ ਪੱਖੋਂ ਹੱਟਾ ਕੱਟਾ ਨਿਕਲਿਆ। ਮਾਪਿਆਂ ਨੇ ਉਸ ਦੀ ਸਕੂਲੀ ਪੜ੍ਹਾਈ ਕਰਵਾ ਕੇ ਖੇਤੀ ਦੇ ਕੰਮ ਲਾ ਲਿਆ, ਪਰ ਛੋਟੇ ਜਸਵਿੰਦਰ ਨੂੰ ਪੜ੍ਹਾਈ 'ਚ ਹੁਸ਼ਿਆਰ ਹੋਣ ਕਰਕੇ, 'ਜਿੰਨਾ ਮਰਜ਼ੀ ਪੜ੍ਹ ਲੈ' ਦੀ ਖੁੱਲ੍ਹ ਦੇ ਦਿੱਤੀ। ਪੋਤਿਆਂ ਦੇ ਮੂੰਹ ਚੁੰਮਣ ਦੀਆਂ ਇੱਛਾਵਾਂ ਪੂਰੀਆਂ ਕਰਕੇ ਫੌਜਣ ਚੱਲ ਵਸੀ ਸੀ ਤੇ ਫੌਜੀ ਅਧਰੰਗ ਦਾ ਸ਼ਿਕਾਰ ਹੋ ਗਿਆ। ਪ੍ਰੀਤ ਨੂੰ ਸਹੁਰੇ ਦੀ ਸੇਵਾ ਸੰਭਾਲ 'ਚ ਜ਼ਿਆਦਾ ਧਿਆਨ ਦੇਣ ਪੈਂਦਾ। ਘਰ ਵਿੱਚ ਜੀਆਂ ਦੀ ਬਰਕਤ ਦੇ ਨਾਲ ਪ੍ਰੀਤ ਦੀਆਂ ਜ਼ਿੰਮੇਵਾਰੀਆਂ ਵੀ ਵੱਡੀਆਂ ਹੁੰਦੀਆਂ ਗਈਆਂ। ਹਿੰਮਤ ਹਾਰਨਾ ਤਾਂ ਮੰਗਾ ਸਿੰਘ ਦੇ ਸੁਭਾਅ 'ਚ ਨਹੀਂ ਸੀ, ਪਰ ਉਮਰ ਦੇ ਤਕਾਜ਼ੇ ਕਾਰਨ ਉਹ ਪਹਿਲਾਂ ਵਰਗੀ ਭੱਜ ਦੌੜ ਨਾ ਕਰ ਸਕਦਾ। ਸ਼ਿੰਦਾ ਜਵਾਨ ਹੋ ਗਿਆ। ਰਿਸ਼ਤੇ ਤਾਂ ਉਸ ਨੂੰ ਵੀਹਵੇਂ ਸਾਲ ਤੋਂ ਪਹਿਲਾਂ ਆਉਣ ਲੱਗ ਪਏ ਸੀ, ਪਰ ਪ੍ਰੀਤ ਦਾ ਮਨ ਸੀ, ਪੁੱਤ ਭਰ ਜਵਾਨ ਤੇ ਜ਼ਿੰਮੇਵਾਰੀਆਂ ਸੰਭਾਲਣ ਜੋਗਾ ਹੋ ਜਾਏ। 22ਵੇਂ ਸਾਲ 'ਚ ਉਸ ਦਾ ਵਿਆਹ ਕਰ ਦਿੱਤਾ ਤੇ ਪ੍ਰੀਤ ਨੇ ਆਉਂਦੇ ਸਾਰ ਨੂੰਹ ਨੂੰ ਘਰ ਦੀਆਂ ਚਾਬੀਆਂ ਸੌਂਪ ਦਿੱਤੀਆਂ। ਸਾਰਾ ਲੈਣ ਦੇਣ ਉਸੇ ਹੱਥੋਂ ਕਰਾਉਣ ਲੱਗੀ। ਪਿੰਕੀ ਵੀ ਸੱਸ ਦੇ ਮਾਣ ਤਾਣ 'ਚ ਕਸਰ ਨਾ ਛੱਡਦੀ। ਪ੍ਰੀਤ ਨੂੰ ਆਪਣੇ ਦਿਨ ਯਾਦ ਆਉਂਦੇ। ਜ਼ਿੰਮੇਵਾਰੀਆਂ ਨਿਭਾਉਂਦੀ ਪਿੰਕੀ ਨੂੰ ਵੇਖ ਕੇ ਆਂਢੀ ਗੁਆਂਢੀ ਪ੍ਰੀਤ ਬਾਰੇ ਕਹਿੰਦੇ,

''ਬਈ ਚਾਚੀ ਨੇ ਤਾਂ ਜੋ ਬੀਜਿਆ ਸੀ, ਉਹੀ ਵੱਢ ਰਹੀ ਆ। ਜਿਹੋ ਜਿਹੀ ਦੇਵੀ ਆਪ ਸੀ, ਰੱਬ ਨੇ ਨੂੰਹ ਵੀ ਉਸੇ ਵਰਗੀ ਦੇ ਦਿੱਤੀ।''

ਪਿੰਡ ਦੀਆਂ ਨਘੋਚਣਾਂ ਨੂੰ ਉਸ ਘਰ 'ਚੋਂ ਕੋਈ ਮਾੜੀ ਗੱਲ ਨਾ ਲੱਭਦੀ ਤਾਂ ਉਨ੍ਹਾਂ ਨੂੰ ਕਿਸੇ ਜੀਅ ਦੇ ਰੰਗ ਤੇ ਕਿਸੇ ਦੇ ਕੱਦ ਬਾਰੇ ਗੱਲ ਬਣਾ ਕੇ ਆਪਣਾ ਝੱਸ ਪੂਰਾ ਕਰਨਾ ਪੈਂਦਾ। ਸੌਖੀ ਤਾਂ ਪ੍ਰੀਤ ਦੀ ਨਣਦ ਬਥੇਰੀ ਸੀ, ਪਰ ਪ੍ਰੀਤ ਜਾਣਦੀ ਸੀ ਕਿ ਕੁੜੀਆਂ ਨੂੰ ਪੇਕਿਆਂ ਦੀ ਝਾਕ ਹੁੰਦੀ ਆ। ਇਹ ਗੱਲ ਉਸ ਨੇ ਪਿੰਕੀ ਨੂੰ ਵੀ ਸਮਝਾ ਦਿੱਤੀ। ਵੀਰੋ ਭੂਆ ਜਦ ਵੀ ਆਉਂਦੀ, ਪਿੰਕੀ ਉਸ ਨੂੰ ਹਫ਼ਤਾ ਮੁੜਨ ਨਾ ਦਿੰਦੀ। ਨਿੱਕਾ ਜਿਹਾ ਬੈਗ ਲੈ ਕੇ ਆਈ ਭੂਆ ਦੇ ਹੱਥ ਦੋ ਭਰੇ ਹੋਏ ਬੈਗ ਫੜਾ ਕੇ ਤੋਰਦੀ ਤੇ ਬੱਸ ਅੱਡੇ ਤੱਕ ਛੱਡਣ ਜਾਂਦੀ। ਪੋਤ ਨੂੰਹ ਵੱਲੋਂ ਘਰ ਦੀ ਸੰਭਾਲ ਤੋਂ ਖ਼ੁਸ਼ ਫੌਜੀ ਦੀਆਂ ਅੱਖਾਂ ਭਰ ਆਉਂਦੀਆਂ। ਫੌਜਣ ਉਸ ਦੀਆਂ ਅੱਖਾਂ ਮੂਹਰੇ ਆਣ ਖੜ੍ਹਦੀ,

''ਤੁਹਾਨੂੰ ਕਹਿੰਦੀ ਹੁੰਦੀ ਸੀ ਨਾ, ਵਾਹਿਗੁਰੂ ਦੇਣ ਲੱਗਿਆਂ ਗਿਣਤੀ ਨਹੀਂ ਕਰਦਾ, ਬਸ ਨਿਸ਼ਚਾ ਚਾਹੀਦਾ। ਔਹ ਵੇਖ ਲਓ, ਕਸਰ ਤਾਂ ਪ੍ਰੀਤ ਨੇ ਵੀ ਕੋਈ ਨਹੀਂ ਸੀ ਛੱਡੀ, ਪਰ ਆਹ ਪਿੰਕੀ ਉਸ ਨੂੰ ਪਿੱਛੇ ਛੱਡੀ ਜਾਂਦੀ ਆ?'' ਤੇ ਫੌਜੀ ਦੇ ਹੱਥ ਰੱਬ ਦੇ ਸ਼ੁਕਰਾਨੇ 'ਚ ਜੁੜ ਜਾਂਦੇ ਤੇ ਮੂੰਹੋਂ ਇਹੀ ਬੋਲ ਹੁੰਦਾ,

''ਤੂੰ ਤੇ ਕਾਹਲ ਹੀ ਕਰ ਗਈ, ਜੇ ਐਹ ਕੁਝ ਵੇਖਣ ਦੀ ਉਡੀਕ ਕਰ ਲੈਂਦੀ ਤਾਂ ਆਪਾਂ ਇੱਥੋਂ ਇਕੱਠੇ ਜਾਂਦੇ ਤੇ ਹੱਥ ਜੋੜ ਕੇ ਧਰਮਰਾਜ ਮੂਹਰੇ ਖੜ੍ਹ ਕੇ ਉਸ ਦਾ ਸ਼ੁਕਰਾਨਾ ਕਰਦੇ।'' ਤੇ ਉਹ ਐਨਕਾਂ ਲਾਹ ਕੇ ਪਾਸੇ ਰੱਖਦਾ ਤੇ ਰੁਮਾਲ ਫੜ ਕੇ ਅੱਖਾਂ ਪੂੰਝਣ ਲੱਗ ਪੈਂਦਾ। ਥੋੜ੍ਹਾ ਸੰਭਲਦਾ ਤਾਂ ਹੋਰ ਇੱਛਾ ਆਣ ਖੜ੍ਹਦੀ। ਅਜੇ ਤੇ ਜੱਸੇ ਨੂੰ ਵੀ ਘੋੜੀ ਚੜ੍ਹਦਿਆਂ ਵੇਖਣਾ। ਬਸ ਉਸ ਦੀ ਪੜ੍ਹਾਈ ਪੂਰੀ ਹੋਜੇ, ਫਿਰ ਮੰਗੇ ਤੇ ਪ੍ਰੀਤ ਨੂੰ ਕਹੂੰ ਉਸ ਲਈ ਆਏ ਪਹਿਲੇ ਰਿਸ਼ਤੇ ਵਾਲਿਆਂ ਨੂੰ ਹਾਂ ਕਰ ਦੇਣ।

''ਜਿਹੜਾ ਵੀ ਕੋਈ ਰਿਸ਼ਤਾ ਲੈ ਕੇ ਆਊ, ਮੁੰਡੇ ਦੀ ਪੜ੍ਹਾਈ ਵੱਲ ਵੇਖ ਕੇ ਈ ਆਊ ?'' ਤੇ ਨਾਲੋ ਨਾਲ ਉਹ ਆਪਣੇ ਮਨ ਨੂੰ ਚੰਗੇ ਰਿਸ਼ਤੇ ਦੀ ਧਰਵਾਸ ਬੰਨ੍ਹਾ ਲੈਂਦਾ।

# ਮੱਕੀ ਤੋਂ ਈਥਾਨੌਲ ਬਣਾ ਕੇ ਊਰਜਾ ਕ੍ਰਾਂਤੀ ਲਿਆ ਸਕਦਾ ਹੈ ਪੰਜਾਬ

ਲਿਖਤ : ਡਾ. ਸੁਰਿੰਦਰ ਸੰਧੂ
ਸੰਪਰਕ: 81462-38432




ਭਾਰਤ ਸਰਕਾਰ ਨੇ ਈਥਾਨੌਲ ਮਿਸ਼ਰਤ ਪੈਟਰੋਲ ਤੇ ਇੱਕ ਅਭਿਲਾਸ਼ੀ ਪ੍ਰੋਗਰਾਮ ਸ਼ੁਰੂ ਕੀਤਾ ਹੈ ਜਿਸ ਦਾ ਮੁੱਖ ਉਦੇਸ਼ ਜੈਵਿਕ ਫਿਊਲ ਦੇ ਆਯਾਤ ਅਤੇ ਭਾਰੀ ਵਿਦੇਸ਼ੀ ਮੁਦਰਾ ਨੂੰ ਬਚਾਉਣਾ ਹੈ। ਇਸ ਦੇ ਨਾਲ ਇਸ ਦਾ ਹਵਾ ਪ੍ਰਦੂਸ਼ਣ ਨੂੰ ਘਟਾਉਣ ਵਿੱਚ ਵੀ ਵਿਸ਼ੇਸ਼ ਯੋਗਦਾਨ ਹੈ। ਇਨ੍ਹਾਂ ਯਤਨਾਂ ਦੇ ਸਾਕਾਰਾਤਮਕ ਨਤੀਜੇ ਨਿਕਲੇ ਅਤੇ ਭਾਰਤ ਸਰਕਾਰ ਨੇ 20 ਫ਼ੀਸਦੀ ਈਥਾਨੌਲ ਮਿਸ਼ਰਤ ਪੈਟਰੋਲ (ਈ 20) ਵਾਲਾ ਟੀਚਾ, ਜੋ ਕਿ 2030 ਵਿੱਚ ਮਿਥਿਆ ਸੀ, ਉਸ ਨੂੰ 2025-2026 ਵਿੱਚ ਪੂਰਾ ਕਰਨ ਦਾ ਨਿਸ਼ਚਾ ਕੀਤਾ ਹੈਙ 30 ਫ਼ੀਸਦੀ ਈਥਾਨੌਲ ਮਿਸ਼ਰਤ ਪੈਟਰੋਲ ਈ 30 ਦਾ ਟੀਚਾ 2029-2030 ਤੱਕ ਮਿਥਿਆ ਗਿਆ ਹੈਙ ਨੀਤੀ ਆਯੋਗ ਦੇ ਅਨੁਸਾਰ ਈ 20 ਪੈਟਰੋਲ ਦੇ ਲਈ ਲਗਪਗ 1016 ਕਰੋੜ ਲਿਟਰ ਈਥਾਨੌਲ ਦੀ ਜ਼ਰੂਰਤ ਹੋਵੇਗੀ ਅਤੇ ਹੁਣ ਡਿਸਟਿਲਰੀਆਂ ਦੀ 80 ਫ਼ੀਸਦੀ ਕਾਰਜਤਾ ਅਨੁਸਾਰ, ਡਿਸਟਿਲੇਸ਼ਨ ਦੀ ਸਮਰੱਥਾ 1700 ਕਰੋੜ ਲਿਟਰ ਦੀ ਹੈਙ ਇਸ ਲਈ ਈਥਾਨੌਲ ਦੀ ਇਹ ਜ਼ਰੂਰਤ 50 ਫ਼ੀਸਦੀ ਗੰਨੇ ਤੋਂ ਅਤੇ 50 ਫ਼ੀਸਦੀ ਅਨਾਜਾਂ ਤੋਂ ਪ੍ਰਾਪਤ ਕੀਤੀ ਜਾਵੇਗੀ।

ਬਾਇਓਈਥਾਨੌਲ ਦੇ ਉਤਪਾਦਨ ਲਈ ਮੱਕੀ ਸਭ ਤੋਂ ਢੁਕਵੀਂ ਫ਼ਸਲ ਹੈ ਕਿਉਂਕਿ ਇਹ ਸਾਰਾ ਸਾਲ ਉਗਾਈ ਜਾ ਸਕਦੀ ਹੈ ਅਤੇ ਇਸ ਦੀ ਉਤਪਾਦਕ ਸਮਰੱਥਾ ਵੀ ਜ਼ਿਆਦਾ ਹੈ। ਝੋਨੇ ਦੇ ਮੁਕਾਬਲੇ ਇਸ ਫ਼ਸਲ ਨੂੰ ਘੱਟ ਪਾਣੀ ਦੀ ਲੋੜ ਹੁੰਦੀ ਹੈ ਅਤੇ ਇਸ ਦੀ ਰਹਿੰਦ-ਖੂੰਹਦ ਦੀ ਵੀ ਕੋਈ ਸਮੱਸਿਆ ਨਹੀਂ ਹੈ। ਇਸ ਤੋਂ ਇਲਾਵਾ ਮੱਕੀ ਦੀ ਵਰਤੋਂ ਕਰ ਕੇ ਈਥਾਨੌਲ ਉਤਪਾਦਨ ਨਾਲ ਇਸ ਦੀ ਖ਼ੁਰਾਕ ਸੁਰੱਖਿਆ 'ਤੇ ਕੋਈ ਪ੍ਰਭਾਵ ਨਹੀਂ ਹੋਵੇਗਾ।

ਵਿੱਤੀ ਸਾਲ 2024-2025 ਵਿੱਚ 250 ਕਰੋੜ ਲਿਟਰ ਈਥਾਨੌਲ ਬਣਾਉਣ ਲਈ ਮੱਕੀ ਦੇ 66 ਲੱਖ ਟਨ ਦਾਣਿਆਂ ਦੀ ਲੋੜ ਪਵੇਗੀ (100 ਕਿਲੋ ਗ੍ਰਾਮ ਮੱਕੀ ਦੇ ਦਾਣਿਆਂ ਤੋਂ 35-42 ਲਿਟਰ ਬਾਇਓਈਥਾਨੌਲ ਦਾ ਉਤਪਾਦਨ ਕੀਤਾ ਜਾ ਸਕਦਾ ਹੈ)। ਦੇਸ਼ ਦੇ ਵਰਤਮਾਨ ਸਮੇਂ ਵਿੱਚ ਮੱਕੀ ਹੇਠ 102 ਲੱਖ ਹੈਕਟੇਅਰ ਰਕਬਾ ਹੈ ਜਿਸ ਤੋਂ 356 ਲੱਖ ਟਨ ਉਤਪਾਦਨ ਹੁੰਦਾ ਹੈ ਅਤੇ ਪ੍ਰਤੀ ਹੈਕਟੇਅਰ 3.49 ਟਨ ਉਤਪਾਦਕਤਾ ਹੈ।

ਪੰਜਾਬ ਵਿੱਚ ਮੱਕੀ ਇੱਕ ਰਵਾਇਤੀ ਫ਼ਸਲ ਹੈ ਅਤੇ ਝੋਨੇ ਦੀ ਥਾਂ 'ਤੇ ਮੱਕੀ ਬੀਜ ਕੇ ਫ਼ਸਲੀ ਵਿਭਿੰਨਤਾ ਲਿਆਈ ਜਾ ਸਕਦੀ ਹੈ। ਹਰੀ ਕ੍ਰਾਂਤੀ ਤੋਂ ਪਹਿਲਾਂ ਮੱਕੀ ਅਤੇ ਕਪਾਹ ਸਾਉਣੀ ਦੀਆਂ ਮੁੱਖ ਫ਼ਸਲਾਂ ਸਨ। 1960-61 ਦੌਰਾਨ ਮੱਕੀ ਅਤੇ ਕਪਾਹ ਕ੍ਰਮਵਾਰ 3.72 ਅਤੇ 4.46 ਲੱਖ ਹੈਕਟੇਅਰ ਉਗਾਈ ਜਾਂਦੀ ਸੀ। 1975-76 ਦੌਰਾਨ ਮੱਕੀ ਹੇਠ ਰਿਕਾਰਡ ਰਕਬਾ 5.77 ਲੱਖ ਹੈਕਟੇਅਰ ਸੀ ਪਰ ਵਰਤਮਾਨ ਵਿੱਚ ਮੱਕੀ ਹੇਠ ਰਕਬਾ 93.3 ਹਜ਼ਾਰ ਹੈਕਟੇਅਰ ਹੈ ਅਤੇ ਔਸਤਨ ਪੈਦਾਵਾਰ 17.78 ਕੁਇੰਟਲ/ਏਕੜ ਹੈ। ਹਰੀ ਕ੍ਰਾਂਤੀ ਤੋਂ ਬਾਅਦ ਝੋਨਾ-ਕਣਕ ਫ਼ਸਲੀ ਚੱਕਰ ਹੇਠ ਰਕਬਾ ਲਗਾਤਾਰ ਵਧਦਾ ਗਿਆ ਹੈ। ਝੋਨੇ ਦੀ ਲਗਾਤਾਰ ਕਾਸ਼ਤ ਕਾਰਨ ਕਰ ਕੇ ਧਰਤੀ ਹੇਠਲਾ ਪਾਣੀ ਘਟਦਾ ਜਾ ਰਿਹਾ ਹੈ ਅਤੇ ਝੋਨੇ ਦੀ ਪਰਾਲੀ ਸਾੜਨ ਕਰ ਕੇ ਵਾਤਾਵਰਨ, ਮਨੁੱਖੀ ਸਿਹਤ ਅਤੇ ਮਿੱਟੀ ਤੇ ਬਹੁਤ ਹੀ ਮਾੜਾ ਅਸਰ ਪਿਆ ਹੈ। ਇਨ੍ਹਾਂ ਹਾਲਾਤ ਵਿੱਚ ਫ਼ਸਲੀ ਵੰਨ ਸਵੰਨਤਾ ਵਧੀਆ ਉਪਰਾਲਾ ਹੈਙ ਝੋਨੇ ਹੇਠੋਂ ਕੁਝ ਰਕਬਾ ਮੱਕੀ ਥੱਲੇ ਲਿਆਉਣਾ ਇਕ ਵਧੀਆ ਵਿਕਲਪ ਹੈ। ਇਸ ਦੀ ਵਧਦੀ ਮੰਗ, ਪੰਜਾਬ ਵਿੱਚ ਸਥਿਤ ਅਨਾਜ ਤੋਂ ਈਥਾਨੌਲ ਬਣਾਉਣ ਵਾਲੀਆਂ ਡਿਸਟਿਲਰੀਆਂ ਅਤੇ ਸਭ ਤੋਂ ਵੱਡੀ ਗੱਲ ਕੇਂਦਰ ਸਰਕਾਰ ਵੱਲੋਂ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) 'ਤੇ ਮੱਕੀ ਦੀ ਖ਼ਰੀਦ ਕਰਨ ਦੇ ਫ਼ੈਸਲੇ ਨੇ ਮੱਕੀ ਦੇ ਕਾਸ਼ਤਕਾਰਾਂ ਨੂੰ ਉਤਸ਼ਾਹਿਤ ਕੀਤਾ ਹੈ ਅਤੇ ਇਸ ਦੀ ਝੋਨੇ ਦੀ ਥਾਂ ਲੈਣ ਦੀ ਉਮੀਦਵਾਰੀ ਨੂੰ ਹੋਰ ਮਜ਼ਬੂਤ ਕੀਤੀ ਹੈ। ਘੱਟੋ-ਘੱਟ ਸਮਰਥਨ ਮੁੱਲ (2225 ਰੁਪਏ ਪ੍ਰਤੀ ਕੁਇੰਟਲ) 'ਤੇ ਖ਼ਰੀਦ ਕਿਸਾਨਾਂ ਦੇ ਮੁਨਾਫ਼ੇ ਨੂੰ ਵਧਾਵੇਗੀ ਅਤੇ ਉਪਜਾਊ ਜ਼ਮੀਨਾਂ ਵਿੱਚ ਬਿਹਤਰ ਪ੍ਰਬੰਧਨ ਅਧੀਨ ਮੱਕੀ ਦੀ ਕਾਸ਼ਤ ਦੇ ਵਿਸਤਾਰ ਨੂੰ ਉਤਸ਼ਾਹਿਤ ਕਰੇਗੀ। ਇਸ ਤਰ੍ਹਾਂ ਉੱਚ ਉਪਜ ਦੇਣ ਵਾਲੇ ਹਾਈਬ੍ਰਿਡਾਂ ਨੂੰ ਆਪਣੀ ਸੰਭਾਵੀ ਉਤਪਾਦਕਤਾ ਦਾ ਪ੍ਰਗਟਾਵਾ ਕਰਨ ਦੇ ਯੋਗ ਵੀ ਬਣਾਵੇਗੀ।

ਪੰਜਾਬ ਵਿੱਚ ਇਸ ਸਮੇਂ ਈਥਾਨੌਲ ਉਤਪਾਦਨ ਸਮਰੱਥਾ ਲਗਪਗ 2260 ਕਿਲੋ ਲਿਟਰ/ਦਿਨ ਹੈ ਜੋ ਵਧ ਕੇ 3860 ਕਿਲੋ ਲਿਟਰ/ਦਿਨ ਤੱਕ ਪਹੁੰਚਣ ਦੀ ਸੰਭਾਵਨਾ ਹੈ। ਇਸ ਸਮਰੱਥਾ ਨਾਲ, ਪੋਲਟਰੀ, ਡੇਅਰੀ ਅਤੇ ਸਟਾਰਚ ਦੀ ਜ਼ਰੂਰਤ ਨੂੰ ਪਾਸੇ ਰੱਖਦੇ ਹੋਏ, ਇਕੱਲੇ ਡਿਸਟਿਲਰੀਆਂ ਨੂੰ ਲਗਪਗ 37 ਲੱਖ ਟਨ ਮੱਕੀ ਦੀ ਲੋੜ ਹੋਵੇਗੀ।

ਵਰਤਮਾਨ ਵਿੱਚ ਸਾਰੇ ਮੁੱਖ ਨਿਰਧਾਰਨ ਕਾਰਕ ਜਿਵੇਂ ਕਿ ਜਿਣਸ ਦੀ ਮੰਗ, ਖ਼ਰੀਦ ਲਈ ਨੀਤੀ ਸਹਾਇਤਾ ਅਤੇ ਇਸ ਦੀ ਪ੍ਰਾਸੈਸਿੰਗ ਸਮਰੱਥਾ ਆਦਿ ਸਾਰੇ ਮੱਕੀ ਦੇ ਹੱਕ ਵਿੱਚ ਹਨ ਅਤੇ ਸਾਨੂੰ ਫ਼ਸਲੀ ਵੰਨ ਸਵੰਨਤਾ ਲਈ ਇਸ ਸੁਨਹਿਰੀ ਮੌਕੇ ਦੀ ਵਰਤੋਂ ਕਰਨੀ ਚਾਹੀਦੀ ਹੈ। ਇਸ ਮੁਹਿੰਮ ਲਈ ਸਰਕਾਰੀ ਸੰਸਥਾਵਾਂ, ਉਦਯੋਗਾਂ, ਖੋਜ ਸੰਸਥਾਵਾਂ ਅਤੇ ਕਿਸਾਨਾਂ ਦੇ ਸਹਿਯੋਗੀ ਯਤਨਾਂ ਦੀ ਲੋੜ ਹੈ। ਜੇ ਪੰਜਾਬ ਡਿਸਟਿਲਰੀਆਂ ਲਈ ਲੋੜੀਂਦੀ ਮਾਤਰਾ ਅਤੇ ਗੁਣਵੱਤਾ ਭਰਪੂਰ ਮੱਕੀ ਪੈਦਾ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਡਿਸਟਿਲਰੀਆਂ ਨੂੰ ਜਾਂ ਤਾਂ ਹੋਰ ਥਾਵਾਂ 'ਤੇ ਸ਼ਿਫਟ ਕਰਨ ਲਈ ਜਾਂ ਦੂਜੇ ਰਾਜਾਂ ਤੋਂ ਮੱਕੀ ਦੀ ਖ਼ਰੀਦ ਕਰਨ ਲਈ ਮਜਬੂਰ ਹੋਣਾ ਪੈਣਾ ਹੈ। ਪਿਛਲੇ ਪੰਜ ਸਾਲਾਂ ਵਿੱਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਨੇ ਮੱਕੀ ਦੇ ਛੇ ਹਾਈਬ੍ਰਿਡਾਂ ਦੀ ਸਿਫ਼ਾਰਸ਼ ਕੀਤੀ ਹੈ ਜਿਵੇਂ ਕਿ ਪੀਐੱਮਐੱਚ 14, ਪੀਐੱਮਐੱਚ 13, ਪੀਐੱਮਐੱਚ 11, ਅਤੇ ਨਿੱਜੀ ਖੇਤਰ ਦੇ ਹਾਈਬ੍ਰਿਡ ਈਡੀਵੀ 9293, ਡੀਕੇਸੀ 9144 ਅਤੇ ਬਾਇਓਸੀਡ 9788 ਜਿਨ੍ਹਾਂ ਦਾ ਔਸਤ ਝਾੜ 24-25 ਕੁਇੰਟਲ/ਏਕੜ (ਲਗਪਗ 6 ਟਨ/ ਹੈਕਟੇਅਰ ਹੈ)। ਇਸ ਉਪਜ ਦੀ ਸੰਭਾਵਨਾ ਨੂੰ ਮੁੱਖ ਰੱਖਦੇ ਹੋਏ ਪੰਜਾਬ ਨੂੰ ਤਕਰੀਬਨ 37 ਲੱਖ ਟਨ ਮੱਕੀ ਦੀ ਮੰਗ ਨੂੰ ਪੂਰਾ ਕਰਨ ਲਈ ਲਗਪਗ ਛੇ ਲੱਖ ਹੈਕਟੇਅਰ ਖੇਤਰ ਵਿੱਚ ਮੱਕੀ ਦੇ ਕਾਸ਼ਤ ਦੀ ਲੋੜ ਹੈ। ਇਹ ਇੱਕ ਵੱਡਾ ਟੀਚਾ ਹੈ ਅਤੇ ਇਸ ਕੰਮ ਲਈ ਸਾਰੇ ਹਿੱਸੇਦਾਰਾਂ ਦੇ ਮਜ਼ਬੂਤ ਸਹਿਯੋਗੀ ਯਤਨਾਂ ਦੀ ਲੋੜ ਹੈ। ਇਸ ਤੋਂ ਇਲਾਵਾ ਚਾਹੇ ਇਨ੍ਹਾਂ ਹਾਈਬ੍ਰਿਡਾਂ ਦੀ ਉਤਪਾਦਕਤਾ ਸਮਰੱਥਾ 6-7 ਟਨ/ਹੈਕਟੇਅਰ ਹੈ, ਪਰ ਰਾਜ ਦੀ ਉਤਪਾਦਕਤਾ 4.39 ਟਨ/ ਹੈਕਟੇਅਰ (2022-23) ਹੈ। ਇਸ ਤਰ੍ਹਾਂ ਸੰਭਾਵੀ ਝਾੜ ਅਤੇ ਕਿਸਾਨਾਂ ਵੱਲੋਂ ਪ੍ਰਾਪਤ ਕੀਤੀ ਉਪਜ ਵਿਚਕਾਰ ਲਗਪਗ 2 ਟਨ/ਹੈਕਟੇਅਰ ਦਾ ਵੱਡਾ ਫ਼ਰਕ ਹੈ। ਇਸ ਫ਼ਰਕ ਨੂੰ ਖ਼ਤਮ ਕਰਨ ਲਈ ਕੁਝ ਸੁਧਰੀਆਂ ਕਾਸ਼ਤ ਤਕਨੀਕਾਂ ਨੂੰ ਅਪਣਾਉਣ ਦੀ ਲੋੜ ਹੈ। ਪੌਦਿਆਂ ਦੀ ਗਿਣਤੀ, ਜੋ ਆਮ ਤੌਰ 'ਤੇ ਸਾਉਣੀ ਦੇ ਮੌਸਮ ਰੁੱਤ ਵਿੱਚ 20,000-22,000 ਪ੍ਰਤੀ ਏਕੜ ਰਹਿੰਦੀ ਹੈ, ਜਿਸ ਨੂੰ ਨਿਊਮੈਟਿਕ ਪਲਾਂਟਰ ਅਤੇ ਸਹੀ ਕੀਟਨਾਸ਼ਕਾਂ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਕਰ ਕੇ ਬਿਜਾਈ ਦੁਆਰਾ 33,000 ਪੌਦੇ ਪ੍ਰਤੀ ਏਕੜ ਕਰਨ ਦੀ ਲੋੜ ਹੈ। ਇਸ ਤਰ੍ਹਾਂ ਕਰਨ ਨਾਲ ਹੀ ਉਤਪਾਦਕਤਾ ਨੂੰ ਸਮੱਰਥਾ ਪ੍ਰਾਪਤ ਹੋ ਸਕੇਗੀ।

ਉਦਯੋਗ ਨੂੰ ਸੁੱਕੀ ਮੱਕੀ ਦੀ ਲੋੜ ਹੈ। ਪੰਜਾਬ ਵਿੱਚ ਜ਼ਿਆਦਾਤਰ ਮੱਕੀ ਦੀ ਕਟਾਈ 20-25 ਫ਼ੀਸਦੀ ਨਮੀ 'ਤੇ ਕੀਤੀ ਜਾਂਦੀ ਹੈ ਅਤੇ ਉਪਜ ਨੂੰ ਸਿੱਧਾ ਮੰਡੀਆਂ ਵਿੱਚ ਲਿਜਾਇਆ ਜਾਂਦਾ ਹੈ। ਇਸ ਨਾਲ ਨਾ ਸਿਰਫ਼ ਵਾਢੀ ਤੋਂ ਬਾਅਦ ਭਾਰੀ ਨੁਕਸਾਨ ਹੁੰਦਾ ਹੈ (20-30 ਫ਼ੀਸਦੀ ਤੱਕ) ਸਗੋਂ ਦਾਣੇ ਉਲੀ ਨਾਲ ਵੀ ਸੰਕਰਮਿਤ ਹੋ ਜਾਂਦੇ ਹਨ ਅਤੇ ਅਫਲਾਟੋਕਸਿਨ ਪੈਦਾ ਹੁੰਦਾ ਹੈ। ਨਮੀ ਦੇ ਪੱਧਰ ਨੂੰ 14 ਫ਼ੀਸਦੀ ਤੱਕ ਲਿਆਉਣ ਲਈ ਮੱਕੀ ਨੂੰ ਸੁਕਾਉਣਾ ਲਾਜ਼ਮੀ ਹੈ ਤਾਂ ਜੋ ਦਾਣਿਆਂ ਨੂੰ ਅਫਲਾਟੌਕਸਿਨ ਦੀ ਲਾਗ ਤੋਂ ਬਚਾਇਆ ਜਾ ਸਕੇ। ਵੱਡੀ ਸਮਰੱਥਾ ਵਾਲੇ ਮੱਕੀ ਡਰਾਇਰ (24-64 ਟਨ ਪ੍ਰਤੀ ਬੈਚ) ਪੰਜਾਬ ਦੀਆਂ ਕੁਝ ਮੰਡੀਆਂ ਵਿੱਚ ਉਪਲਬਧ ਹਨ, ਜਿਵੇਂ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਸੈਲਾ ਖੁਰਦ ਅਤੇ ਫੁਗਲਾਣਾ, ਐੱਸਬੀਐੱਸ ਨਗਰ ਜ਼ਿਲ੍ਹੇ ਵਿੱਚ ਨਵਾਂਸ਼ਹਿਰ, ਨਕੋਦਰ ਅਤੇ ਭੋਗਪੁਰ ਜ਼ਿਲ੍ਹਾ ਜਲੰਧਰ, ਲੁਧਿਆਣਾ ਜ਼ਿਲ੍ਹੇ ਦੇ ਮਾਛੀਵਾੜਾ ਅਤੇ ਕਪੂਰਥਲਾ ਵਿੱਚ। ਮੱਕੀ ਦੇ ਦਾਣਿਆਂ ਦੀ ਲੋੜੀਂਦੀ ਮਾਤਰਾ ਉਪਲਬਧ ਨਾ ਹੋਣ ਕਾਰਨ ਇਨ੍ਹਾਂ ਦੀ ਵਰਤੋਂ ਘੱਟ ਹੁੰਦੀ ਹੈ। ਮੱਕੀ ਦੇ ਦਾਣਿਆਂ ਨੂੰ ਸਹੀ ਢੰਗ ਨਾਲ ਸੁਕਾਉਣ ਅਤੇ ਸਟੋਰ ਕਰਨ ਲਈ ਮੱਧਮ ਸਮਰੱਥਾ ਵਾਲੇ ਸਟੋਰੇਜ ਹਾਊਸ ਦੇ ਨਾਲ ਛੋਟੇ/ਮੱਧਮ ਸਮਰੱਥਾ ਵਾਲੇ ਡਰਾਇਰਾਂ ਦੀ ਤੁਰੰਤ ਲੋੜ ਹੈ। ਡਿਸਟਿਲਰੀਆਂ ਦੇ ਆਸ-ਪਾਸ ਦੇ ਖੇਤਰਾਂ ਵਿੱਚ ਮੱਕੀ ਦੀ ਕਾਸ਼ਤ ਨੂੰ ਟਰਾਂਸਪੋਰਟ ਲਾਗਤ ਨੂੰ ਘਟਾਏਗੀ ਅਤੇ ਉਦਯੋਗ ਨੂੰ ਕੱਚੇ ਮਾਲ ਦੀ ਸਮੇਂ ਸਿਰ ਉਪਲਬਧਤਾ ਨੂੰ ਯਕੀਨੀ ਬਣਾਏਗੀ। ਹਾਲਾਂਕਿ ਪੀਏਯੂ ਮੱਕੀ ਵਿਚ ਨਵੀਆਂ ਖੋਜਾਂ ਲਈ ਸਮਰਪਿਤ ਕੋਸ਼ਿਸ਼ਾਂ ਕਰ ਰਿਹਾ ਹੈ ਅਤੇ ਭਾਰਤ ਵਿੱਚ ਪੀਏਯੂ ਨੇ 1995 ਵਿੱਚ ਪਹਿਲੀ ਸਿੰਗਲ ਕਰਾਸ ਹਾਈਬ੍ਰਿਡ ਪਾਰਸ ਸਣੇ ਬਹੁਤ ਸਾਰੀਆਂ ਸੁਧਾਰੀ ਤਕਨੀਕਾਂ ਵਿਕਸਿਤ ਕੀਤੀਆਂ ਹਨ। ਯੂਨੀਵਰਸਿਟੀ ਪਹਿਲਾਂ ਹੀ ਲੰਬੇ ਸਮੇਂ ਵਿਚ ਪੱਕਣ ਵਾਲੇ ਹਾਈਬ੍ਰਿਡ (100-105 ਦਿਨਾਂ ਦੀ ਪਰਿਪੱਕਤਾ ਮਿਆਦ ਜੋ ਮੱਕੀ-ਕਣਕ ਦੀ ਫ਼ਸਲ ਪ੍ਰਣਾਲੀ ਵਿੱਚ ਚੰਗੀ ਤਰ੍ਹਾਂ ਢੁੱਕਵੀਂ ਹੁੰਦੀ ਹੈ) ਦੇ ਵਿਕਾਸ 'ਤੇ ਕੰਮ ਕਰ ਰਹੀ ਹੈ, ਜਿਨ੍ਹਾਂ ਵਿੱਚ ਦਾਣਿਆਂ ਦੇ ਤੇਜ਼ੀ ਨਾਲ ਸੁੱਕਣ, ਬਿਮਾਰੀ ਪ੍ਰਤੀਰੋਧ, ਉੱਚ ਸਟਾਰਚ ਮਾਤਰਾ, ਉੱਚ ਪੱਧਰੀ ਇਥਾਨੋਲ ਰਿਕਵਰੀ ਅਤੇ ਸਾਉਣੀ ਮੌਸਮ ਰੁੱਤ ਲਈ ਖ਼ਾਸ ਅਨੁਕੂਲਤਾ ਦੇ ਨਾਲ ਸਥਿਰ ਉਤਪਾਦਕਤਾ ਕਰਨ ਦੀ ਸਮਰੱਥਾ ਹੋਵੇ। ਹਾਈਬ੍ਰਿਡਾਂ ਦੀ ਸੰਭਾਵੀ ਉਤਪਾਦਕਤਾ ਨੂੰ ਹਾਸਲ ਕਰਨ ਲਈ ਇਨ੍ਹਾਂ ਖੋਜ ਯਤਨਾਂ ਨੂੰ ਮਜ਼ਬੂਤ ਕਰਨ ਦੀ ਲੋੜ ਹੈ।

ਪੰਜਾਬ ਨੇ ਹਰੀ ਕ੍ਰਾਂਤੀ ਵਿੱਚ ਆਪਣਾ ਵਡਮੁੱਲਾ ਹਿੱਸਾ ਪਾਇਆ ਹੈ। ਆਉ ਹੁਣ ਇਸ ਊਰਜਾ ਕ੍ਰਾਂਤੀ ਵਿੱਚ ਆਪਣਾ ਯੋਗਦਾਨ ਪਾਇਆ ਤੇ ਸਾਉਣੀ ਰੁੱਤ ਦੀ ਮੱਕੀ ਨੂੰ ਫਿਰ ਤੋਂ ਇਕ ਚੰਗੇ ਪੱਧਰ 'ਤੇ ਲਾ ਕੇ ਆਪਣੇ ਗੁਰੂਆਂ ਦੀ ਇਸ ਪਵਿੱਤਰ ਧਰਤੀ ਨੂੰ ਖ਼ੁਸ਼ਹਾਲ ਬਣਾਈਏ।

Passport Photos
Family Partrait
Graduation
Fashion | Glamour
Photo Restoration
Photography
for all occasions
ਪਾਸਪੋਰਟ ਫੋਟੋ 2 ਫੋਟੋ $5 ਦੀਆਂ
ROYAL PHOTO STUDIO
ਵਿਆਹ ਜਾਂ ਕਿਸੇ ਵੀ ਫੰਕਸ਼ਨ ਤੇ ਵੀਡੀਓ ਦੀ ਸੇਵਾ
HD Blu-Ray, Cinematography
#171-8138 128 Street, Surrey (Payal Business Centre)
8140-120 Street, Surrey ( ਇੰਡੀਆ ਕੌਂਸਲੇਟ ਦੇ ਥੱਲੇ)
Mandeep S. Dhillon 604-594-2131, 778-840-4600

ਕੀ ਤੁਸੀਂ ਕਰਜ਼ੇ ਤੋਂ ਪ੍ਰੇਸ਼ਾਨ ਹੋ ? ARE YOU IN DEBT?
ਤੁਸੀਂ ਕਰਜ਼ੇ ਤੇ ਟੈਕਸ ਤੋਂ ਬੱਚ ਸਕਦੇ ਹੋ।ਅਸੀਂ ਵੱਧ ਤੋਂ ਵੱਧ ਕਰਜ਼ਾ ਮੁਆਫ਼ ਕਰਵਾ ਸਕਦੇ ਹਾਂ।
ਕਿਸੇ ਤਰ੍ਹਾਂ ਦੀ ਵੀ ਫਾਈਨੈਂਸ਼ਲ ਪ੍ਰੋਬਲਮ ਹੋਵੇ
Any type Unsecured Debt WE CAN REDUCE YOU DEBT BY 70%
ਸਾਡੇ ਰੇਟ ਕਾਫੀ ਵਾਜ਼ਿਬ ਹਨ।
- ਕ੍ਰੈਡਿਟ ਕਾਰਡ - ਲਾਈਨ ਆਫ਼ ਕ੍ਰੈਡਿਟ
- ਜੀ.ਐਸ.ਟੀ. - ਕੋਲੈਕਸ਼ਨ ਕਾਲਜ
- ਟੈਕਸ ਸਬੰਧੀ ਕੋਈ ਵੀ ਪ੍ਰੋਬਲਮ
- ਅਸੀਂ ਬੈਂਕਰਪਸੀ ਵਿੱਚ ਵੀ ਮਦਦ ਕਰਦੇ ਹਾਂ।
Kulwinder Bains
Certified Credit Counseller
778-998-9402
Any type of Financial Problems?
- Personal or Business Loan
- Canada Revenue Debt
- Credit Cards - Line of Credits
- Student Loan
- We help you in Bankruptcy and Proposals
DDS: Diverse Debt Solutions Ltd.
unit # 205-12899-76 Ave. Surrey

# ਕੈਨੇਡਾ ਵਿੱਚ ਮੂਲਵਾਸੀਆਂ ਨਾਲ ਵਾਪਰੇ ਦੁਖਾਂਤ ਨੂੰ ਯਾਦ ਕਰਦਿਆਂ...

ਲਿਖਤ : ਰਾਜਿੰਦਰ ਕੌਰ ਚੋਹਕਾ



''ਇਹ ਨਸਲਕੁਸ਼ੀ ਹੈ ! ਅਤੇ ਸਾਰੇ ਹੀ ਕੈਨੇਡੀਅਨਾਂ ਨੂੰ ਹਿੰਸਾਂ ਖਤਮ ਕਰਨ ਲਈ, ਆਪਣੀ-ਆਪਣੀ ਉਸਾਰੂ ਭੂਮਿਕਾ ਨਿਭਾਉਣੀ ਚਾਹੀਦੀ ਹੈ'' ਇਹ ਸ਼ਬਦ ਕੈਨੇਡਾ ਦੇ ਮੂਲਵਾਸੀਆਂ ਦੀਆਂ ''ਇਸਤਰੀਆਂ ਅਤੇ ਲੜਕੀਆਂ ਦੇ ਕਾਤਲਾਂ ਗੁਮਸ਼ੁਦਗੀ ਸੰਬੰਧੀ ਪੇਸ਼ ਕੀਤੀ ਗਈ'' ''ਕੌਮੀ ਕਮਿਸ਼ਨ ਦੀ ਇਨਕੁਆਰੀ ਰਿਪੋਰਟ'' ਸਬੰਧੀ, 'ਕਮਿਸ਼ਨ ਦੀ ਪ੍ਰਧਾਨ, ਸਾਬਕਾ ਬੀ.ਸੀ. ਦੀ ਜੱਜ 'ਮੇਰੀਅਨ-ਬੂਲਰ, ਨੇ ਕਹੇ ? ਉਸਨੇ ਇਹ ਵੀ ਕਿਹਾ, 'ਕਿ ''ਇਹ ਨਸਲਕੁਸ਼ੀ, 'ਪ੍ਰਣਾਲੀ- ਗੱਤ, ਨਸਲੀ ਅਤੇ ਲਿੰਗਕ ਅਨੁਪਾਤ ਤੇ ਸਥਾਈ ਹਮਲੇ ਅਤੇ ਮਨੁੱਖੀ ਹੱਕਾਂ ਦੀ ਉਲੰਘਣਾ ਵੀ ਹੈ ? '' ਇਨ੍ਹਾਂ ਦੁਰਵਿਵਹਾਰਾਂ ਦੇ ਚੱਲਦੇ ਹੋਏ ਨਤੀਜੇ ਵਜੋਂ, ਅੱਜ ! ਜੋ ਕੈਨੇਡਾ ਅੰਦਰ ਇਤਿਹਾਸ ਰੱਚਿਆ ਗਿਆ ਹੈ, 'ਉਸ ਦਾ ਸਿੱਟਾ ਮੂਲਵਾਸੀਆਂ ਨੂੰ ਉਹਨਾਂ ਦੀਆਂ ਜਮੀਨਾਂ, ਸਮਾਜਕ ਸਰੋਕਾਰ ਅਤੇ ਸਭਿਆਚਾਰ ਤੋਂ ਮਰਹੂਮ ਕਰਨਾ ਹੈ ? ਮੂਲਵਾਸੀ ਆਪਣੀ ਪ੍ਰਭੂਸੱਤਾ ਚਾਹੁੰਦੇ ਹਨ ?

''ਪਾਰਲੀਮੈਂਟ-ਹਿੱਲ'' ਦੇ ਸਾਹਮਣੇ ਕੈਨੇਡੀਅਨ ਮਿਊਜ਼ੀਅਮ ਆਫ ਹਿਸਟਰੀ ਦੇ ਗ੍ਰੇਡ ਹਾਲ ਵਿੱਚ ਮੂਲਵਾਸੀ ਲੋਕਾਂ ਦੇ ਇੱਕ ਵੱਡੇ ਇੱਕਠ ਦੌਰਾਨ ਇਨਕੁਆਰੀ ਰਿਪੋਰਟ ਸੰਬੰਧੀ ਚੀਫ ਕਮਿਸ਼ਨਰ ਸਾਬਕਾ ਜੱਜ ਬੀ ਸੀ ਮੇਰੀਅਨ ਬੂਲਰ ਨੇ ਇਹ ਵੀ ਕਿਹਾ ਕਿ ''ਸਰਕਾਰ ਨੂੰ ਸਾਰੇ ਪੱਧਰਾਂ ਅਤੇ ਪਬਲਿਕ ਸੰਸਥਾਵਾਂ ਤੇ ਇਸ ਮੁੱਦੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ! ਬੂਲਰ ਨੇ ਮੂਲਵਾਸੀ ਇਸਤਰੀਆਂ ਤੇ ਲੜਕੀਆਂ ਦੇ ਕਤਲ ਅਤੇ ਗੁੰਮਸ਼ੁਦਗੀ ਨੂੰ ਨਸਲਕੁਸ਼ੀ ਦਾ ਦਰਜਾ ਦਿੰਦੇ ਹੋਏ, ਇਸ ਨੂੰ ਨਿਯਮ-ਬੱਧ ਢੰਗ ਲਈ ਜਿੰਮੇਵਾਰ ਠਹਿਰਾਉਦੇ ਹੋਏ ਇਸ ਸਾਰੀ ਕੌਮ ਨੂੰ ਖਤਮ ਕਰਨ ਦਾ ਮੰਤਵ ਦੱਸਿਆ ?'' ਭਾਵੇ ! ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਸਿੱਧੇ ਤੋਰ 'ਤੇ ਇਸ ਨੂੰ ਨਸਲਕੁਸ਼ੀ ਦਾ ਨਾਂ ਤਾਂ ਨਹੀਂ ਦਿੱਤਾ, ਪਰ ! ਮੂਲਵਾਸੀ ਇਸਤਰੀਆਂ ਤੇ ਲੜਕੀਆਂ ਪ੍ਰਤੀ ਹਿੰਸਾ ਨੂੰ ਕੈਨੇਡਾ 'ਦੇ ਇਤਿਹਾਸਕ ਪਿਛੋਕੜ ਦੀ ਰਹਿੰਦ-ਖੂੰਹਦ ਐਲਾਨਣ ਦੀ ਥਾਂ, ਸਗੋਂ ਇਨ੍ਹਾਂ ਨੂੰ ਮੌਜੂਦਾ ਹਾਲਾਤਾਂ ਦਾ ਨਤੀਜਾ ਹੀ ਦੱਸਿਆ ? ਜਿਸ ਨੂੰ ਨਿਆਂ ਪ੍ਰਬੰਧ ਨੇ ਇਸ ਨੂੰ ਫੇਲ ਕਰ ਦਿੱਤਾ ਹੈ ? ਟਰੂਡੋ ਨੇ ਇਨ੍ਹਾਂ ਘਟਨਾਵਾਂ ਦੀ ਅਸਲੀਅਤ ਤੇ ਪੜ੍ਹਦਾ ਪਾਉਂਦੇ ਹੋਏ, ਮੂਲਵਾਸੀ ਇਸਤਰੀਆਂ ਅਤੇ ਲੜਕੀਆਂ ਦੇ ਕਤਲਾਂ ਤੇ ਗੁੰਮਸ਼ਦਗੀ ਅਤੇ ਹਿੰਸਾਂ ਨੂੰ ਅਖੋਂ ਪਰੋਖੇ ਕਰਦੇ ਹੋਏ, 'ਅਜਿਹੇ ਮੱਸਲਿਆ 'ਚ ਘੱਟ ਤਰਜੀਹ ਦੇਣ ਦੀ ਗੱਲ ਕਰਕੇ ਹੀ ਪਿੱਛਾ ਛੁਡਾ ਲਿਆ ਹੈ ! ਰਸਮੀ ਰਿਪੋਰਟ ਨੂੰ ਇੱਕਠ ਵਿੱਚ ਦੱਸਣ ਉਪਰੰਤ ਕਮਿਸ਼ਨਰ ਵਲੋਂ ਇਹ ਰਿਪੋਰਟ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਸੋਂਪ ਦਿੱਤੀ ਗਈ !

ਮੂਲਵਾਸੀ ਜਿਹੜੇ ਕੈਨੇਡਾ ਦੇ ਅਸਲੀ ਵਸਨੀਕ ਅਤੇ ਮਾਲਕ ਹਨ, ਉਹ ਕੈਨੇਡਾ ਦੀ ਕੁੱਲ-ਆਬਾਦੀ ਦਾ ਕੇਵਲ 4.3 ਫੀਸਦ ਹਿੱਸਾ ਹੀ ਬਣਦੇ ਹਨ ! ਗਰੀਬੀ, ਅਨਪੜ੍ਹਤਾ ਅਤੇ ਬਿਮਾਰੀਆਂ ਦੇ ਆਲਮ ਵਿੱਚ ਰਹਿੰਦੇ ਇਸ ਭਾਈਚਾਰੇ ਦੇ ਲੋਕ ਪਿਛਲੇ 400-500 (ਚਾਰ ਸੌ-ਪੰਜ ਸੌ-ਸਾਲਾਂ) ਤੋਂ ਜ਼ਬਰ ਅਤੇ ਹਿੰਸਾ ਦਾ ਸ਼ਿਕਾਰ ਬਣੇ ਹੋਏ ਹਨ। ਅੱਜ ! ਵੀ 21-ਵੀਂ ਸਦੀ, ਦੇ ਦੂਸਰੇ ਦਹਾਕੇ ਦੇ ਬੀਤ ਜਾਣ ਬਾਦ ਵੀ ਉਨ੍ਹਾਂ ਦੀਆਂ ਦੁਸ਼ਵਾਰੀਆਂ ਉਨ੍ਹਾਂ ਦਾ ਪਿੱਛਾ ਹੀ ਨਹੀਂ ਛੱਡ ਰਹੀਆਂ ਹਨ ? ਪਿਛਲੇ 160 ਸਾਲਾਂ ਤੋਂ ਪਹਿਲਾਂ ਇਸ ਭਾਈਚਾਰੇ ਦੇ 5000 (ਪੰਜ ਹਜ਼ਾਰ) ਤੋਂ ਵੱਧ ਬੱਚਿਆਂ ਨੇ ਸਿੱਖਿਆਂ ਦੇਣ, ਪਰਵਰਿਸ਼ ਅਤੇ ਰੁਜ਼ਗਾਰ ਮੁੱਖੀ ਬਨਾਉਣ ਦੇ ਨਾਂ ਹੇਠਾਂ ਉਨ੍ਹਾਂ ਦਾ ਨਸਲ-ਘਾਤ ਕੀਤਾ ਗਿਆ ਸੀ, ''ਸੱਚ ਅਤੇ ਸੁਲਾਹ-ਸਫਾਈ ਕਮਿਸ਼ਨ ਦੀ ਰਿਪੋਰਟ 'ਜੋ ਸਾਲ 2017 'ਚ ਜਾਰੀ ਹੋਈ ਸੀ, ਉਸ ਦੀਆਂ ਸਿਫਾਰਸ਼ਾਂ ਅਜੇ ਤੱਕ ਵੀ ਲਾਗੂ ਨਹੀਂ ਹੋਈਆਂ ਹਨ। ਹੁਣ ਲੱਗ-ਪੱਗ ਪਿਛਲੇ 30 ਸਾਲਾਂ ਤੋਂ ਮੂਲਵਾਸੀ ਲੋਕਾਂ ਦੀਆਂ 2000 ਤੋਂ ਵੱਧ ਇਸਤਰੀਆਂ ਅਤੇ ਲੜਕੀਆਂ ਦੇ ਕਤਲ ਅਤੇ ਗੁੰਮਸ਼ੁਦਗੀਆਂ ਸੰਬੰਧੀ, '' ਜੋ ਇਨਕੁਆਰੀ ਰਿਪੋਰਟ ਸਾਹਮਣੇ ਆਈ ਹੈ, ''ਕਰਾਊਨ ਇੰਡਜ਼ੀਨਸ ਰਿਲੇਸ਼ਨਜ਼ ਮੰਤਰੀ ਕੈਰੋਲਿਨ ਬੈਨੇਟ'' ਨੇ ਤਾਂ ! ਇਨ੍ਹਾਂ ਕਤਲਾਂ ਅਤੇ ਗੁੰਮਸ਼ੁਦਗੀਆਂ, ਜਿਸ ਨਾਲ ਇਸ ਭਾਈਚਾਰੇ ਦੇ ਪਹਿਲਾ ਬੱਚਿਆਂ ਦੀ, ਅਤੇ ਹੁਣ ਇਸਤਰੀਆਂ ਦੀ ਨਸਲਕੁਸ਼ੀ ਹੋਈ ਲਈ ਸ਼ਬਦ ਨਸਲਕੁਸ਼ੀ ਤੇ ਕੋਈ ਵੀ ਸਹਿਮਤੀ ''ਤੋਂ ਪਲਾ ਝਾੜ ਦੇ ਹੋਏ, ਕੇਵਲ ਇਹ ਹੀ ਕਿਹਾ, 'ਕਿ ''ਲਿਬਰਲ ਸਰਕਾਰ ਨੇ ਕਮਿਸ਼ਨ ਦੀਆਂ 'ਲਭਤਾਂ' ਸਵੀਕਾਰ ਕਰ ਲਈਆਂ ਹਨ ? '' ਨਿਆਂ ਮੰਤਰੀ ''ਡੇਵਿਡ ਕਮੇਟੀ ਨੇ ਤਾਂ ਇਹ ਕਹਿ ਕੇ ਪਿੱਛਾ ਛੁਡਾ ਲਿਆ 'ਕਿ '' ਇਸ ਟਰਮ ਵਾਰੇ ਫੈਸਲਾ ਸਰਕਾਰ ਦੇ ਸਿੱਖਿਆ ਮਾਹਿਰ ਕਰਨਗੇ ?'' ਭਾਵ ! 1867 ਤੋਂ ਲੈ ਕੇ ਕੈਨੇਡਾ ਹੁਣ ਤੱਕ ਰਾਜ ਕਰ ਰਹੇ, ''ਟੋਰੀ ਤੇ ਲਿਬਰਲ ਜਿਨ੍ਹਾਂ ਦੇ ਰਾਜ ਭਾਗ ਅੰਦਰ ਮੂਲਵਾਸੀਆਂ ਦੇ ਪਹਿਲਾ ਬੱਚਿਆਂ ਅਤੇ ਹੁਣ ਇਸਤਰੀਆਂ ਦਾ ਨਸਲਘਾਤ ਹੋਇਆ ਹੈ, ਦੇ ਦੋਸ਼ਾਂ ਤੋਂ ਉਹ ਖੁਦ ਹੀ 'ਬਰੀ' ਹੋ ਰਹੇ ਹਨ ? ਕੀ ! ਇਹ ਨਸਲਘਾਤ ਨਹੀਂ ਜਾਂ ਮੌਤਾਂ ਹਨ ? ਬਸਤੀਵਾਦ ਨਸਲਪ੍ਰਸਤੀ ਨਫ਼ਰਤ ਅਤੇ ਵਿਤਕਰਾ ਅਜੇ ਵੀ ਖਤਮ ਨਹੀਂ ਹੋ ਰਿਹਾ ਹੈ, ਅਤੇ ਨਾ ਹੀ ਪਿੱਛਾ ਛੱਡ ਰਿਹਾ ਹੈ ? ''

3 ਜੂਨ 2019 ਨੂੰ ''ਕਿਊਬੇਕ'' ਸੂਬੇ ਦੇ ਇੱਕ ਛੋਟੇ ਜਿਹੇ ਕਸਬੇ ਗੈਟਿਨਿਊ'' ਵਿਖੇ ਕੈਨੇਡਾ ਦੇ ਮੂਲਵਾਸੀ (ਫਸਟ ਨੇਸ਼ਨ) ਲੋਕਾਂ ਦੀਆਂ ਕਤਲ ਹੋਈਆਂ ਅਤੇ ਗੁੰਮਸ਼ੁਦਾ ਇਸਤਰੀਆਂ ਅਤੇ ਲੜਕੀਆਂ ਸੰਬੰਧੀ ਕਾਇਮ ਕੀਤਾ ਗਏ ਕੌਮੀ ਇਨਕੁਆਰੀ ਕਮਿਸ਼ਨ ਦੀ ਪੜਤਾਲੀਆਂ ਇਨਕੁਆਰੀ ਰਿਪੋਰਟ ਦੇਸ਼ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਵੀ ਜਨਤਕ ਕੀਤੀ ਗਈ ! ਪਿਛਲੇ ਤਿੰਨ ਦਾਹਕਿਆਂ ਦੇ ਵੱਧ ਸਮੇਂ ਤੋਂ ਕੈਨੇਡਾ ਦੇ ਮੂਲਵਾਸੀਆਂ, ਸਾਰੇ ਭਾਈਚਾਰੇ ਇਸਤਰੀ ਜੱਥੇਬੰਦੀਆਂ, ਵਾਰਸਾਂ ਅਤੇ ਕੌਮਾਂਤਰੀ ਜੱਥੇਬੰਦੀਆਂ ਵੱਲੋਂ 25000 ਤੋਂ ਵੱਧ ਪੀੜਤ, ਕਤਲਾਂ ਅਤੇ ਗੁੰਮ ਹੋਈਆਂ ਇਸਤਰੀਆਂ ਅਤੇ ਲੜਕੀਆਂ ਸੰਬੰਧੀ, 'ਸੰਸਾਰ ਪੱਧਰ ਤੇ ਗੁਹਾਰ ਲਾ ਕੇ ਸਾਰੀਆਂ ਘਟਨਾਵਾਂ ਸੰਬੰਧੀ ਜਾਣਕਾਰੀ ਦੇਣ ਲਈ ਅਤੇ ਸਰਕਾਰੀ ਜਵਾਬ ਦੇਹੀ ਦੀ ਮੁੱਖ ਮੰਗ ਕੀਤੀ ਜਾ ਰਹੀ ਸੀ ? ''ਆਖਰਕਾਰ ਸਰਕਾਰ 3 ਜੂਨ 2019 ਨੂੰ ਲਿਬਰਲ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਦੇ ਪ੍ਰਧਾਨ-ਮੰਤਰੀ ਜਸਟਿਨ ਟਰੂਡੋ ਨੇ ਕਮਿਸ਼ਨ ਦੀ ਰਿਪੋਰਟ ਜਨਤਕ ਕਰਦੇ ਹੋਏ, 'ਪੀੜਤ ਪਰਿਵਾਰਾਂ, ਲੋਕਾਂ ਅਤੇ ਭਾਈਚਾਰੇ ਨਾਲ ਹਮਦਰਦੀ ਪ੍ਰਗਟ ਕੀਤੀ ਗਈ ! ਪ੍ਰੰਤੂ ! ਪ੍ਰਧਾਨ ਮੰਤਰੀ ਟਰੂਡੋ ਨੇ ਇਸ ਤਰਾਸਦੀ ਲਈ ਸ਼ਬਦ ਨਸਲਘਾਤ '' (GENOCIDE) ਵਰਤਣ ਤੋਂ ਪੂਰਾ-ਪੂਰਾ ਗੁਰੇਜ਼ ਕੀਤਾ ! ਇਸੇ ਤਰ੍ਹਾਂ ਹੀ ਕੈਨੇਡਾ ਅੰਦਰ 'ਵਿਰੋਧੀ-ਧਿਰ ਕਨਜ਼ਰਵੇਟਿਵ (ਟੋਰੀ) ਪਾਰਟੀ ਦੇ ਆਗੂ ਐਡਰੀਓ ਸ਼ੀਅਰ ਨੇ ਵੀ ਪਿਛਲੇ ਤਿੰਨ ਦਹਾਕਿਆਂ ਤੋਂ ਵਾਪਰ ਰਹੇ ਇਨ੍ਹਾਂ ਦੁੱਖਦਾਈ ਦੁਖਾਤਾਂ ਨੂੰ ਨਸਲਘਾਤ ਨਹੀਂ ਕਿਹਾ ? ਹਾਂ ! ਐਨ.ਡੀ.ਪੀ. ਕਮਿਊਨਿਸਟ ਪਾਰਟੀ ਆਫ ਕੈਨੇਡਾ ਨੇ ਇਸ ਸਾਰੇ ਹੀ ਦੁਖਾਂਤ ਨੂੰ ਨਸਲਘਾਤ ਕਿਹਾ ! ਕਮਿਊਨਿਸਟ ਪਾਰਟੀ ਆਫ ਕੈਨੇਡਾ ਨੇ ਆਪਣੀ ਪਾਰਟੀ ਦੇ ਅਦਾਰੇ 'ਲੋਕ ਅਵਾਜ਼' (ਫੲੌਪਲੲ ਙੋਚਿੲ) ਅੰਦਰ ਮੂਲਵਾਸੀ ਲੋਕਾਂ ਦੀਆਂ ਦੁਸ਼ਵਾਰੀਆਂ, ਦੁਖਾਂਤ ਅਤੇ ਇਸ ਨਸਲਘਾਤ ਲਈ ਹਾਕਮਾਂ ਨੂੰ ਦੋਸ਼ੀ ਠਹਿਰਾਇਆ।

ਕਮਿਸ਼ਨ ਨੇ ਆਪਣੀ ਰਿਪੋਰਟ 'ਚ ਕਿਹਾ ਹੈ, 'ਕਿ ਕੈਨੇਡਾ ਅੰਦਰ ਮੂਲਵਾਸੀ ਲੋਕਾਂ ਦੇ ਮਨੁੱਖੀ ਅਧਿਕਾਰਾਂ ਦੀ ਇਹ ਖੁਲ੍ਹੀ ਉਲੰਘਣਾ ਹੈ ? ਉਨ੍ਹਾਂ ਨਾਲ ਦੁਰ-ਵਰਤਾਓ, ਜਿਸ ਦਾ ਕਾਰਨ ਗਰੀਬੀ, ਪੱਛੜਾ-ਪਣ ਅਤੇ ਸਦੀਆਂ ਤੋਂ ਹੁੰਦੀ ਬਸਤੀਵਾਦੀਆਂ ਰਾਹੀ, ਜਾਰੀ ਰਹਿ ਰਹੀ ਨਫ਼ਰਤ ਮੁੱਖ ਜਿੰਮੇਵਾਰ ਹੈ ! ਰਿਪੋਰਟ 'ਚ ਇਹ ਵੀ ਕਿਹਾ ਹੈ, 'ਕਿ ਕੈਨੇਡਾ ਵਰਗੇ ਵਿਕਸਤ ਦੇਸ਼ ਅੰਦਰ ਮੂਲਵਾਸੀ ਇਸਤਰੀਆਂ, ਲੜਕੀਆਂ ਅਤੇ ''ਟੂ-ਐਸ.ਐਲ.ਜੀ.ਬੀ.ਟੀ.ਕਿਊ.ਕਿਊ. ਵਨ-ਏ'' ਨਾਲ ਹੋਇਆ ਇਹ ਅਮਾਨਵੀ ਵਰਤਾਉ ਅਤੇ ਹਿੰਸਾ, ਸਦੀਆਂ ਤੋਂ ਹੋ ਰਹੇ ਮਾੜੇ ਵਰਤਾਉ ਦਾ ਹੀ ਸਿੱਟਾ ਹੈ ? ਦੋ ਜਿਲਦਾ 'ਚ ਛਾਈ ਕਮਿਸ਼ਨ ਦੀ ਇਸ ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ, 'ਕਿ ਮੂਲਵਾਸੀ ਲੋਕਾਂ ਦੀ ਕਾਇਆ ਕਲਪ ਲਈ ਜਿੱਥੇ ਕਾਨੂੰਨੀ ਚਾਰਾ ਜੋ ਵੀ ਹੋਵੇ, ਉੱਥੇ ਸਮਾਜਿਕ ਬਦਲਾਓ ਵੀ ਜਰੂਰੀ ਹੈ। ਜਿਸ ਰਾਹੀਂ ਮੂਲਵਾਸੀ ਭਾਈਚਾਰੇ ਦੀ ਬਰਬਾਦੀ ਨੂੰ ਰੋਕਿਆ ਜਾ ਸਕੇ। ਇਸ ਕਮਿਸ਼ਨ ਵਲੋਂ ਸਚਾਈ ਜਾਨਣ ਲਈ 2380 ਮੂਲਵਾਸੀ ਪ੍ਰੀਵਾਰਾਂ, ਜਿਊਂਦੇ ਗਵਾਹਾਂ ਜਿਨ੍ਹਾਂ ਦੀਆਂ ਰਿਸ਼ਤੇਦਾਰੀਆਂ 'ਚ ਕਤਲ ਹੋਈਆਂ, ਜਾਂ ਗੁੰਮ ਹੋਈਆਂ ਇਸਤਰੀਆਂ ਅਤੇ ਲੜਕੀਆਂ, ਮਾਹਿਰਾਂ, ਗਿਆਨਵਾਨਾਂ ਸਰਕਾਰੀ ਅੰਕੜੇ ਤੇ ਰਿਪੋਰਟਾਂ, ਦੇਸ਼ ਦੇ ਹਰ ਥਾਂ ਤੇ ਮੌਕੇ ਤੇ ਜਾ ਕੇ, ਜਿੱਥੋਂ ਵੀ ਕੋਈ ਜਾਣਕਾਰੀ ਮਿਲ ਸਕਦੀ ਸੀ, ਪੂਰੀਆਂ ਜਾਣਕਾਰੀਆਂ ਪ੍ਰਾਪਤ ਕੀਤੀਆਂ। ਸਤੰਬਰ 2016 ਤੋਂ, 3 ਜੂਨ 2019 ਤੱਕ ਪੂਰੀ ਮੁਸ਼ੱਕਤ ਬਾਦ, ਇਹ ਰਿਪੋਰਟ ਤਿਆਰ ਕੀਤੀ ਗਈ। 231 ਵਿਅਕਤੀਆਂ 2386 ਮੈਂਬਰਾਂ, 1486-ਪ੍ਰੀਵਾਰਾਂ ਤੇ 819 ਵਿਅਕਤੀਆਂ ਨੇ ਮਿਲ ਕੇ, ਸੁਨੇਹੇ ਦੇ ਕੇ, ਸਰਕਾਰੀ ਸੰਸਥਾਵਾਂ ਸਮਾਜਕ ਸੇਵਾਵਾਂ ਵਾਲੇ ਅਦਾਰਿਆਂ, ਸਨਅਤਾਂ ਅਤੇ ਕੈਨੇਡੀਅਨ ਲੋਕਾਂ ਤੱਕ ਪਹੁੰਚ ਕੀਤੀ ਗਈ। ''ਇਸ ਕਮਿਸ਼ਨ ਦੀ ਮੁੱਖੀ ਬੀ.ਸੀ. ਦੀ ਸਾਬਕਾ ਜੱਜ ਮੇਰੀਅਨ ਬੂਲਰ ਅਤੇ ਉਸ ਦੀਆਂ ਤਿੰਨ ਹੋਰ ਸਾਥਣਾਂ ਵੀ ਕਮਿਸ਼ਨ ਦੀਆਂ ਮੈਂਬਰ ਸਨ !

ਇਸ ਰਿਪੋਰਟ ਨੂੰ ਤਿਆਰ ਕਰਨ ਲਈ, ਪੀੜ੍ਹਤ ਇਸਤਰੀਆਂ ਅਤੇ ਲੜਕੀਆਂ ਦੇ ਪ੍ਰੀਵਾਰਾਂ ਦੇ ਬਿਆਨ, ਜਿੱਥੇ ਇਹ ਘਟਨਾਵਾਂ ਵਾਪਰੀਆਂ ਆਲਾ-ਦੁਆਲਾ, ਅਗਲੇ-ਪਿਛਲੇ ਰੀਕਾਰਡ ਕਾਰਨ ਗਰੀਬੀ, ਘਰੇਲੂ, ਬੇ-ਘਰੇ ਲੋਕਾਂ ਦੀਆਂ ਜੀਵਨ ਹਾਲਤਾਂ, ਸਿੱਖਿਆ ਸਬੰਧੀ ਰਿਕਾਰਡ, ਰੁਜ਼ਗਾਰ, ਲੋਕਾਂ ਦੀਆਂ ਸਿਹਤ ਸੇਵਾਵਾਂ ਸੰਬੰਧੀ ਜਾਣਕਾਰੀ, ਸੱਭਿਆਚਾਰ ਆਦਿ ਸਾਰੇ ਅੰਕੜਿਆਂ ਅਤੇ ਲਿਖਤੀ ਬਿਆਨਾਂ ਨੂੰ ਅਧਾਰਿਤ ਬਣਾਇਆ ਗਿਆ। ਇਸ ਰਿਪੋਰਟ ਨੂੰ ਘੜਨ (ਤਿਆਰ ਕਰਨ) ਲਈ 83 ਮਾਹਿਰਾਂ, 9 ਗਿਆਨਵਾਨਾਂ, ਬਸਤੀਵਾਦੀ ਅਤੇ ਕੁਲਪਤੀ (ਪੈਂਤਰੀ) ਪਾਲਸੀਆਂ, ਜਿਨ੍ਹਾਂ ਕਾਰਨ ਇਸਤਰੀਆਂ ਤੇ ਹਿੰਸਾਂ, ਕਤਲ ਅਤੇ ਉਨ੍ਹਾਂ ਦੀ ਗੁੰਮਸ਼ਦਗੀ ਹੋਈ ਨੂੰ ਪੂਰੀ ਤਰ੍ਹਾਂ ਨਜ਼ਰ 'ਚ ਰੱਖਿਆ ਗਿਆ ! ਮੂਲਵਾਸੀ ਭਾਈਚਾਰੇ ਦੇ ਰਵਾਇਤੀ ਸਮਾਜ ਅੰਦਰ ਰੋਲ 'ਜਿਸ ਕਾਰਨ ਭਾਈਚਾਰੇ ਦਾ ਬਾਕੀ ਸਮਾਜ 'ਚ ਰੁਤਬਾ ਘੱਟਣਾ, ਜਿਸ ਕਰਕੇ ਇਨ੍ਹਾਂ ਨੂੰ ਦੁੱਖ ਭੋਗਣੇ ਪਏ ਹਨ। ਕਮਿਸ਼ਨ ਦਾ ਮੰਨਣਾ ਹੈ, 'ਕਿ ਰੀਨੇਮਿੰਗ ਪਾਵਰ ਐਂਡ ਪਲੇਸ ਦੀ ਰਿਪੋਰਟ ਤਿਆਰ ਕਰਨ ਵੇਲੇ, ਬੋਲੀ, ਵਿਰਾਸਤ, ਸਮਾਜਕ ਸੇਵਾਵਾਂ, ਧਾਰਮਿਕ ਇੱਕਠ ਅਤੇ ਆਪਸੀ ਬੋਲ-ਚਾਲ, ਮੂਲਵਾਸੀ ਅਤੇ ਸਥਾਨਕ ਪੁਲਿਸ ਨਾਲ ਮੁਲਕਾਤਾਂ ਨੂੰ ਵੀ ਸਰੋਤ ਬਣਾਇਆ ਗਿਆ ਹੈ ?

ਰਿਪੋਰਟ ਬਾਰੇ:- ਡਾਕੂਮੈਂਟ ਆਖਰੀ ਰਿਪੋਰਟ ਜਿਲਦ 1-ਏ

ਡਾਕੂਮੈਂਟ ਆਖਰੀ ਰਿਪੋਰਟ ਜਿਲਦ 1-ਬੀ

ਕਾਰਜਕਾਰੀ ਸਮਰੀ : ਇਨਸਾਫ ਲਈ ਪੁਕਾਰ।

ਸਪਲੀਮੈਂਟਰੀ ਰਿਪੋਰਟ: ਕਿਊਬੈਂਕ, ਨਸਲਘਾਤ ਅਤੇ ਅੰਤਲੀ ਰਿਪੋਰਟ।

ਚੈਂਪਟਰ :-1 ਹਿੰਸਾ ਦਾ ਖਾਤਮਾ, 2-ਮੂਲਵਾਸੀ ਲੋਕਾਂ ਦੀਆਂ ਸ਼ਕਤੀਆਂ ਅਤੇ ਰੁਤਬਾ 3- ਮੁੱਨਖੀ ਅਧਿਕਾਰ ਅਤੇ ਉਨ੍ਹਾਂ ਲਈ ਜਿੰਮੇਵਾਰੀ, 4- ਬਸਤੀਵਾਦੀ (ਅਪਨਿਵੇਸ਼ਵਾਦ) ਅੱਤਿਆਚਾਰ, ਮੂਲਵਾਸੀਆਂ ਦੇ ਸੱਭਿਆਚਾਰ ਅਧਿਕਾਰ, ਸਿਹਤ, ਸੁਰੱਖਿਆ ਅਤੇ ਇਨਸਾਫ।

ਕਮਿਸ਼ਨ ਦੀ ਰਿਪੋਰਟ ਅੰਦਰ ਕਮਿਸ਼ਨ ਨੂੰ ਮੂਲਵਾਸੀ ਲੋਕਾਂ ਪ੍ਰਤੀ ਨਿੱਠ ਕੇ ਭਾਵੇ ! ਹੱਕਾਂ ਦੀ ਵਜਾਹਤ (ਤਾਈਦ) ਕੀਤੀ ਗਈ ਹੈ। ਪਰ ! ਦੇਖਣਾ ਇਹ ਹੈ, ਕਿ ਸਦੀਆਂ ਪੁਰਾਣੇ ਬਸਤੀਵਾਦੀ ਗਲਬੇ ਤੋਂ ਮੁਲਵਾਸੀ ਲੋਕਾਂ ਨੂੰ ਮੁਕਤੀ ਕਿਵੇਂ ਮਿਲੇਗੀ ?''

ਮੂਲਵਾਸੀ ਲੋਕਾਂ ਦੀਆਂ ਦੁਸ਼ਵਾਰੀਆਂ ਦਾ ਇਤਿਹਾਸਕ ਪਿਛੋਕੜ:-

ਕੈਨੇਡਾ ਦੇ ਮੂਲਵਾਸੀ ਭਾਈਚਾਰੇ ਦੇ ਲੋਕਾਂ ਦੀਆਂ ਦੁਸ਼ਵਾਰੀਆਂ ਨੂੰ ਕੈਨੇਡਾ ਦੇ ਰਾਜਨੀਤਿਕ ਸਿਸਟਮ, ਰਾਜਸਤਾ ਅਤੇ ਹਾਕਮ ਜਮਾਤਾਂ ਦੇ ਜਮਾਤੀ ਹਿੱਤਾਂ ਨੂੰ ਸਮਝਣਾ ਜਰੂਰੀ ਹੈ ! ਉੱਤਰੀ ਅਮਰੀਕਾ, ਜਿਸ ਦੇ ਉੱਤਰ ਦਾ ਹਿੱਸਾ ਕੈਨੇਡਾ ਅਤੇ ਦੱਖਣੀ ਹਿੱਸਾ, ਜਿਸ ਨੂੰ ਰਾਸ਼ਟਰ ਅਮਰੀਕਾ ਕਿਹਾ ਜਾਂਦਾ ਹੈ ! ਦੋਨੋਂ ਦੇਸ਼ ਯੂਰਪੀ ਦੇਸ਼ਾਂ ਤੋਂ ਆਏ ਸਮੁੰਦਰੀ ਲੁਟੇਰਿਆਂ, 'ਜਿਨ੍ਹਾਂ ਦੀ ਪੁਸ਼ਤ-ਪਨਾਹੀ ਉੱਥੋਂ ਦੇ ਸਾਮਰਾਜੀ ਹਾਕਮ ਕਰਦੇ ਸਨ, 'ਵਲੋਂ, ਹਥਿਆਇਆਂ ਉੱਤਰੀ ਅਮਰੀਕਾ, ਯੂਰਪੀ ਮੂਲ ਦੇ ਦੇਸ਼ਾਂ, ਫਰਾਂਸ ਬਰਤਾਨੀਆਂ, ਡੱਚ ਆਦਿ ਸਾਮਾਰਜੀ ਦੇਸ਼ਾਂ ਦੀਆਂ ਬਸਤੀਆਂ ਰਿਹਾ ਹੈ। ਇੱਥੋਂ ਦੇ ਕੁਦਰਤੀ ਸੋਮਿਆਂ, ਜੰਗਲ, ਜਲ ਅਤੇ ਜਮੀਨ ਨੂੰ ਹਥਿਆਉਣ ਲਈ, ਜਿੱਥੇ ਇੱਥੋਂ ਦੇ ਮੂਲਵਾਸੀਆਂ ਦਾ ਨਸਲਘਾਤ ਕੀਤਾ ਗਿਆ, ਉੱਥੇ ਬਸਤੀਵਾਦੀ ਹਾਕਮਾਂ ਨੇ ਇਨ੍ਹਾਂ ਦੇ ਕੁਦਰਤੀ ਸੋਮਿਆਂ ਤੇ ਕਬਜ਼ੇ ਕਰਨ ਲਈ ਆਪਸੀ ਜੰਗਾਂ ਦੌਰਾਨ, ਮੂਲਵਾਸੀਆਂ ਦਾ ਵੀ ਸ਼ਰੇਆਮ ਕਤਲੇਆਮ ਕੀਤਾ ! ਇਹ ਜਰਵਾਣੇ, ਗੋਰੀ ਨਸਲ, ਇਸਾਈ ਕੈਥੋਲਿਕ ਧਰਮ ਦੇ ਧਾਰਨੀ, ਹਿੰਸਕ ਅਤੇ ਲੁੱਟਣ ਦੀ ਹਵਸ ਵਾਲੇ ਲੁਟੇਰੇ ਵਿਉਪਾਰੀ ਸਨ। ਇਹੀ ਕਾਰਨ ਹੈ, 'ਕਿ ਬਸਤੀਵਾਦੀ ਸਾਮਰਾਜੀ ਗੋਰਿਆਂ ਨੇ ਉੱਤਰੀ ਅਮਰੀਕਾ ਦੇ ਉੱਤਰੀ ਭਾਗ ਤੇ ਕਬਜਾਂ ਕਰਕੇ ਕਰਾਊਨ ਤੋਂ ਅੱਡ ਹੋ ਕੇ 1867 ਨੂੰ ਕੈਨੇਡਾ ਦੇਸ਼ ਦੀ ਸਥਾਪਨਾ ਕੀਤੀ।

ਕੈਨੇਡਾ ਅੰਦਰ ਗੋਰੀ ਨਸਲ, ਈਸਾਈਅਤ (ਕੈਥੋਨਿਕ) ਧਰਮ ਦੀ ਪ੍ਰਭੂਸੱਤਾ ਅਤੇ ਪੂੰਜੀਪਤੀਆਂ ਦਾ ਹੀ ਦਾਬਾ ਰਿਹਾ ਹੈ ! ਕੈਨੇਡਾ ਅੰਦਰ ਇਤਿਹਾਸਕ ਤੌਰ ਤੇ, ਦੋ-ਪਾਰਟੀ ਪੂੰਜੀਵਾਦੀ ਰਾਜ ਹੀ ਚੱਲਿਆ ਆ ਰਿਹਾ ਹੈ ! ਭਾਵੇਂ ! ਸ਼ੁਰੂ ਤੋਂ ਹੀ ਪਾਰਲੀਮਾਨੀ ਜਮਹੂਰੀਅਤ ਕਾਇਮ ਰਹੀ ਹੈ ? ਪਰ ! ਅੱਜ ਕੈਨੇਡਾ ਦੀ ਜਮਹੂਰੀਅਤ 'ਚ 55 ਫੀਸਦ ਲੋਕਾਂ ਦਾ ਹੀ ਵਿਸ਼ਵਾਸ਼ ਰਹਿ ਗਿਆ ਹੈ ! ਮੁੱਖ ਤੌਰ ਤੇ ਦੋ ''ਸੱਜੇ-ਪੱਖੀ ਪਾਰਟੀਆਂ ਕੇਂਦਰੀ ਸੱਜੇ-ਪੱਖੀ ਕੰਜਰਵੇਟਿਵ ਪਾਰਟੀਆਂ ਹਨ। ਪਰ ਇਸ ਵੇਲੇ ਕੇਂਦਰੀ ਸੱਜੀ ਪੱਖੀ ਲਿਬਰਲ ਪਾਰਟੀ ਦਾ ਰਾਜ ਹੈ ! ਪਰ ! ਬਹੁਤਾਂ ਸਮਾਂ ਇਨ੍ਹਾਂ ਦੋਨਾਂ ਪਾਰਟੀਆਂ ਦਾ ਰਾਜ ਹੀ ਰਿਹਾ ਹੈ। ਹੋਰ ਵੀ ਤੀਸਰੀਆਂ ਧਿਰਾਂ, 'ਕੇਂਦਰੀ ਖੱਬੇ-ਪੱਖੀ ਸੋਚ ਵਾਲੀ ਐਨ.ਡੀ.ਪੀ.ਅਤੇ ਵੱਖਵਾਦੀ ਬਲਾਕ ਕਿਬੇਕੋਜ਼ ਤੇ ਗਰੀਨ ਪਾਰਟੀ ਦੀ ਵੀ ਹੋਂਦ ਹੈ। ਪਰ ! ਇਨ੍ਹਾਂ ਦਾ ਪਾਰਲੀਮੈਂਟ ਅੰਦਰ, ਐਨ.ਡੀ.ਪੀ. ਜੋ ਤੀਸਰੀ ਧਿਰ ਹੈ, ਤੋਂ ਬਿਨ੍ਹਾਂ ਕੋਈ ਖਾਸ ਹੋਂਦ ਨਹੀਂ ਹੈ ! ਕਮਿਊਨਿਸਟ ਪਾਰਟੀ ਆਫ ਕੈਨੇਡਾ ਜੋ 1921 ਤੋਂ ਹੋਂਦ ਰੱਖਦੀ ਹੈ, ਦਾ ਵੀ ਕੋਈ ਪਾਰਲੀਮਾਨੀ ਪ੍ਰਭਾਵ ਨਹੀਂ ਹੈ। ਲਿਬਰਲ ਪਾਰਟੀ ਜੋ ਸੁਧਾਰਵਾਦੀ ਫਰਾਂਸੀਸੀ ਕੈਨੇਡੀਅਨ ਅਤੇ ਕੈਥੋਲਿਕ ਗੋਰਿਆਂ ਦਾ ਗੱਠ-ਜੋੜ ਸੀ, 19ਵੀਂ ਸਦੀ ਵਿੱਚ ਹੋਂਦ ਵਿੱਚ ਆਈ। ਕੰਨਜਰਵੇਟਿਵ ਪਾਰਟੀ ਆਫ ਕੈਨੇਡਾ, ਨਵੀਂ ਪਾਰਟੀ 'ਚੋਂ 2003 'ਚ ਪ੍ਰੋਗਰੈਸਿਵ ਕੰਨਜਰਵੇਟਿਵ ਪਾਰਟੀ ਅਤੇ ਕੈਨੇਡੀਅਨ ਰੀਫੋਰਮ ਕੰਜ਼ਰਵੇਟਿਵ ਅੰਲਾਇਸ ਪਾਰਟੀ ਨੂੰ ਮਿਲਾ ਕੇ ਬਣਾਈ ਗਈ। ਇਸ ਦੀ ਹੋਂਦ 19ਵੀਂ ਸਦੀ 'ਚ ਕਲੋਨੀਅਨ-ਯੁੱਗ ਵੇਲੇ, ਜੋ ਬਰਤਾਨਵੀਂ ਸਾਮਰਾਜ ਪ੍ਰਤੀ ਵਫਾਦਾਰ ਪ੍ਰੋਟੈਸਟੈਂਟ ਇਸਾਈਅਤ ਅਤੇ ਅੰਗ੍ਰੇਜ਼ੀ ਸੱਭਿਅਤਾ ਵਾਲੀ (ਟੋਰੀ) ਸੋਚ

ਰੱਖਦੀ ਸੀ, ਹੋਂਦ 'ਚ ਆਈ। ਇਸ ਤਰ੍ਹਾਂ ਕੈਨੇਡਾ ਅੰਦਰ, ਪੂੰਜੀਪਤੀਆਂ ਪੱਖੀ ਇਸਾਈਅਤ ਸੋਚ ਅਤੇ ਬਰਤਾਨਵੀ ਬਸਤੀਵਾਦੀ ਅਧੀਨ ਹੀ ਇਹ ਪਾਰਟੀਆਂ ਸਰਗਰਮ ਰਹੀਆਂ ਹਨ।

ਪਿਛਲੀਆਂ ਦੋ ਸਦੀਆਂ ਦੇ ਵੱਧ ਸਮੇਂ ਤੋਂ ਕੈਨੇਡਾ ਅੰਦਰ ਯੂਰਪੀ ਮੂਲ ਦੇ ਬਸਤੀਵਾਦੀ ਜਰਵਾਣਿਆ ਦਾ ਹੀ ਰਾਜ ਰਿਹਾ ਹੈ। ਮੂਲਵਾਸੀ ਲੋਕਾਂ ਦੀ ਹੋਂਦ ਨੂੰ ਖਤਮ ਕਰਨ, ਉਨ੍ਹਾਂ ਦੇ ਕੁਦਰਤੀ ਸੋਮਿਆਂ ਨੂੰ ਹਥਿਆਉਣ ਅਤੇ ਬੱਚੇ-ਖੁੱਚੇ ਮੂਲਵਾਸੀਆਂ ਨੂੰ ਪੱਛਮੀ ਸਭਿਅਤਾ ਦਾ ਇੱਕ ਰਹਿੰਦ-ਖੂਹੰਦ ਵਾਲਾ ਹਿੱਸਾ ਬਣਾਉਣ ਲਈ ਉਨ੍ਹਾਂ ਲੋਕਾਂ ਦੀ ਸੱਭਿਅਤਾ ਬੋਲੀ,ਖਾਣ-ਪੀਣ, ਪੁਸ਼ਾਕ ਰੀਤੀ ਰਿਵਾਜ਼, ਸਭ ਤਹਿਸ-ਨਹਿਸ ਕਰ ਦਿੱਤੇ ਗਏ ! ਮੂਲਵਾਸੀਆਂ ਦੀ ਸੱਭਿਅਤਾ ਦਾ ਨਾਮੋ-ਨਿਸ਼ਾਨ ਖਤਮ ਕਰਨ ਲਈ, ਉਨ੍ਹਾਂ ਦੇ ਵਾਰਸ ਬੱਚਿਆਂ ਦਾ ਨਸਲਘਾਤ ਕਰਨ 'ਚ ਗੋਰਿਆਂ ਨੇ ਕੋਈ ਕਸਰ ਨਹੀਂ ਛੱਡੀ ! ਹੁਣ ਇਸ ਕੌਮ ਦੀਆਂ ਇਸਤਰੀਆਂ ਤੇ ਲੜਕੀਆਂ ਦੇ ਕਤਲ ਤੇ ਗੁੰਮਸ਼ੁਦਗੀਆਂ ਰਾਂਹੀ, ਇੱਕ ਯੋਜਨਾ-ਬੱਧ ਢੰਗ ਨਾਲ ਨਸਲਕੁਸ਼ੀ ਦਾ ਦੌਰ ਸ਼ੁਰੂ ਕੀਤਾ ਹੋਇਆ ਹੈ ? ਕੈਨੇਡਾ ਜਿਹੜਾ 1867 ਤੋਂ ਜਮਹੂਰੀ ਦੇਸ਼ ਪਾਰਲੀਮਾਨੀ ਰਾਜ-ਸਤਾ ਅਤੇ ਬਿਨਾਂ ਕਿਸੇ ਭਿੰਨ-ਭੇਦ ਦਾ ਰਾਗ ਅਲਾਪਦਾ ਆ ਰਿਹਾ ਹੈ, ਦੇ ਇਸ ਦੇਸ਼ ਅੰਦਰ ਪਹਿਲਾ 5000 ਤੋਂ ਵੱਧ ਮੂਲਵਾਸੀ ਲੋਕਾਂ ਦੇ ਬੱਚਿਆਂ ਦਾ ਨਸਲਘਾਤ ਅਤੇ ਹੁਣ ਉਨ੍ਹਾਂ ਦੀਆਂ 2500 ਤੋਂ ਵੱਧ ਇਸਤਰੀਆਂ ਤੇ ਲੜਕੀਆਂ ਦੇ ਕਤਲਾਂ ਰਾਹੀਂ ਨਸਲਕੁਸ਼ੀ ਨੂੰ ਰੋਕਣ ਲਈ ਹਾਕਮ ਉਦਾਸਹੀਣ ਹੀ ਰਹੇ ਹਨ !

ਮੂਲਵਾਸੀ ਲੋਕਾਂ ਤੇ ਇਹ ਹਮਲੇ ਨਸਲਪ੍ਰਸਤੀ-ਵਿਤਕਰੇ, ਬਸਤੀਵਾਦੀ-ਕਾਨੂੰਨਾਂ, ਨਵ-ਉਦਾਰੀਵਾਦੀ ਨੀਤੀਆਂ ਅਤੇ ਗੋਰੀ ਨਸਲ ਦੀ ਉਚਤਮਤਾ ਹੈਂਕੜਬਾਜੀ ਦੇ ਸਿੱਟਿਆ ਦਾ ਹੀ ਨਤੀਜਾ ਹੈ ! ਇਨ੍ਹਾਂ ਵਿਤਕਰਿਆ ਵਿਰੁੱਧ ਭਾਵੇਂ ਮੂਲਵਾਸੀ ਕੌਮ ਉੱਠੀ ਹੈ ? ਜਾਗੀ ਹੈ ! ਪਰ ! ਉਨ੍ਹਾਂ ਦੀਆਂ ਉਪਰੋਕਤ ਦੁਸ਼ਵਾਰੀਆਂ ਤੋਂ ਮੁਕਤੀ ਲਈ ਅਜੇ ਮੰਜਿਲ ਦੂਰ ਦਿਖਾਈ ਦਿੰਦੀ ਹੈ ? "ਕਦੋਂ" ਹਨੇਰਾ ਦੂਰ ਹੋਵੇਗਾ ਅਤੇ ਚੜੇ ਸੂਰਜ ਦੀ ਲਾਲ ਰੋਸ਼ਨੀ ਦੀ ਸਵੇਰ ਚਾਨਣ ਖਲਰੇਗੀ, ਫਿਰ ਖਲੱਕਤ ਉਠੇਗੀ ? ਬਾਹਾਂ ਉਲਾਰੇਗੀ ਤਾਂ ਮੁਕਤੀ ਲਈ ਬਿਗਲ ਵੱਜੇਗਾ ? ਪ੍ਰਭੂਸੱਤਾ ਲੈਣ ਲਈ ਬਹੁਤ ਯਤਨ ਕਰਨੇ ਪੈਣਗੇ ! ਰਿਪੋਰਟ ਕੀ ਕਹਿੰਦੀ ਹੈ ? :-

ਮੂਲਵਾਸੀ ਲੋਕਾਂ ਅੰਦਰ ਸਿੱਖਿਆ ਤੇ ਗਰੀਬੀ ਅਤੇ ਉਨ੍ਹਾਂ ਦੀ ਸੰਗਠਤਕਾ-ਆਤਮਿਕ ਕੰਮਜੋਰੀ ਹੋਣ ਕਾਰਨ ਜਿੱਥੇ ਉਹ ਪੱਛੜੇ ਹੋਏ ਹਨ, ਉੱਥੇ ਰਾਜ ਸਤਾ ਅੰਦਰ ਉਨ੍ਹਾਂ ਨੂੰ ਹੋਰ ਕੰਮਜੋਰ ਕਰਨ ਲਈ ਨਸ਼ਈ ਅਤੇ ਭਾੜੇ ਤੇ ਲਾਉਣਾ, ਇਹ ਸਭ ਕਦਮ ਉਨ੍ਹਾਂ ਨੂੰ ਦੇਸ਼ ਦੀ ਮੁੱਖ ਧਾਰਾ ਤੋਂ ਅਲੱਗ-ਥਲੱਗ ਕਰਕੇ, ਮੁੜ ਅਰਧ-ਗੁਲਾਮੀ ਵੱਲ ਧੱਕਣਾ ਹੈ। ਹੁਣ ਉਨ੍ਹਾਂ ਨੂੰ ਨਿਪੁੰਨਸਿਕ ਬਣਾਉਣ ਲਈ ਉਨ੍ਹਾਂ ਦੇ ਸੱਭਿਆਚਾਰ, ਬੋਲੀ ਇਤਿਹਾਸ ਅਤੇ ਵੰਸ਼ਵਾਦ ਦਾ ਖਾਤਮਾ ਹੀ ਕਰਨਾ ਸ਼ੁਰੂ ਕਰ ਦਿੱਤਾ ਗਿਆ ਹੈ ! ਮੂਲਵਾਸੀਆਂ ਦੇ ਉਠਾਨ ਲਈ ਬਣੇ ਐਕਟ, ਸਭ ਬਸਤੀਵਾਦੀ ਸ਼ਿਰਾਇਤ ਅਧੀਨ ਹੀ ਘੜੇ ਗਏ ਸਨ, ਜੋ ਨਫਰਤ, ਲਿੰਗਕ-ਵਿਤਕਰੇ ਅਤੇ ਆਰਥਿਕ ਅਸਮਾਨਤਾ ਨੂੰ ਦੂਰ ਕਰਨ ਲਈ ਨਹੀਂ ਸਨ ! ਸਗੋਂ ! ਇਹ ਸਮੁੱਚੀ ਮੂਲਵਾਸੀ ਕੌਮ ਨੂੰ ਕੰਮਜੋਰ ਕਰਨ ਲਈ ਸਾਬਤ ਹੋ ਚੁੱਕੇ ਹਨ। "ਟਰੁਥ ਐਂਡ-ਰੀਕਨਸਾਈਲੇਸ਼ਨ ਕਮਿਸ਼ਨ ਰਿਪੋਰਟ," (ਟੀ.ਆਰ.ਸੀ. ਰਿਪੋਰਟ) ਜਿਸ ਅਧੀਨ, 5000 ਤੋਂ ਵੱਧ ਬੱਚਿਆਂ ਦੇ ਨਸਲਘਾਤ ਅਤੇ 3 ਜੂਨ 2019 ਨੂੰ ਨਸ਼ਰ ਹੋਈ ਐਮ.ਐਮ.ਆਈ.ਐਮ.ਜੀ ਰਿਪੋਰਟ, ਜਿਸ ਅਧੀਨ 2000 ਤੋਂ ਵੱਧ ਇਸਤਰੀਆਂ ਤੇ ਲੜਕੀਆਂ ਦੇ ਕਤਲ ਅਤੇ ਗੁੰਮਸ਼ੁਦਗੀਆਂ ਸੰਬੰਧੀ 'ਲੂੰ-ਕੰਡੇ' ਕਰਨ ਵਾਲੀਆਂ ਵਾਰਦਾਤਾਂ ਦੇ ਹਵਾਲੇ ਹਨ। ਕੈਨੇਡਾ ਦੀਆਂ 150 ਸਾਲਾਂ ਤੋਂ ਵੱਧ ਸਮੇਂ ਤੋਂ ਕਾਬਜ਼ ਰਹੀਆਂ ਪਾਰਟੀਆਂ "ਲਿਬਰਲ ਅਤੇ ਕਨਜਰਵੇਟਿਵ" ਜੋ ਪੂੰਜੀਪਤੀਆਂ ਦੀਆਂ ਪਾਰਟੀਆਂ ਹਨ ਦੇ ਦੋਨੋਂ ਆਗੂਆਂ "ਜਸਟਿਨ ਟਰੂਡੋ ਅਤੇ ਸ਼ੀਅਰ" ਵਲੋਂ "ਇਸਤਰੀਆਂ ਦੀ ਨਸਲਕੁਸ਼ੀ ਨੂੰ ਨਾ ਮੰਨਣਾ ਭਾਵ ! ਭਾਵੁਕ ਅਤੇ ਮੂਲ ਤੌਰ ਤੇ ਕੋਈ ਪਛਤਾਵਾਂ ਨਾ ਕਰਨਾ, ਅੱਜ ! ਜੱਗ ਜ਼ਾਹਰ ਹੋ ਚੁੱਕਿਆ ਹੈ।" ਹਾਕਮ ਇਸ ਰਿਪੋਰਟ ਵਾਰੇ ਕਹਿੰਦੇ ਹਨ" "ਕਿ ਇਹ ਮੌਤਾਂ ਜਾਤੀ-ਵਾਦੀ, ਗੈਰ-ਰਸਮੀ ਹਨ, ਕੋਈ ਨਸਲਘਾਤ ਨਹੀਂ ਹੈ !

ਕਮਿਸ਼ਨ ਕਹਿੰਦਾ ਹੈ, 'ਕਿ ਕੈਨੇਡਾ ਦਾ ਮੁੜ ਇਤਿਹਾਸ ਲਿਖਣਾ ਪਵੇਗਾ ? ਕਿਉਂਕਿ ਇਨ੍ਹਾਂ ਘਟਨਾਵਾਂ ਨਾਲ ਅਸੀਂ ਸਾਰੇ ਹੀ ਜਿੰਮੇਵਾਰ ਅਤੇ ਚਿੰਤਤ ਹਾਂ, "(Pericstent and deilberate Pattern of System) ! ਇਸ ਤਰਾਸਦੀ ਲਈ ਮੌਜੂਦਾ ਪ੍ਰਣਾਲੀ ਜੋ ਨਸਲੀ ਵਿਤਕਰੇ ਭਰਪੂਰ, ਲਿੰਗਕ ਤੇ ਮਨੁੱਖੀ ਹੱਕਾਂ ਦੀ ਉਲੰਘਣਾ ਅਤੇ ਦੁਰ-ਵਿਹਾਰ ਦੇ ਸਿੱਧੇ ਸਿੱਟੇ ਵਜੋਂ ਜਿੰਮੇਵਾਰ ਹੈ। ਅੱਜ ਤੱਕ ਕੈਨੇਡਾ ਅੰਦਰ ਅਜਿਹਾ ਇਤਿਹਾਸ ਸਿਰਜਿਆ ਜਾ ਰਿਹਾ ਹੈ, 'ਕਿ ਮੂਲਵਾਸੀ ਲੋਕਾਂ ਨੂੰ 'ਬੇ-ਦਖਲ' ਕੀਤਾ ਜਾਵੇ ਜ਼ਮੀਨਾਂ, ਸਮਾਜਿਕ ਢਾਂਚਾ, ਸਰਕਾਰਾਂ, ਕੌਮਾਂ ਤੇ ਸਮਾਜ ਤੋਂ ਮਰਹੂਮ ਕਰਨਾ ਮਨੁੱਖੀ ਤਸਕਰੀ ਰਾਹੀਂ ਹੋਂਦ ਨੂੰ ਖਤਮ ਕਰਨਾ ਹੈ ! 'ਮੈਟਿਸ ਤੇ ਇਨਯੂਟ ਪੀੜਤਾਂ ਨੂੰ ਕੁਝ ਰਾਹਤਾਂ ਮਿਲਣ ਦੀ ਗੱਲ ਕੀਤੀ ਗਈ ਹੈ ? ਪਰ ! ਮੁਕਤੀ ਕੋਈ ਨਹੀਂ ਹੈ ? ਅਜੇ ਵੀ ਵਿਚਾਰਧਾਰਾ, ਉਪ-ਨਿਵੇਸ਼, ਨਸਲਵਾਦੀ ਪੁਰਾਣੇ ਸਾਜ਼ ਕਾਇਮ ਹਨ " ! ਕਮਿਸ਼ਨ ਦੀ ਮੁੱਖੀ ਬੂਲਰ ਨੇ ਕਿਹਾ ਹੈ, 'ਕਿ ਟਰੂਡੋ ਦੇ ਮੂੰਹੋ ਨਸਲਕੁਸ਼ੀ ਸ਼ਬਦ ਦੀ ਜਰੂਰਤ ਨਹੀਂ ਹੈ ? ਕਾਨੂੰਨੀ ਵਿਸ਼ਲੇਸ਼ਕ ਨੇ ਰਿਪੋਰਟ 'ਚ 'ਨਸਲਕੁਸ਼ੀ' ਦਾ ਇਸਤੇਮਾਲ ਕੀਤਾ ਗਿਆ ਕਿਹਾ ਹੈ ! ਇਹ ਨਸਲਘਾਤ ਇੱਕ ਵੱਖਰੀ ਕਿਸਮ ਦਾ ਨਸਲਘਾਤ ਹੈ ? ਇਹ ਰਿਪੋਰਟ ਲੋਕਾਂ ਦੇ ਦਬਾਅ ਦਾ ਹੀ ਸਿੱਟਾ ਹੈ। ਸਰਕਾਰ ਨਸਲਕੁਸ਼ੀ ਦੇ ਸ਼ਬਦ ਤੋਂ ਡਰ ਰਹੀ ਹੈ ? "ਜੋਹਨ ਆਈ ਵਿਸ਼ਨ- 'ਇਹ ਰਿਪੋਰਟ ਤਬਾਹ ਕੁੰਨ ਹੈ ? ਪੁਲਿਸ ਪ੍ਰਸ਼ਾਸ਼ਨ ਅਤੇ ਸਾਡੀਆਂ ਨੀਤੀਆਂ, ਜਿਨ੍ਹਾਂ ਰਾਹੀਂ ਲੋਕਾਂ ਦੇ ਹੱਕਾਂ ਦੀ ਰਾਖੀ ਹੋਣੀ ਹੈ, ਪੂਰੀ ਤਰ੍ਹਾਂ ਮੂਕ ਬੈਠੇ ਹੋਏ ਹਨ।" ਰਿਪੋਰਟ ਦੀਆਂ ਕੁਝ ਸਿਫਾਰਸ਼ਾਂ :- ਰਿਪੋਰਟ 'ਚ 232 ਤੋਂ ਵੱਧ ਸਿਫਾਰਸ਼ਾਂ ਦੀ ਗੱਲ ਕੀਤੀ ਗਈ ਹੈ ! ਜਿਸ 'ਚ ਪੁਲਿਸ ਸਰਵਿਸ 'ਚ ਸੁਧਾਰ, ਇਨਸਾਫ ਦੇਣ ਵਾਲੀਆਂ ਸੰਸਥਾਵਾਂ ਰਾਹੀਂ ਪਾਰਦਰਸ਼ਤਾਂ ਅਤੇ ਮੂਲਵਾਸੀ ਇਸਤਰੀਆਂ ਅਤੇ "ਟੂ.ਐਸ.ਐਲ.ਜੀ.ਬੀ.ਟੀ.ਕਿਊ.ਕਿਊ ਵਨ.ਏ." ਦੀ ਹਿੱਸੇਦਾਰੀ ਹੋਵੇ ਦੀ ਵੀ ਗੱਲ ਕੀਤੀ ਗਈ ਹੈ।"

" ਕਤਲ ਹੋਈਆਂ, ਗੁੰਮਸ਼ੁਦਾ ਇਸਤਰੀਆਂ ਅਤੇ ਲੜਕੀਆਂ, ਜਿਨ੍ਹਾਂ ਦੀ ਗਿਣਤੀ 2000 (ਦੋ ਹਜ਼ਾਰ) ਤੋਂ ਵੱਧ ਹੈ ਸੰਬੰਧੀ ਕਮਿਸ਼ਨ ਪਾਸ ਪੂਰੇ-ਪੂਰੇ ਅੰਕੜੇ ਨਹੀਂ ਹਨ ਅਤੇ ਨਾਂ ਹੀ ਸਰਕਾਰ ਵਲੋਂ ਉਪਲੱਬਧ ਕਰਾਏ ਗਏ ਹਨ। 2005 ਦੀ ਮੂਲਵਾਸੀ ਇਸਤਰੀਆਂ ਦੀ ਜੱਥੇਬੰਦੀ ਅਤੇ ਆਰ.ਸੀ.ਐਮ.ਪੀ. ਦੀ ਰਿਪੋਰਟ 1980-2012 ਅਨੁਸਾਰ ਇਹ ਗਿਣਤੀ 1200 ਤੋਂ (ਬਾਰਾਂ ਸੌ) ਵੱਧ ਬਣਦੀ ਹੈ। ਇਸ ਦੁਖਾਂਤ ਲਈ ਕੇਂਦਰੀ ਸਰਕਾਰ, ਰਾਜ ਸਰਕਾਰਾਂ ਅਤੇ ਇਨਸਾਫ ਦੇਣ ਵਾਲੇ ਸਾਰੇ ਅਦਾਰੇ ਵੀ ਜਿੰਮੇਵਾਰ ਹਨ ? ਉਪਰੋਕਤ ਸਿਫਾਰਸ਼ਾਂ ਤਾਂ ਹੀ ਅਮਲ 'ਚ ਆ ਸਕਦੀਆਂ ਹਨ, ਜੇਕਰ ਸਾਰੀਆਂ ਸੰਸਥਾਵਾਂ, ਸਰਕਾਰ, ਲੋਕ, ਮਿਲਕੇ ਜਾਗਰੂਕਤਾ ਲਈ ਉਪਰਾਲੇ ਕਰਨ ਤੇ ਅਮਲ ਕੀਤਾ ਜਾਵੇ, ਤਾਂ ਹੀ ਸਾਰਥਿਕ ਨਤੀਜੇ ਤੇ ਇਨਸਾਫ ਮਿਲ ਸਕੇਗਾ ?"

ਕੈਨੇਡਾ ਦੇ ਘੱਟ ਗਿਣਤੀ ਪ੍ਰਣਾਲੀ ਅਤੇ ਸਾਰੀਆਂ ਹੀ ਜਮਹੂਰੀ ਸ਼ਕਤੀਆਂ ਨੂੰ ਮਿਲਕੇ, ਸਾਰੇ ਜਮਹੂਰੀ ਢੰਗਾਂ ਨਾਲ ਮੂਲਵਾਸੀ ਲੋਕਾਂ ਦੇ ਹੱਕਾਂ ਲਈ ਅਵਾਜ਼ ਉਠਾਉਣੀ ਚਾਹੀਦੀ ਹੈ" ! ਹੱਥ ਮਿਲਾਉਣ ਤੋਂ ਪਹਿਲਾ (ਰੀਕਨਸਾਈਲੇਸ਼ਨ) ਅਤੇ ਸਚਾਈ (ਟਰੁਥ) ਰਿਪੋਰਟ ਤੇ ਕਾਰਵਾਈ ਕੀ ਹੋਵੇ ? ਬਸਤੀਵਾਦ ਦੌਰਾਨ ਅੱਜ ਤੱਕ ਜੋ ਅਸੀਂ ਦੁੱਖ ਝੇਲਦੇ ਆ ਰਹੇ ਹਾਂ ਅਤੇ ਇਤਿਹਾਸਕ ਤੌਰ ਤੇ ਬਸਤੀਵਾਦੀ ਨੀਤੀਆਂ, ਜੋ 1867 ਦੇ ਸੰਵਿਧਾਨ ਬਾਦ ਹੋਂਦ 'ਚ ਆਈਆਂ, ਤੋਂ ਕਿਵੇਂ ਛੁਟਕਾਰਾ ਹੋਵੇਗਾ, ਲਈ ਮੂਲ ਅਧਿਕਾਰ ਕੀ ਬਣਾਇਆ ਜਾਵੇਗਾ ? ਸਾਡੀਆਂ ਭੂਮੀ-ਜਮੀਨ, ਜੰਗਲ, ਪਾਣੀ ਅਤੇ ਵਾਤਾਵਰਣ ਕੀ ਸਾਨੂੰ ਮੁੜ ਮਿਲ ਸਕੇਗਾ ? ਮੂਲਵਾਸੀ ਲੋਕਾਂ (ਫਸਟਨੇਸ਼ਨ) ਲੋਕਾਂ ਦੇ ਖੁਦ-ਮੁਖਤਿਆਰੀ ਦੇ ਅਧਿਕਾਰ, ਜੋ ਸਮਝੌਤਿਆਂ, ਅਧਿਕਾਰ ਨਾਮਿਆਂ ਤੇ ਮੂਲਵਾਸੀ ਅਧਿਕਾਰਾਂ ਜੋ ਕੌਮਾਂਤਰੀ ਪ੍ਰਿੰਸੀਪਲਾਂ ਤੇ ਅਧਾਰਿਤ ਹਨ ! ਮੁਤਾਬਿਕ ਕੀ ਦਿੱਤੇ ਜਾਣਗੇ ? ਸਾਡੀ ਜਮੀਨ ਅਤੇ ਸੋਮੇ, ਜੋ ਸਾਡੇ ਮੁੱਖ ਸਰੋਤ ਸਨ, ਜਿਹੜੇ ਖੋਹ ਲਏ ਗਏ ਹਨ, ਸੰਯੁਕਤ ਰਾਸ਼ਟਰ ਦੇ ਘੋਸ਼ਣਾ-ਪੱਤਰ ਅਨੁਸਾਰ, ਕੀ ਵਾਪਸ ਹੋ ਜਾਣਗੇ ? ਸਾਡੀ ਇਹ ਵੀ ਮੰਗ ਹੈ, "ਕਿ ਸਾਡੇ ਬੱਚਿਆਂ ਅਤੇ ਨੌਜਵਾਨਾਂ ਦੇ ਸ਼ਸ਼ਕਤੀਕਰਨ ਲਈ ਉਨ੍ਹਾਂ ਦੇ ਉਠਾਨ ਲਈ ਜੋਰ-ਸ਼ੋਰ ਨਾਲ ਉਪਰਾਲੇ ਕਰਨ ਲਈ 'ਨਸ਼ੇ ਤੇ ਹਿੰਸਾ ਤੇ ਰੋਕ ਅਤੇ ਰੁਜ਼ਗਾਰ ਲਈ ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਮਿਲ ਕੇ ਯਤਨ ਕੀਤੇ ਜਾਣ ! ਮੂਲਵਾਸੀ ਭਾਈਚਾਰੇ ਦੀਆਂ ਇਸਤਰੀਆਂ ਅਤੇ ਲੜਕੀਆਂ ਦੀ ਸੁਰੱਖਿਆ ਲਈ ਪ੍ਰਭਾਵਸ਼ਾਲੀ ਢੰਗ ਨਾਲ ਕਦਮ ਚੁੱਕੇ ਜਾਣ ਅਤੇ ਇਸ ਵਰਗ ਅੰਦਰ ਜਾਗਰੂਕਤਾ ਲਿਆਉਣ ਲਈ, ਸਿੱਖਿਆ, ਰੁਜ਼ਗਾਰ ਅਤੇ ਖੁਦ ਸੁਰੱਖਿਆ ਪ੍ਰਤੀ ਸਰਕਾਰੀ ਪੱਧਰ ਤੇ ਉਪਰਾਲੇ ਕੀਤੇ ਜਾਣ। ਐਮ.ਐਮ.ਆਈ.ਡਬਲਯੂ.ਜੀ. ਸੰਬੰਧੀ ਰਿਪੋਰਟ ਨੂੰ ਪ੍ਰਵਾਨ ਕਰਦੇ ਹੋਏ, "ਇਸ ਅੰਦਰ ਪਾਈਆਂ ਜਾ ਰਹੀਆਂ ਖਾਮੀਆਂ ਅਤੇ ਤਰੁੱਟੀਆਂ ਦੂਰ ਕਰਕੇ 'ਪੁਲਿਸ ਦੇ ਰੋਲ ਅਤੇ ਪੀੜਤਾਂ ਨਾਲ ਹੋਏ ਦੁਰ-ਵਿਹਾਰ ਸਬੰਧੀ ਦੋਸ਼ੀ ਵਿਅਕਤੀਆਂ ਵਿਰੁੱਧ ਸਖਤੀ ਨਾਲ ਕਾਰਵਾਈ ਕੀਤੀ ਜਾਵੇ ! 'ਯੂ.ਐਨ. ਤੇ ਮਨੁੱਖੀ ਅਧਿਕਾਰ ਸੰਸਥਾਵਾਂ ਰਾਹੀਂ ਇਸਤਰੀਆਂ, ਲੜਕੀਆਂ ਨਾਲ ਹੋਈਆਂ ਵਧੀਕੀਆਂ ਸਬੰਧੀ ਬਾਹਰੋਂ ਇਨਕੁਆਰੀਆਂ ਕਰਵਾ ਕੇ ਪੂਰਾ-ਪੂਰਾ ਇਨਸਾਫ ਦਿੱਤਾ ਜਾਵੇ ! ਮੂਲਵਾਸੀ ਕੌਮ ਨੂੰ ਮੁੜ ਪੈਰਾਂ, ਰੁਤਬੇ, ਹੱਕਾਂ ਅਤੇ ਪ੍ਰਭੂਸਤਾ ਦਾ ਹੱਕ ਦਿਵਾਉਣ ਲਈ ਅਤੇ ਫਸਟ ਨੇਸ਼ਨ ਐਸਬਲੀ, ਜੋ ਚੀਫਾਂ ਦੀ ਸੰਸਥਾ ਹੈ, ਨੂੰ ਵੀ ਉਸ ਦੇ ਆਪਣੇ ਚਾਰਟਰ ਨੂੰ ਲਾਗੂ ਕਰਨ ਲਈ, ਤਾਂ ਕਿ ਸਾਰੀ ਨੇਸ਼ਨ ਮਜ਼ਬੂਤ ਹੋ ਸਕਣ ? 'ਚ ਸੁਧਾਰ ਕਰਨੇ ਚਾਹੀਦੇ ਹਨ ! ਤਾਂ ਜੋ ਅਸੀਂ ਆਪਣੀ ਜਿੰਦਗੀ ਬਿਹਤਰ ਢੰਗ ਨਾਲ ਜੀਅ ਸੱਕੀਏ !

# ਨੌਕਰੀਆਂ ਲਈ ਭਟਕਣ ਦੀ ਬਜਾਏ ਉੱਦਮੀ ਬਣਨ ਦੀ ਲੋੜ

-ਪ੍ਰੋ. ਹਰੀ ਸਿੰਘ ਦੁੱਗਰੀ



ਅੱਜ ਦੇ ਨੌਜਵਾਨ ਰੁਜ਼ਗਾਰ ਨਾ ਮਿਲਣ ਕਾਰਨ ਪ੍ਰੇਸ਼ਾਨ ਹਨ। ਨੌਜਵਾਨਾਂ ਕੋਲ ਡਿਗਰੀਆਂ ਹੋਣ ਦੇ ਬਾਵਜੂਦ ਨੌਕਰੀ ਲਈ ਭਟਕਣਾ ਪੈਂਦਾ ਹੈ। ਅਜਿਹੇ ਸਮੇਂ ਵਿੱਚ ਜ਼ਰੂਰੀ ਹੈ ਕਿ ਨੌਜਵਾਨ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਲਈ ਉੱਦਮ ਕਰਕੇ ਸਵੈ-ਰੁਜ਼ਗਾਰ ਪੈਦਾ ਕਰਨ। ਸਵੈ-ਰੁਜ਼ਗਾਰ ਪੈਦਾ ਕਰਨ ਦੇ ਉਪਰਾਲੇ ਨੂੰ ਐਂਟਰਪ੍ਰੀਨਿਓਰਸ਼ਿਪ (entrepre- neurship) ਕਿਹਾ ਜਾਂਦਾ ਹੈ ਅਤੇ ਕੰਮ ਕਰਨ ਵਾਲੇ ਨੂੰ ਐਂਟਰਪ੍ਰੀਨਿਓਰ (entrepreneur) ਅਰਥਾਤ ਉੱਦਮੀ ਕਿਹਾ ਜਾਂਦਾ ਹੈ। ਉੱਦਮੀ ਵਿਅਕਤੀ ਹੌਸਲੇ ਨਾਲ ਕੋਈ ਨਵਾਂ ਕੰਮ/ਕਾਰੋਬਾਰ ਸ਼ੁਰੂ ਕਰਦਾ ਹੈ, ਜਿਸ ਬਦੌਲਤ ਉਹ ਆਪਣੇ ਪੈਰਾਂ 'ਤੇ ਖੜ੍ਹਾ ਹੁੰਦਾ ਹੈ ਤੇ ਸਮਾਜ ਦੀਆਂ ਲੋੜਾਂ ਵੀ ਪੂਰੀਆਂ ਕਰਦਾ ਹੈ।

ਉੱਦਮੀ ਲਈ ਨਵਾਂ ਕੰਮ ਸ਼ੁਰੂ ਕਰਨਾ ਸੌਖਾ ਨਹੀਂ ਹੁੰਦਾ। ਉਸ ਨੇ ਸੂਝ-ਬੂਝ ਨਾਲ ਕਿਸੇ ਕੰਮ ਦੀ ਭਾਲ ਕਰਨੀ ਹੁੰਦੀ ਹੈ। ਇਸ ਲਈ ਸਭ ਤੋਂ ਪਹਿਲਾਂ ਲੋੜ ਹੈ ਕਿ ਉੱਦਮੀ ਮਨੁੱਖ ਆਪਣੇ ਗੁਣਾਂ ਤੇ ਯੋਗਤਾ ਦੀ ਘੋਖ ਕਰੇ ਅਤੇ ਉਸ ਮੁਤਾਬਕ ਕੋਈ ਕੰਮ ਕਰਨ ਬਾਰੇ ਸੋਚੇ। ਉਸ ਕੰਮ ਬਾਰੇ ਸਿਖਲਾਈ ਹਾਸਲ ਕਰੇ ਅਤੇ ਡਟ ਕੇ ਮਿਹਨਤ ਕਰੇ। ਬਹੁਤ ਸਾਰੇ ਕਾਰੋਬਾਰਾਂ ਵਿੱਚ ਮਸ਼ੀਨਰੀ, ਪੈਸੇ ਤੇ ਕੰਮ ਕਰਨ ਵਾਲੇ ਬੰਦਿਆਂ (ਕਾਰੀਗਰਾਂ) ਦੀ ਲੋੜ ਹੁੰਦੀ ਹੈ। ਇਸ ਸਭ ਲਈ ਜਾਣਕਾਰੀ ਹਾਸਲ ਕਰਨੀ ਜ਼ਰੂਰੀ ਹੁੰਦੀ ਹੈ। ਜਦੋਂ ਅਸੀਂ ਕੋਈ ਕਾਰੋਬਾਰ/ਦੁਕਾਨ ਸ਼ੁਰੂ ਕਰਦੇ ਹਾਂ ਤਾਂ ਆਮਦਨ ਇਕਦਮ ਸ਼ੁਰੂ ਨਹੀਂ ਹੁੰਦੀ। ਇਸ ਬਾਰੇ ਕਹਾਵਤ ਹੈ ਕਿ ਪਹਿਲੇ ਸਾਲ ਹੱਟੀ, ਦੂਜੇ ਸਾਲ ਚੱਟੀ, ਤੀਜੇ ਸਾਲ ਖੱਟੀ। ਇਸ ਲਈ ਉੱਦਮੀ ਨੂੰ ਕਾਹਲੇ ਨਹੀਂ ਪੈਣਾ ਚਾਹੀਦਾ, ਬਲਕਿ ਡਟ ਕੇ ਕੰਮ ਕਰਦੇ ਰਹਿਣਾ ਚਾਹੀਦਾ ਹੈ। ਹਰ ਕੋਈ ਉੱਦਮੀ ਨਹੀਂ ਬਣ ਸਕਦਾ। ਉੱਦਮੀਆਂ ਵਿੱਚ ਖ਼ਾਸ ਗੁਣ ਇਹ ਹਨ:

* ਕੰਮ ਕਰਨ ਦੀ ਤੀਬਰ ਇੱਛਾ ਹੁੰਦੀ ਹੈ।
* ਨਵੇਂ ਢੰਗ/ਤਰੀਕੇ ਲੱਭਣ ਦੀ ਨਿਪੁੰਨਤਾ ਹੁੰਦੀ ਹੈ।
* ਜ਼ਿੰਦਗੀ ਵਿੱਚ ਕੋਈ ਮੁਕਾਮ ਪਾਉਣ ਦੀ ਤਾਂਘ ਹੁੰਦੀ ਹੈ।
* ਦ੍ਰਿੜ ਵਿਸ਼ਵਾਸ ਹੁੰਦਾ ਹੈ ਕਿ ਉਹ ਅੰਤ ਵਿਚ ਸਫ਼ਲਤਾ ਜ਼ਰੂਰ ਪ੍ਰਾਪਤ ਕਰਨਗੇ।
* ਉਹ ਹਰ ਕੰਮ ਜ਼ਿੰਮੇਵਾਰੀ ਤੇ ਇਮਾਨਦਾਰੀ ਨਾਲ ਕਰਦੇ ਹਨ।
* ਉੱਦਮੀ ਕੁਝ ਹੱਦ ਤੱਕ ਖ਼ਤਰੇ ਮੁੱਲ ਲੈਂਦੇ ਹਨ ਅਰਥਾਤ ਨਵੇਂ ਰਸਤੇ 'ਤੇ ਚੱਲਣ ਦੀ ਹਿੰਮਤ ਕਰਦੇ ਹਨ।
* ਉਨ੍ਹਾਂ ਨੂੰ ਸਮੂਹ ਤੋਂ ਕੰਮ ਕਰਵਾਉਣ ਦਾ ਢੰਗ ਆਉਂਦਾ ਹੈ ਅਤੇ ਉਹ ਆਪਣੇ ਕੰਮ ਨੂੰ ਆਪਣੇ ਸਾਥੀਆਂ ਵਿੱਚ ਵੰਡਕੇ ਕਰਦੇ ਹਨ, ਜਿਸ ਨਾਲ ਉਹ ਆਪਣੇ ਸਾਥੀਆਂ ਦੀ ਯੋਗਤਾ ਵਿੱਚ ਵਾਧਾ ਵੀ ਕਰਦੇ ਹਨ।
* ਉਹ ਰੁਪਏ-ਪੈਸੇ ਦੇ ਲਾਲਚੀ ਨਹੀਂ ਹੁੰਦੇ ਸਗੋਂ ਇਸ 'ਤੇ ਪੂਰਾ ਕੰਟਰੋਲ ਰੱਖਦੇ ਹੋਏ ਠੀਕ ਵਰਤੋਂ ਕਰਦੇ ਹਨ।
* ਉਹ ਮਿਲਾਪੜੇ ਹੁੰਦੇ ਹਨ ਅਤੇ ਉਨ੍ਹਾਂ ਦੀ ਮਿੱਤਰਤਾ ਦਾ ਘੇਰਾ ਬਹੁਤ ਵਿਸ਼ਾਲ ਹੁੰਦਾ ਹੈ।
* ਉਨ੍ਹਾਂ ਦੀ ਸੋਚ ਹਾਂ-ਪੱਖੀ ਅਰਥਾਤ ਉਸਾਰੂ ਹੁੰਦੀ ਹੈ ਅਤੇ ਉਹ ਨਿੰਦਿਆ, ਚੁਗਲੀ, ਆਲਸਪੁਣਾ ਤੇ ਘਟੀਆ ਸੋਚਾਂ ਤੋਂ ਮੁਕਤ ਹੁੰਦੇ ਹਨ।
* ਉਨ੍ਹਾਂ ਦਾ ਚਰਿੱਤਰ ਉੱਚਾ ਹੁੰਦਾ ਹੈ। ਉਹ ਇਮਾਨਦਾਰ ਤੇ ਭਰੋਸੇਯੋਗ ਹੁੰਦੇ ਹਨ।
* ਉਹ ਨਵੇਂ ਗਿਆਨ ਤੇ ਨਵੇਂ ਹੁਨਰਾਂ ਜਾਂ ਤਕਨਾਲੋਜੀ ਨੂੰ ਸਿੱਖਦੇ ਰਹਿੰਦੇ ਹਨ।
* ਉਹ ਸਮੇਂ ਦੀ ਸਹੀਂ ਵਰਤੋਂ ਕਰਦੇ ਹਨ ਅਤੇ ਆਪਣੀ ਸਿਹਤ ਦਾ ਪੂਰਾ ਖਿਆਲ ਰੱਖਦੇ ਹਨ।
* ਉਨ੍ਹਾਂ ਦੀ ਬੋਲੀ ਵਿੱਚ ਲਿਆਕਤ ਹੁੰਦੀ ਹੈ ਅਤੇ ਹਰ ਸਮੇਂ ਸਹਿਜ ਅਵਸਥਾ ਵਿੱਚ ਰਹਿੰਦੇ ਹਨ।
* ਉਹ ਕੰਮ ਕਰਦੇ ਥੱਕਦੇ ਨਹੀਂ, ਕਿਉਂਕਿ ਉਨ੍ਹਾਂ ਨੂੰ ਆਪਣੇ ਕੰਮ ਵਿੱਚ ਪੂਰਾ ਆਨੰਦ ਮਿਲਦਾ ਹੈ। ਉਨ੍ਹਾਂ ਵਿੱਚ ਪੂਰਨ ਸਵੈ-ਵਿਸ਼ਵਾਸ ਹੁੰਦਾ ਹੈ।
* ਉਹ ਸਮਾਜ-ਸੇਵਕ ਵੀ ਹੁੰਦੇ ਹਨ ਅਤੇ ਸਮਾਜ ਵਿੱਚ ਕਈ ਚੰਗੇ ਕੰਮ ਕਰਦੇ ਹਨ।

ਉਪਰ ਦੱਸੇ ਗੁਣ, ਸੂਝ, ਮਿਹਨਤ, ਚੰਗੀ ਸਿੱਖਿਆ, ਚੰਗੇ ਗੁਰੂ/ਅਧਿਆਪਕ ਰਾਹੀਂ ਪੈਦਾ ਕੀਤੇ ਜਾ ਸਕਦੇ ਹਨ। ਇਸ ਕੰਮ ਲਈ ਵਿਅਕਤੀ ਸਿਰੜੀ ਹੋਣਾ ਚਾਹੀਦਾ ਹੈ। ਇਹੋ ਜਿਹੇ ਗੁਣਾਂ ਵਾਲੇ ਮਨੁੱਖ ਉੱਦਮ ਰਾਹੀਂ ਕੋਈ ਨਾ ਕੋਈ ਕੰਮ ਆਪਣੀ ਯੋਗਤਾ ਅਨੁਸਾਰ ਲੱਭ ਹੀ ਲੈਂਦੇ ਹਨ। ਜਿਸ ਰਾਹੀਂ ਉਹ ਸਮਾਜ ਦੀਆਂ ਲੋੜਾਂ ਪੂਰੀਆਂ ਕਰਦੇ ਹਨ ਅਤੇ ਚੰਗੀ ਕਮਾਈ ਵੀ ਕਰਦੇ ਹਨ। ਇਸ ਲਈ ਆਓ ਉੱਦਮੀ ਬਣੀਏ ਤੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਕੇ ਸਫ਼ਲਤਾ ਪਾਉਣ ਦਾ ਯਤਨ ਕਰੀਏ।



# ਸਿਹਤ ਸੰਸਾਰ

## ਕਿਉਂ ਵਧਦਾ ਹੈ ਬਲੱਡ ਪ੍ਰੈਸ਼ਰ

ਤਣਾਅ, ਸਰੀਰਗਤ ਖਾਮੀ, ਖਾਣ-ਪੀਣ ਵਿਚ ਬੇਨਿਯਮੀਆਂ, ਮੋਟਾਪਾ, ਖਾਨਦਾਨੀ ਵਰਗੇ ਕਾਰਨਾਂ ਕਰਕੇ ਇਸ ਬਿਮਾਰੀ ਨੂੰ ਘਰ ਬਣਾਉਣ ਦਾ ਮੌਕਾ ਮਿਲਦਾ ਹੈ। ਲੂਣ ਦੀ ਬਹੁਤਾਤ, ਪੋਟਾਸ਼ੀਅਮ ਦੀ ਕਮੀ ਵੀ ਕਾਰਨ ਬਣਦੀ ਹੈ। ਉੱਚ ਖ਼ੂਨ ਦਬਾਅ ਦੇ ਬਣੇ ਰਹਿਣ 'ਤੇ ਦਿਲ ਅਤੇ ਗੁਰਦੇ ਪ੍ਰਭਾਵਿਤ ਹੋ ਜਾਂਦੇ ਹਨ। ਐਲੋਪੈਥੀ ਵਿਚ ਕੁਝ ਦਵਾਈਆਂ ਅਜਿਹੀਆਂ ਵੀ ਹਨ ਜੋ ਖ਼ੂਨ ਦੇ ਦਬਾਅ ਨੂੰ ਵਧਾਉਂਦੀਆਂ ਹਨ। ਗਰਭਵਤੀ ਔਰਤਾਂ ਵਿਚ ਗਰਭ ਅਵਸਥਾ ਦੇ 24ਵੇਂ ਹਫ਼ਤੇ ਬਾਅਦ ਇਹ ਸਾਹਮਣੇ ਆਉਂਦਾ ਹੈ। ਇਸ ਨਾਲ ਗਰਭ ਦੇ ਬੱਚੇ ਦੇ ਵਿਕਾਸ ਵਿਚ ਮੁਸ਼ਕਿਲ ਆ ਸਕਦੀ ਹੈ।

**ਉੱਚ ਖ਼ੂਨ ਦਬਾਅ ਦੇ ਲੱਛਣ**

ਸਿਰ ਵਿਚ ਤੇਜ਼ ਦਰਦ, ਅੱਖਾਂ ਦੇ ਅੱਗੇ ਧੁੰਦਲਾਪਨ ਆਉਣਾ, ਪੇਟ ਵਿਚ ਦਰਦ ਅਤੇ ਘਬਰਾਹਟ ਮਹਿਸੂਸ ਹੋਣਾ, ਸੀਨੇ ਵਿਚ ਜਲਣ ਹੋਣਾ, ਹੱਥਾਂ ਅਤੇ ਚਿਹਰੇ 'ਤੇ ਸੋਜ ਵਧਣੀ, ਇਨ੍ਹਾਂ ਵਿਚੋਂ ਇਕ ਜਾਂ ਕਈ ਲੱਛਣ ਹੋ ਸਕਦੇ ਹਨ।



**ਚੈੱਕ ਕਰਾਉਣ ਤੋਂ ਪਹਿਲਾਂ**

30 ਮਿੰਟ ਪਹਿਲਾਂ ਕੌਫੀ ਜਾਂ ਸਿਗਰਿਟ ਦਾ ਸੇਵਨ ਨਾ ਕਰੋ। ਛੋਟੀ ਬਾਂਹ ਵਾਲੇ ਕੱਪੜੇ ਪਹਿਨੋ। ਖ਼ੂਨ ਦਾ ਦਬਾਅ ਚੈੱਕ ਕਰਾਉਣ ਤੋਂ ਪਹਿਲਾਂ ਟਾਇਲਟ ਜਾਓ। ਡਾਕਟਰ ਦੇ ਕੋਲ 5 ਮਿੰਟ ਸ਼ਾਂਤੀ ਨਾਲ ਬੈਠੋ, ਫਿਰ ਖ਼ੂਨ ਦਾ ਦਬਾਅ ਚੈੱਕ ਕਰਾਓ। ਹਮੇਸ਼ਾ ਕੁਰਸੀ 'ਤੇ ਪਿੱਛੇ ਵੱਲ ਕਮਰ ਟਿਕਾ ਕੇ ਬੈਠੋ। ਕੁਰਸੀ ਦੇ ਹੱਥੇ 'ਤੇ ਦਿਲ ਦੀ ਸੇਧ ਵਿਚ ਆਪਣੀ ਬਾਂਹ ਟਿਕਾਓ। ਇਸ ਹੀ ਵਾਰ ਦੀ ਜਾਂਚ ਤੋਂ ਬਾਅਦ ਇਹ ਤੈਅ ਹੁੰਦਾ ਹੈ। ਸਾਰੇ ਤਣਾਅ ਤੋਂ ਮੁਕਤ ਹੋ ਕੇ ਸ਼ਾਂਤੀ ਨਾਲ ਖ਼ੂਨ ਦੇ ਦਬਾਅ ਦੀ ਜਾਂਚ ਕਰਾਓ। ਕਈ ਵਾਰ ਡਾਕਟਰ ਦੇ ਪਹੁੰਚਣ 'ਤੇ ਖ਼ੂਨ ਦਾ ਦਬਾਅ ਵਧ ਜਾਂਦਾ ਹੈ।

**ਕਾਬੂ ਕਿਵੇਂ ਕਰੀਏ**

ਸੰਤੁਲਤ ਭੋਜਨ ਲਓ। ਫਲ, ਸਬਜ਼ੀਆਂ ਅਤੇ ਘੱਟ ਚਰਬੀ ਵਾਲੀਆਂ ਚੀਜ਼ਾਂ ਖਾਓ। ਨਮਕ ਅਤੇ ਸੋਡੀਅਮ ਦੀ ਮਾਤਰਾ ਘੱਟ ਕਰ ਦਿਓ। ਭਾਰ ਕਾਬੂ ਵਿਚ ਰੱਖੋ। ਸਰੀਰਕ ਕਸਰਤ ਕਰੋ। ਹਰ ਰੋਜ਼ 30 ਮਿੰਟ ਪੈਦਲ ਚੱਲੋ। ਮਾਦਕ ਪਦਾਰਥਾਂ ਦਾ ਸੇਵਨ ਨਾ ਕਰੋ। ਸੰਜਮਤ ਖਾਣ-ਪੀਣ, ਰਹਿਣ-ਸਹਿਣ ਤੋਂ ਬਾਅਦ ਵੀ ਖ਼ੂਨ ਦਾ ਦਬਾਅ ਕਾਬੂ ਵਿਚ ਨਾ ਆਵੇ ਤਾਂ ਡਾਕਟਰ ਵਲੋਂ ਲਿਖੀ ਦਵਾਈ ਨਿਯਮਤ ਖਾਓ।

**ਉਤਰਾਅ-ਚੜ੍ਹਾਅ**

- ਠੰਢੇ ਪਾਣੀ ਵਿਚ ਨਹਾਉਣ 'ਤੇ ਤੁਰੰਤ ਖ਼ੂਨ ਦਾ ਦਬਾਅ ਵਧਦਾ ਹੈ, ਫਿਰ ਕੁਝ ਦੇਰ ਬਾਅਦ ਆਮ ਹੋ ਜਾਂਦਾ ਹੈ।
- ਭੋਜਨ ਤੋਂ ਬਾਅਦ ਵੀ ਖ਼ੂਨ ਦਾ ਦਬਾਅ ਵਧਦਾ ਹੈ।
- ਸਖ਼ਤ ਕੰਮ ਜਾਂ ਦੌੜਨ 'ਤੇ ਵੀ ਇਹੀ ਹੁੰਦਾ ਹੈ। ਪਿਸ਼ਾਬ ਅਤੇ ਹਾਜਤ ਨੂੰ ਜ਼ਿਆਦਾ ਰੋਕਣ 'ਤੇ ਵੀ ਖ਼ੂਨ ਦਾ ਦਬਾਅ ਵਧਦਾ ਹੈ।
- ਤੇਜ਼ ਸ਼ੋਰ ਦੇ ਕਾਰਨ ਵੀ ਖ਼ੂਨ ਦਾ ਦਬਾਅ ਵਧਦਾ ਹੈ। ਪਿੱਠ ਪਿੱਛੇ ਪਟਾਕੇ ਦੀ ਤੇਜ਼ ਆਵਾਜ਼ ਨਾਲ ਵੀ ਅਜਿਹਾ ਹੁੰਦਾ ਹੈ।
- ਮਾਦਕ ਪਦਾਰਥਾਂ ਦੇ ਸੇਵਨ ਨਾਲ ਵੀ ਖ਼ੂਨ ਦਾ ਦਬਾਅ ਵਧਦਾ ਹੈ। ਉਪਰੋਕਤ ਸਭ ਕਾਰਨਾਂ ਨਾਲ ਵਧਿਆ ਖ਼ੂਨ ਦਾ ਦਬਾਅ ਕੁਝ ਦੇਰ ਬਾਅਦ ਠੀਕ ਹੋ ਜਾਂਦਾ ਹੈ।

**-ਸੀਤੇਸ਼ ਕੁਮਾਰ ਦਿਵੇਦੀ**

## ਦਹੀਂ ਖਾਓ, ਦਿਲ ਬਚਾਓ

ਵਿਸ਼ਵ ਦੇ ਲਗਪਗ ਹਰ ਕੋਨੇ ਵਿਚ ਦਹੀਂ ਦਾ ਸੇਵਨ ਅਨੇਕ ਰੂਪਾਂ ਵਿਚ ਕੀਤਾ ਜਾਂਦਾ ਹੈ। ਆਪਣੇ ਦੇਸ਼ ਵਿਚ ਲੱਸੀ, ਰਾਇਤਾ, ਕੜ੍ਹੀ, ਦਹੀਂ-ਵੜੇ ਅਤੇ ਚਾਟ ਦੇ ਰੂਪ ਵਿਚ ਦਹੀਂ ਦੀ ਵਰਤੋਂ ਕੀਤੀ ਜਾਂਦੀ ਹੈ। ਰੂਸ ਦੇ ਜਾਰਜੀਆ ਅਤੇ ਬੁਲਗਾਰੀਆ ਆਦਿ ਦੇ ਲੋਕ ਅੱਜ ਵੀ ਦਹੀਂ ਦਾ ਨਿਯਮਤ ਸੇਵਨ ਕਰਨ ਕਰਕੇ ਇਕ ਸੌ ਸਾਲ ਤੋਂ ਵੱਧ ਉਮਰ ਨੂੰ ਪਾਰ ਕਰ ਜਾਂਦੇ ਹਨ। ਦੁੱਧ ਦੀ ਚਿਕਨਾਈ ਕੋਲੈਸਟ੍ਰੋਲ ਨੂੰ ਵਧਾਉਂਦੀ ਹੈ, ਜਿਸ ਕਾਰਨ ਜ਼ਿਆਦਾ ਦੁੱਧ ਪੀਣ ਵਾਲਿਆਂ ਨੂੰ ਦਿਲ ਦੇ ਰੋਗ ਹੋਣ ਦੀਆਂ ਕਾਫੀ ਸੰਭਾਵਨਾਵਾਂ ਬਣੀਆਂ ਰਹਿੰਦੀਆਂ ਹਨ।

**ਦਹੀਂ ਕੋਲੈਸਟ੍ਰੋਲ ਘਟਾਉਂਦਾ ਹੈ**



ਦਹੀਂ ਦੇ ਸਬੰਧ ਵਿਚ ਖੋਜ ਕਰਨ ਵਾਲੇ ਅਮਰੀਕੀ ਵਿਗਿਆਨੀ ਡਾ: ਮਾਨ ਨੇ ਪਾਇਆ ਕਿ ਦਹੀਂ ਦਾ ਬੈਕਟੀਰੀਆ ਇਕ ਅਜਿਹੇ ਪਦਾਰਥ ਦੀ ਰਚਨਾ ਕਰਦਾ ਹੈ ਜੋ ਲਿਵਰ ਵਿਚ ਕੋਲੈਸਟ੍ਰੋਲ ਦਾ ਬਣਨਾ ਰੋਕ ਦਿੰਦਾ ਹੈ। ਨਤੀਜੇ ਵਜੋਂ ਦਹੀਂ ਦੇ ਸੇਵਨ ਨਾਲ ਸਰੀਰ ਵਿਚ ਬਣਨ ਵਾਲੇ ਕੋਲੈਸਟ੍ਰੋਲ ਦੀ ਰਚਨਾ ਵਿਚ ਗਿਰਾਵਟ ਆ ਜਾਂਦੀ ਹੈ। ਇਹ ਠੀਕ ਹੈ ਕਿ ਦਿਲ ਦੇ ਰੋਗਾਂ ਵਿਚ ਅਤੇ ਖ਼ੂਨ ਦਾ ਦਬਾਅ ਵਧ ਜਾਣ 'ਤੇ ਦਹੀਂ ਦੇ ਸੇਵਨ ਦੁਆਰਾ ਖ਼ੂਨ ਵਿਚ ਮੌਜੂਦ ਕੋਲੈਸਟ੍ਰੋਲ ਦੀ ਮਾਤਰਾ ਘੱਟ ਹੋ ਜਾਂਦੀ ਹੈ ਪਰ ਇਸ ਲਈ ਅਜੇ ਖੋਜ ਜਾਰੀ ਹੈ ਕਿ ਕਿੰਨਾ ਦਹੀਂ ਖਾਣ ਨਾਲ ਕਿੰਨਾ ਕੋਲੈਸਟ੍ਰੋਲ ਘੱਟ ਹੋਵੇਗਾ।

**ਦਹੀਂ ਦਾ ਪ੍ਰਹੇਜ਼ ?**

ਆਯੁਰਵੈਦ ਗ੍ਰੰਥ ਚਰਕ ਸੰਹਿਤਾ ਦੇ ਅਨੁਸਾਰ ਦਹੀਂ ਦੇ ਸੇਵਨ ਸਬੰਧੀ ਕੁਝ ਸਾਵਧਾਨੀਆਂ ਵੀ ਦੱਸੀਆਂ ਗਈਆਂ ਹਨ। ਉਨ੍ਹਾਂ ਦਾ ਪਾਲਣ ਨਾ ਕਰਨ ਨਾਲ ਅੰਮ੍ਰਿਤ ਵਰਗਾ ਦਹੀਂ ਦਾ ਪ੍ਰਭਾਵ ਘੱਟ ਹੋ ਜਾਂਦਾ ਹੈ। ਦਹੀਂ ਅਣਜਾਣੇ ਉਪਦ੍ਰਵਾਂ ਨੂੰ ਜਨਮ ਦੇਣ ਵਾਲਾ ਵੀ ਹੁੰਦਾ ਹੈ। ਫਾਈਲੇਰੀਆ ਦੇ ਰੋਗੀਆਂ ਨੂੰ ਦਹੀਂ ਕਦੇ ਨਹੀਂ ਖਾਣਾ ਚਾਹੀਦਾ।

* ਦਹੀਂ ਨੂੰ ਤਾਂਬੇ, ਪਿੱਤਲ, ਕਾਂਸੀ ਅਤੇ ਐਲੂਮੀਨੀਅਮ ਦੇ ਭਾਂਡਿਆਂ ਵਿਚ ਨਹੀਂ ਰੱਖਣਾ ਚਾਹੀਦਾ, ਕਿਉਂਕਿ ਇਨ੍ਹਾਂ ਧਾਤੂਆਂ ਦੇ ਸੰਪਰਕ ਵਿਚ ਦਹੀਂ ਜ਼ਹਿਰੀਲਾ ਹੋ ਜਾਂਦਾ ਹੈ। ਕੱਚ, ਸਟੀਲ, ਮਿੱਟੀ ਦੇ ਭਾਂਡਿਆਂ ਵਿਚ ਹੀ ਦਹੀਂ ਨੂੰ ਰੱਖ ਕੇ ਵਰਤਣਾ ਚਾਹੀਦਾ ਹੈ।
* ਦਹੀਂ ਨੂੰ ਰਾਤ ਨੂੰ ਖਾਣ ਨਾਲ ਕਫਜਨਿਤ ਰੋਗ ਘੇਰ ਲੈਂਦੇ ਹਨ। ਦਹੀਂ ਨੂੰ ਇਕੱਲੇ ਨਹੀਂ ਖਾਣਾ ਚਾਹੀਦਾ ਅਤੇ ਗਰਮ ਕਰਕੇ ਵੀ ਨਹੀਂ ਖਾਣਾ ਚਾਹੀਦਾ। ਇਸ ਨਿਯਮ ਦੀ ਉਲੰਘਣਾ ਕਰਨ ਨਾਲ ਜਵਰ, ਰਕਤਪਿੱਤ, ਕੁਸ਼ਠ, ਪਾਂਡੂ, ਯਾਦਦਾਸ਼ਤ ਦੀ ਕਮੀ, ਬੁੱਧੀ ਦੀ ਕਮੀ, ਕਾਮਲਾ ਵਰਗੇ ਰੋਗ ਹੋ ਸਕਦੇ ਹਨ।

## ਕੀ ਹੁੰਦਾ ਹੈ ਚੰਗਾ ਫੈਟ, ਮਾੜਾ ਫੈਟ

ਫੈਟਸ ਤਾਂ ਸਾਰਿਆਂ ਦੇ ਸਰੀਰ ਵਿਚ ਹੁੰਦੇ ਹਨ, ਕੁਝ ਚੰਗੇ ਅਤੇ ਕੁਝ ਬੁਰੇ। ਅਕਸਰ ਮੋਟੇ ਲੋਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਘੱਟ ਫੈਟਸ ਵਾਲਾ ਭੋਜਨ ਲੈਣ, ਫਿਰ ਵੀ ਬਹੁਤ ਸਾਰੇ ਲੋਕ ਘੱਟ ਫੈਟਸ ਲੈ ਕੇ ਵੀ ਭਾਰ ਘੱਟ ਨਹੀਂ ਕਰ ਸਕਦੇ।

ਇਸ ਦਾ ਕਾਰਨ ਕੀ ਹੁੰਦਾ ਹੈ ? ਇਸ ਦਾ ਕਾਰਨ ਹੁੰਦਾ ਹੈ ਫੈਟਸ ਨੂੰ ਘੱਟ ਕਰਕੇ ਅਕਸਰ ਲੋਕ ਅਸਾਨੀ ਨਾਲ ਹਜ਼ਮ ਹੋਣ ਵਾਲੇ ਕਾਰਬੋਹਾਈਡ੍ਰੇਟਸ ਵੱਲ ਮੁੜ ਜਾਂਦੇ ਹਨ ਜੋ ਸ਼ੂਗਰ ਅਤੇ ਹਾਈ ਕੈਲੋਰੀ ਹੋਣ ਦੇ ਕਾਰਨ ਭਾਰ 'ਤੇ ਪ੍ਰਭਾਵ ਨਹੀਂ ਪੈਣ ਦਿੰਦੇ। ਇਸ ਦਾ ਅਰਥ ਹੈ ਜੇ ਭਾਰ ਘੱਟ ਕਰਨਾ ਹੈ ਤਾਂ ਘੱਟ ਕੈਲੋਰੀ ਵਾਲਾ ਭੋਜਨ ਖਾਓ ਅਤੇ ਖਾਣ ਵਿਚ ਬੁਰੇ ਫੈਟ ਦੀ ਜਗ੍ਹਾ ਚੰਗੇ ਫੈਟ ਦਾ ਸੇਵਨ ਕਰੋ।

ਜ਼ਿਆਦਾਤਰ ਲੋਕਾਂ ਵਿਚ ਵਹਿਮ ਹੁੰਦਾ ਹੈ ਕਿ ਬਹੁਤੇ ਫੈਟ ਭਾਰ ਵਧਾਉਣ ਅਤੇ ਹੋਰ ਬਿਮਾਰੀਆਂ ਲਈ ਮੰਨੇ ਜਾਂਦੇ ਹਨ ਜਦੋਂ ਕਿ ਕੁਝ ਫੈਟ ਤਾਂ ਸਰੀਰ ਲਈ ਜ਼ਰੂਰੀ ਵੀ ਹਨ।

ਬਸ ਫਰਕ ਹੈ ਇਹ ਜਾਣਨ ਦਾ ਕਿ ਜੋ ਫੈਟ ਅਸੀਂ ਲੈਂਦੇ ਹਾਂ, ਉਹ ਚੰਗਾ ਹੈ ਜਾਂ ਮਾੜਾ। ਚੰਗੇ ਫੈਟ ਕੁਦਰਤੀ ਰੂਪ ਨਾਲ ਬਣਦੇ ਹਨ ਅਤੇ ਮਾੜੇ ਫੈਟ ਰਸਾਇਣਕ ਪ੍ਰਕਿਰਿਆਵਾਂ ਦੁਆਰਾ ਬਣਦੇ ਹਨ। ਚੰਗੇ ਫੈਟ ਚਮੜੀ, ਵਾਲਾਂ, ਸਰੀਰ ਦੀ ਗਤੀਸ਼ੀਲਤਾ, ਉਪਜਾਊਪਣ ਲਈ ਲਾਭਦਾਇਕ ਹਨ ਅਤੇ ਮਾੜੇ ਫੈਟ ਦਿਲ ਅਤੇ ਹੋਰ ਵੱਡੀਆਂ ਬਿਮਾਰੀ ਦਾ ਕਾਰਨ ਬਣਦੇ ਹਨ। ਮਾੜੇ ਫੈਟ ਸਾਨੂੰ ਚਿਪਸ, ਬਿਸਕੁਟ, ਫ੍ਰਾਈਡ ਅਤੇ ਪ੍ਰੋਸੈਸਡ ਫੂਡ ਤੋਂ ਮਿਲਦੇ ਹਨ। ਇਸ ਦਾ ਅਰਥ ਹੈ ਇਨ੍ਹਾਂ ਦਾ ਸੇਵਨ ਘੱਟ ਤੋਂ ਘੱਟ ਕਰਨਾ ਚਾਹੀਦਾ ਹੈ।

ਕਿੰਨਾ ਫੈਟ ਲਈਏ

ਫੈਟ ਕਿੰਨੀ ਮਾਤਰਾ ਵਿਚ ਲਈਏ, ਇਹ ਵਿਅਕਤੀਗਤ ਜੀਵਨ ਸ਼ੈਲੀ, ਭਾਰ, ਉਮਰ ਅਤੇ ਸਿਹਤ 'ਤੇ ਨਿਰਭਰ ਕਰਦਾ ਹੈ। ਇਕ ਵਿਅਕਤੀ ਨੂੰ ਫੈਟ ਔਸਤਨ ਆਪਣੀ ਕੁੱਲ ਕੈਲੋਰੀ ਦਾ 20 ਤੋਂ 35 ਫੀਸਦੀ ਲੈਣਾ ਚਾਹੀਦਾ ਹੈ। ਉਸ ਵਿਚ ਸੈਚੁਰੇਟਿਡ ਫੈਟ 10 ਫੀਸਦੀ ਅਤੇ ਟ੍ਰਾਂਸ ਫੈਟ ਪੂਰੀ ਕੈਲਰੀ ਦਾ 1 ਫੀਸਦੀ ਲੈਣਾ ਚਾਹੀਦਾ ਹੈ।



ਸਭ ਤੋਂ ਵਧੀਆ ਹੈ ਮੋਨੋਸੈਚੁਰੇਟਿਡ ਅਤੇ ਪਾਲੀ ਅਨਸੈਚੁਰੇਟਿਡ ਫੈਟ ਦਾ ਸੇਵਨ ਕੀਤਾ ਜਾਵੇ। ਸਾਨੂੰ ਆਪਣੇ ਭੋਜਨ ਵਿਚ ਉਨ੍ਹਾਂ ਖਾਧ ਪਦਾਰਥਾਂ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ ਜਿਨ੍ਹਾਂ ਵਿਚ ਸਾਨੂੰ ਟ੍ਰਾਂਸ ਫੈਟ ਘੱਟ ਮਿਲਣ ਅਤੇ ਮੋਨੋਅਨਸੈਚੁਰੇਟਿਡ ਅਤੇ ਪਾਲੀਅਨਸੈਚੂਰੇਟਿਡ ਫੈਟ ਜ਼ਿਆਦਾ ਮਿਲਣ।

ਕਿਥੋਂ ਪ੍ਰਾਪਤ ਕਰੀਏ ਚੰਗੇ ਫੈਟ

ਸ਼ਾਕਾਹਾਰੀ ਲੋਕਾਂ ਨੂੰ ਟੋਫੂ, ਸੋਇਆਬੀਨ, ਰਾਜਮਾਂਹ, ਜੈਤੂਨ ਦਾ ਤੇਲ, ਨਟਸ, ਸੀਡਸ, ਪੀਨਟ ਬਟਰ, ਸਰ੍ਹੋਂ ਦਾ ਤੇਲ ਆਪਣੇ ਖਾਧ ਪਦਾਰਥਾਂ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ। ਮਾਸਾਹਾਰੀ ਲੋਕਾਂ ਨੂੰ ਮੱਛੀ ਦਾ ਸੇਵਨ ਜ਼ਿਆਦਾ ਕਰਨਾ ਚਾਹੀਦਾ ਹੈ। ਮੀਟ ਦਾ ਸੇਵਨ ਕਰੋ ਪਰ ਸੀਮਤ ਮਾਤਰਾ ਵਿਚ।

ਚੰਗੇ ਫੈਟ ਦੇ ਲਾਭ

- ਸਰੀਰ ਦੇ ਅੰਦਰੂਨੀ ਅੰਗ ਵੀ ਚੰਗੇ ਫੈਟ ਨਾਲ ਸੁਰੱਖਿਅਤ ਰਹਿੰਦੇ ਹਨ, ਕਿਉਂਕਿ ਕੁਝ ਫੈਟ ਸਾਡੇ ਸਰੀਰ ਦੇ ਰੋਗ ਪ੍ਰਤੀਰੋਧਕ ਸਿਸਟਮ ਨੂੰ ਮਜ਼ਬੂਤ ਬਣਾ ਕੇ ਰੱਖਦੇ ਹਨ ਅਤੇ ਮੈਟਾਬੋਲਿਜ਼ਮ ਪ੍ਰੋਸੈਸ ਵਿਚ ਵੀ ਕਾਫੀ ਮਦਦ ਮਿਲਦੀ ਹੈ।
- ਅੱਖਾਂ ਦੀ ਰੌਸ਼ਨੀ ਬਰਕਰਾਰ ਰੱਖਣ ਲਈ ਚੰਗੀ ਫੈਟ ਦੀ ਲੋੜ ਰਹਿੰਦੀ ਹੈ।
- ਚੰਗੇ ਫੈਟੀ ਐਸਿਡਜ਼ ਨਾਲ ਸਰੀਰ ਦੇ ਸੈੱਲ ਲਚੀਲੇ ਬਣੇ ਰਹਿੰਦੇ ਹਨ, ਜਿਨ੍ਹਾਂ ਕਾਰਨ ਸਰੀਰ ਨੂੰ ਮੋੜਿਆ ਜਾ ਸਕਦਾ ਹੈ।
- ਪੜ੍ਹਨ ਯੋਗਤਾ, ਯਾਦਦਾਸ਼ਤ ਬਣਾਈ ਰੱਖਣ ਅਤੇ ਦਿਮਾਗੀ ਤੌਰ 'ਤੇ ਚੁਸਤ ਰਹਿਣ ਵਿਚ ਵੀ ਤੰਦਰੁਸਤ ਫੈਟਸ ਫਾਇਦੇਮੰਦ ਹੁੰਦੇ ਹਨ। ਸਾਡੇ ਦਿਮਾਗ ਦਾ 60 ਫੀਸਦੀ ਹਿੱਸਾ ਹੈਲਥੀ ਫੈਟਸ ਨਾਲ ਬਣਦਾ ਹੈ। ਗਰਭ ਅਵਸਥਾ ਵਿਚ ਔਰਤਾਂ ਨੂੰ ਚੰਗੇ ਫੈਟਸ 'ਤੇ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ, ਕਿਉਂਕਿ ਬੱਚੇ ਦੇ ਦਿਮਾਗ ਦੇ ਵਿਕਾਸ ਵਿਚ ਇਨ੍ਹਾਂ ਦੀ ਅਹਿਮ ਭੂਮਿਕਾ ਹੁੰਦੀ ਹੈ।
- ਫੈਟਸ ਨਾਲ ਸਾਡੇ ਸਰੀਰ ਦਾ ਊਰਜਾ ਪੱਧਰ ਬਣਿਆ ਰਹਿੰਦਾ ਹੈ।
- ਫੇਫੜਿਆਂ ਨੂੰ ਵੀ ਸੈਚੁਰੇਟਿਡ ਫੈਟਸ ਦੀ ਲੋੜ ਹੁੰਦੀ ਹੈ। ਇਹ ਫੇਫੜਿਆਂ ਨੂੰ ਬੇਕਾਰ ਹੋਣ ਤੋਂ ਬਚਾਉਂਦੇ ਹਨ।
- ਕੁਝ ਵਿਸ਼ੇਸ਼ ਫੈਟ ਦਿਲ ਦੀ ਧੜਕਣ ਨੂੰ ਨਿਯਮਤ ਤੌਰ 'ਤੇ ਰਿਦਮ ਦਿੰਦੇ ਹਨ। ਸਾਡੇ ਦਿਲ ਨੂੰ ਜਿੰਨੀ ਊਰਜਾ ਚਾਹੀਦੀ ਹੈ, ਉਸ ਦਾ 60 ਫੀਸਦੀ ਚੰਗੇ ਫੈਟ ਦੇ ਬਰਨ ਹੋਣ ਨਾਲ ਮਿਲਦਾ ਹੈ।

# ਪੰਜਾਬ ਦੀਆਂ ਫਸਲਾਂ ਦਾ ਭੰਡਾਰੀਕਰਨ, ਮੰਡੀਕਰਨ ਅਤੇ ਭਾਅ

**ਲੇਖਕ : ਜਗਦੇਵ ਸ਼ਰਮਾ ਬੁਗਰਾ,**
**ਸੰਪਰਕ: 98727-87243**

ਕਿਸਾਨ ਦੀ ਫ਼ਸਲ ਨੂੰ ਛੱਡ ਕੇ ਮੰਡੀ ਵਿੱਚ ਕੁੱਲ ਵਸਤੂਆਂ ਦੇ ਭਾਅ ਵਸਤੂ ਦੀ ਸਪਲਾਈ ਅਤੇ ਮੰਗ ਨਾਲ ਜੁੜੇ ਹੁੰਦੇ ਹਨ। ਹਰ ਵਸਤੂ ਦਾ ਵਿਕਰੇਤਾ ਆਪਣੀ ਵਸਤੂ ਦਾ ਭਾਅ ਆਪ ਤੈਅ ਕਰਦਾ ਹੈ। ਇੱਕ ਕਿਸਾਨ ਹੀ ਹੈ ਜਿਸ ਦੀ ਪੈਦਾਵਾਰ ਦਾ ਭਾਅ ਕੋਈ ਹੋਰ ਜਾਂ ਕਹਿ ਸਕਦੇ ਹਾਂ ਕਿ ਖਰੀਦਦਾਰ ਤੈਅ ਕਰਦਾ ਹੈ। ਜਦੋਂ ਮੰਡੀਓਂ ਵਾਪਸ ਆ ਰਹੇ ਕਿਸੇ ਕਿਸਾਨ ਨੂੰ ਪੁੱਛਿਆ ਜਾਂਦਾ ਹੈ ਕਿ ਕਿੱਥੋਂ ਆਇਆ ਹੈਂ? ਜਵਾਬ ਹੁੰਦਾ ਹੈ ਕਿ ਮੰਡੀ ਵਿੱਚ ਕਣਕ ਜਾਂ ਝੋਨਾ ਸੁੱਟ ਕੇ ਆਇਆ ਹਾਂ। ਵਾਕਈ ਉਹ ਆਪਣੀ ਫ਼ਸਲ ਵਪਾਰੀ ਦੀ ਮਰਜ਼ੀ ਦੇ ਭਾਅ 'ਤੇ ਸੁੱਟ ਕੇ ਆਇਆ ਹੁੰਦਾ ਹੈ।

ਸਮੇਂ ਸਮੇਂ 'ਤੇ ਸਰਕਾਰਾਂ ਕਿਸਾਨ ਦੀ ਵਿੱਤੀ ਹਾਲਤ ਸੁਧਾਰਨ ਵਾਸਤੇ ਕਦਮ ਉਠਾਉਂਦੀਆਂ ਰਹਿੰਦੀਆਂ ਹਨ। ਫ਼ਸਲ ਦਾ ਘੱਟੋ-ਘੱਟ ਸਮਰਥਨ ਮੁੱਲ ਜਿਹੜਾ ਕਿ ਕੇਂਦਰ ਦੀ ਸਰਕਾਰ ਦੁਆਰਾ 1966-67 ਵਿੱਚ ਲਿਆਂਦਾ ਗਿਆ ਸੀ, ਇਸ ਪਾਸੇ ਵੱਲ ਪਹਿਲਾ ਕਦਮ ਸੀ। 18 ਨਵੰਬਰ 2004 ਨੂੰ ਪ੍ਰੋਫੈਸਰ ਐਮ.ਐੱਸ. ਸਵਾਮੀਨਾਥਨ ਦੀ ਪ੍ਰਧਾਨਗੀ ਹੇਠ ਸਥਾਪਤ ਕੀਤਾ ਗਿਆ 'ਨੈਸ਼ਨਲ ਕਮਿਸ਼ਨ ਔਨ ਫਾਰਮਰਜ਼' ਇਸ ਤੋਂ ਅਗਲਾ ਉਪਰਾਲਾ ਸੀ। ਸਵਾਮੀਨਾਥਨ ਕਮਿਸ਼ਨ ਨੇ ਕਿਸਾਨ ਦੀ ਫ਼ਸਲ ਦਾ ਮੁੱਲ ਤੈਅ ਕਰਨ ਲਈ 2+ 50% ਦਾ ਫਾਰਮੂਲਾ ਸੁਝਾਇਆ ਸੀ ਪਰ ਰਿਪੋਰਟ ਆਇਆਂ 18 ਸਾਲ ਬੀਤ ਜਾਣ ਦੇ ਬਾਵਜੂਦ ਅੱਜ ਵੀ ਕਿਸਾਨ ਇਸ ਕਮੇਟੀ ਦੇ ਸੁਝਾਏ ਮੁੱਲ ਨੂੰ ਪ੍ਰਾਪਤ ਕਰਨ ਲਈ ਤਰਸ ਰਹੇ ਹਨ ਅਤੇ ਸੰਘਰਸ਼ ਕਰ ਰਹੇ ਹਨ। 2022 ਤੱਕ ਕਿਸਾਨ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਸਿਰਫ਼ ਲਾਰਾ ਬਣ ਕੇ ਰਹਿ ਗਿਆ ਹੈ। ਵਰਤਮਾਨ ਬਜਟ ਵਿੱਚ ਵੀ ਸਾਰਾ ਧਿਆਨ 'ਫੋਕਸ' ਸ਼ਬਦ ਉੱਤੇ ਹੀ ਦਿੱਤਾ ਗਿਆ ਹੈ ਅਤੇ ਖੇਤੀ ਲਈ ਬਜਟ ਦੀ ਪ੍ਰਤੀਸ਼ਤਤਾ ਘਟਾ ਦਿੱਤੀ ਗਈ ਹੈ। ਇਹੀ ਹਾਲ ਹਰ ਸਾਲ ਐਮਐੱਸਪੀ ਦਾ ਹੁੰਦਾ ਹੈ। ਸਰਕਾਰਾਂ ਆਪ ਹੀ ਐਮਐੱਸਪੀ ਐਲਾਨਦੀਆਂ ਹਨ ਅਤੇ ਆਪ ਹੀ ਇਸ ਨੂੰ ਕਾਨੂੰਨੀ ਮਾਨਤਾ ਦੇਣ ਤੋਂ ਇਨਕਾਰੀ ਹਨ।

ਸੰਖੇਪ ਵਿੱਚ ਕਿਸਾਨੀ ਜਿਣਸਾਂ ਦੇ ਮੰਡੀਕਰਨ ਦੀ ਵਰਤਮਾਨ ਵਿਵਸਥਾ ਇਹ ਹੈ ਕਿ ਸਰਕਾਰ ਹਰ ਛਿਮਾਹੀ ਕੋਈ 23 ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਐਲਾਨਦੀ ਹੈ। ਇਹ ਸਮਰਥਨ ਮੁੱਲ ਐਮਐੱਸਪੀ ਕਮੇਟੀ ਦੁਆਰਾ ਦਿੱਤੇ ਸੁਝਾਵਾਂ ਉੱਪਰ ਨਿਰਭਰ ਹੁੰਦਾ ਹੈ। ਵਿਹਾਰਕ ਰੂਪ ਵਿੱਚ ਪੰਜ ਛੇ ਫ਼ਸਲਾਂ ਉੱਪਰ ਅਤੇ ਪੰਜ ਸੱਤ ਰਾਜਾਂ ਵਿੱਚ ਫ਼ਸਲਾਂ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦੀਆਂ ਜਾਂਦੀਆਂ ਹਨ। ਐਮਐੱਸਪੀ ਕਮੇਟੀ ਦੇ ਮੈਂਬਰਾਂ ਦੀ ਪਹੁੰਚ ਆਮ ਤੌਰ 'ਤੇ ਕਿਸਾਨ ਹਿਤੈਸ਼ੀ ਨਹੀਂ ਹੁੰਦੀ।



ਜਦੋਂ ਸਰਕਾਰਾਂ ਨਾ ਤਾਂ ਸਵਾਮੀਨਾਥਨ ਰਿਪੋਰਟ ਲਾਗੂ ਕਰਨ ਨੂੰ ਤਿਆਰ ਹੋਣ ਅਤੇ ਨਾ ਹੀ ਘੱਟੋ-ਸਮਰਥਨ ਮੁੱਲ ਨੂੰ ਕਾਨੂੰਨੀ ਮਾਨਤਾ ਦੇਣ ਨੂੰ ਤਿਆਰ ਹੋਣ ਤਾਂ ਕਿਸਾਨ ਕੋਲ ਹੜਤਾਲਾਂ, ਧਰਨਿਆਂ ਅਤੇ ਖੁਦਕੁਸ਼ੀਆਂ ਤੋਂ ਬਗੈਰ ਕੀ ਬਚਦਾ ਹੈ।

ਕਿਸਾਨ ਨੂੰ ਆਪਣੀਆਂ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਖੁਦ ਵਪਾਰੀ ਬਣਨਾ ਪਵੇਗਾ। ਅਜਿਹੇ ਹਾਲਾਤ ਬਣਾਏ ਜਾਣ ਕਿ ਹੋਰ ਵਪਾਰੀਆਂ ਦੀ ਤਰ੍ਹਾਂ ਕਿਸਾਨ ਵੀ ਆਪਣੀ ਜਿਣਸ ਦਾ ਭਾਅ ਖੁਦ ਤੈਅ ਕਰੇ। ਖੁਦ ਵਪਾਰੀ ਬਣਨ ਦੇ ਰਾਹ ਦਾ ਵੱਡਾ ਅੜਿੱਕਾ ਹੈ ਭੰਡਾਰੀਕਰਨ ਦੀ ਸਮੱਸਿਆ। ਫ਼ਸਲ ਪੱਕਣ ਸਾਰ ਕਿਸਾਨ ਆਪਣੀ ਜਿਣਸ ਮੰਡੀ ਪਹੁੰਚਾਉਂਦਾ ਹੈ, ਪੈਸੇ ਵੱਟਦਾ ਹੈ ਅਤੇ ਆਪਣੀ ਆਈ-ਚਲਾਈ ਚਲਾਉਂਦਾ ਹੈ। ਉਸਦੀ ਵਿੱਤੀ ਹਾਲਤ ਉਸ ਨੂੰ ਫ਼ਸਲ ਘਰ ਵਿੱਚ ਭੰਡਾਰ ਕਰਨ ਦੀ ਆਗਿਆ ਨਹੀਂ ਦਿੰਦੀ। ਦੂਜਾ, ਲੋੜੀਂਦੇ ਗੋਦਾਮਾਂ ਦੀ ਘਾਟ ਹੈ। ਇੱਕ ਸੁਝਾਅ ਹੈ ਕਿ ਸਾਰੇ ਬੈਂਕ ਹੋਰ ਵਸਤੂਆਂ ਸਮੇਤ ਅਨਾਜ ਦਾ ਭੰਡਾਰ ਕਰਨ ਲਈ ਵਿੱਤੀ ਮਦਦ ਦੇਣ। ਕਿਸਾਨ ਨੂੰ ਵੀ ਆਪਣੀ ਫ਼ਸਲ ਸਰਕਾਰ ਦੇ ਮਨਜ਼ੂਰਸ਼ੁਦਾ ਗੁਦਾਮਾਂ ਵਿੱਚ ਭੰਡਾਰ ਕਰਕੇ ਇਸ ਸਕੀਮ ਦਾ ਫ਼ਾਇਦਾ ਉਠਾਉਣਾ ਚਾਹੀਦਾ ਹੈ। ਬੈਂਕ ਅਜਿਹਾ ਭੰਡਾਰ ਕੀਤੀ ਹੋਈ ਵਸਤੂ ਦੀ ਰਸੀਦ ਬਦਲੇ ਵਿੱਤੀ ਮਦਦ ਦੇ ਕੇ ਕਰਦੀਆਂ ਹਨ। ਗੋਦਾਮ ਵਿੱਚ ਸੰਭਾਲੀ ਹੋਈ ਜਿਣਸ ਕਿਸਾਨ ਉਦੋਂ ਵੇਚੇ ਜਦੋਂ ਉਸ ਨੂੰ ਮੰਡੀ ਵਿੱਚੋਂ ਮਨ ਚਾਹਿਆ ਭਾਅ ਮਿਲਦਾ ਹੋਵੇ। ਬੈਂਕ ਦੀ ਇਸ ਸਕੀਮ ਮੁਤਾਬਿਕ ਗੋਦਾਮ ਵਿੱਚੋਂ ਖਰੀਦੀ ਵਸਤੂ ਦੇ ਮੁੱਲ ਦਾ ਸਾਰਾ ਭੁਗਤਾਨ ਖਰੀਦਦਾਰ ਨੇ ਬੈਂਕ/ਵਿੱਤੀ ਅਦਾਰੇ ਨੂੰ ਕਰਨਾ ਹੁੰਦਾ ਹੈ। ਬੈਂਕ ਆਪਣਾ ਪੈਸਾ ਵਸੂਲ ਕੇ ਬਾਕੀ ਰਕਮ ਫ਼ਸਲ ਮਾਲਕ ਦੇ ਖਾਤੇ ਪਾ ਦੇਵੇਗਾ। ਇਸ ਤਰ੍ਹਾਂ ਵਸਤੂ ਦਾ ਭਾਅ ਕਿਸਾਨ ਦੇ ਆਪਣੇ ਹੱਥ ਹੋਵੇਗਾ। ਬੈਂਕਾਂ ਅਤੇ ਗੁਦਾਮਾਂ ਦੀ ਵਿੱਤੀ ਮਦਦ ਦੀ ਜ਼ਿੰਮੇਵਾਰੀ ਸਰਕਾਰਾਂ ਨੂੰ ਲੈਣੀ ਚਾਹੀਦੀ ਹੈ। ਸੁਝਾਅ ਹੈ ਕਿ ਸਰਕਾਰਾਂ ਆਪਣੇ ਅਤੇ ਸਰਕਾਰੀ ਏਜੰਸੀਆਂ ਦੇ ਗੋਦਾਮਾਂ ਵਿੱਚ ਭੰਡਾਰਨ ਦੀ ਸਹੂਲਤ ਕਿਸਾਨਾਂ ਨੂੰ ਮੁਫ਼ਤ ਵਿੱਚ ਮੁਹਈਆ ਕਰਵਾਉਣ। ਅੱਜ ਡਿਜੀਟਲ ਜ਼ਮਾਨਾ ਹੈ। ਇਸ ਲਈ ਇਸ ਯੋਜਨਾ ਨੂੰ ਅਸਰਦਾਰ ਤਰੀਕੇ ਨਾਲ ਲਾਗੂ ਕਰਨ ਵਿੱਚ ਕੋਈ ਦਿੱਕਤ ਨਹੀਂ ਆਵੇਗੀ।

ਇੱਕ ਕੰਮ ਹੋਰ ਸਰਕਾਰੀ ਪੱਧਰ 'ਤੇ ਕਰਨ ਵਾਲਾ ਹੈ ਕਿ ਪੇਂਡੂ ਖੇਤਰ ਵਿੱਚ ਖੇਤੀ ਆਧਾਰਿਤ ਸਨਅਤਾਂ ਨੂੰ ਹੁਲਾਰਾ ਦਿੱਤਾ ਜਾਵੇ। ਨਾਬਾਰਡ ਵਰਗੇ ਕੇਂਦਰੀ ਅਦਾਰੇ ਦੇ ਅਧਿਕਾਰੀ ਦਫਤਰਾਂ ਵਿੱਚੋਂ ਬਾਹਰ ਨਿਕਲ ਕੇ ਪੇਂਡੂ ਖੇਤਰਾਂ ਵਿੱਚ ਸੈਮੀਨਾਰ ਤੇ ਕਾਨਫਰੰਸਾਂ ਕਰਨ। ਪੇਂਡੂ ਸਨਅਤ ਵਾਰੇ ਸਰਕਾਰੀ ਯੋਜਨਾਵਾਂ ਦਾ ਉਹ ਸਿਰਫ਼ ਪ੍ਰਚਾਰ ਹੀ ਨਾ ਕਰਨ ਸਗੋਂ ਹਰ ਤਰ੍ਹਾਂ ਦੀ ਸਹਾਇਤਾ ਮੁਹੱਈਆ ਕਰਵਾਉਣ ਲਈ ਪਹਿਲ ਕਰਨ। ਸਿੱਧੀ ਫ਼ਸਲ ਮੰਡੀ ਵਿੱਚ ਵੇਚਣ ਦੀ ਬਜਾਏ ਉਸ ਨੂੰ ਪੇਂਡੂ ਸਨਅਤੀ ਇਕਾਈਆਂ ਰਾਹੀਂ ਪ੍ਰੋਸੈਸ ਕਰਕੇ ਵੇਚਣ ਨਾਲ ਵਪਾਰੀਆਂ ਵਾਲਾ ਮੁਨਾਫ਼ਾ ਕਿਸਾਨ ਦੇ ਹੱਥ ਆਵੇਗਾ। ਉਦਾਹਰਨ ਦੇ ਤੌਰ 'ਤੇ ਸਰ੍ਹੋਂ ਵੇਚਣ ਦੀ ਬਜਾਏ, ਪਿੰਡ ਵਿੱਚ ਹੀ ਸਥਿਤ ਕੋਹਲੂ ਤੋਂ ਤੇਲ ਕਢਵਾ ਕੇ ਸਰ੍ਹੋਂ ਦਾ ਤੇਲ ਅਤੇ ਖਲ ਵੇਚੀ ਜਾਵੇ। ਇਸ ਉੱਦਮ ਨਾਲ ਵੀ ਕਿਸਾਨ ਨੂੰ ਉਸ ਦੀ ਫ਼ਸਲ ਦਾ ਉਚਿਤ ਮੁੱਲ ਮਿਲ ਸਕੇਗਾ। ਅਜਿਹੀਆਂ ਇਕਾਈਆਂ ਲਈ ਕਿਸਾਨ ਪਰਿਵਾਰਾਂ ਨੂੰ ਹੱਲਾਸ਼ੇਰੀ ਦਿੱਤੀ ਜਾ ਸਕਦੀ ਹੈ। ਪੜ੍ਹੇ-ਲਿਖੇ ਨੌਜਵਾਨਾਂ ਨੂੰ ਉੱਦਮੀ ਟ੍ਰੇਨਿੰਗ ਦੇ ਕੇ ਸਨਅਤਾਂ ਵਿੱਚ ਰੁਚੀ ਪੈਦਾ ਕੀਤੀ ਜਾਵੇ। ਬੈਂਕਾਂ ਨੂੰ ਵੀ ਘੱਟ ਵਿਆਜ ਅਤੇ ਆਸਾਨ ਸ਼ਰਤਾਂ 'ਤੇ ਕਰਜ਼ ਮੁਹੱਈਆ ਕਰਵਾਉਣ ਲਈ ਪ੍ਰੇਰਿਆ ਜਾਵੇ। ਇਸ ਤਰ੍ਹਾਂ ਕਿਸਾਨੀ ਪਰਿਵਾਰਾਂ ਵਿੱਚ ਬੇਰੁਜ਼ਗਾਰੀ ਵੀ ਘਟੇਗੀ।

ਇਸ ਨਾਲ ਜਿੱਥੇ ਆਪਣੀ ਫ਼ਸਲ ਦਾ ਭਾਅ ਤੈਅ ਕਰਨਾ ਕਿਸਾਨ ਦੇ ਆਪਣੇ ਹੱਥ ਵਿੱਚ ਆ ਜਾਵੇਗਾ, ਉੱਥੇ ਸਰਕਾਰ ਨੂੰ ਯਕਦਮ ਖਰੀਦ ਲਈ ਭਾਰੀ ਰਕਮ ਦਾ ਪ੍ਰਬੰਧ ਨਹੀਂ ਕਰਨਾ ਪਵੇਗਾ। ਕਿਸਾਨ ਦੀ ਵਿੱਤੀ ਹਾਲਤ ਵਿੱਚ ਸੁਧਾਰ ਹੋਵੇਗਾ ਅਤੇ ਉਹ ਕਰਜ਼ੇ ਦੀ ਮਾਰ ਤੋਂ ਬਚੇਗਾ। ਬਦਲਵੀਂ ਫ਼ਸਲ ਦਾ ਮਨਚਾਹਿਆ ਭਾਅ ਮਿਲਣ 'ਤੇ ਫ਼ਸਲੀ ਵੰਨ-ਸੁਵੰਨਤਾ ਨੂੰ ਆਪਣੇ ਆਪ ਹੁਲਾਰਾ ਮਿਲੇਗਾ। ਹਰੀ ਕ੍ਰਾਂਤੀ ਦੇ ਮਾਰੂ ਅਸਰਾਂ ਤੋਂ ਬਚਾਅ ਹੋਵੇਗਾ। ਵਪਾਰੀ ਦੁਆਰ ਕੀਤੀ ਜਾਂਦੀ ਕਿਸਾਨ ਦੀ ਲੁੱਟ ਖਤਮ ਹੋਵੇਗੀ। ਇੱਕ ਹੋਰ ਵੱਡਾ ਫ਼ਾਇਦਾ, ਕਿਸਾਨਾਂ ਦੇ ਨਿੱਤ ਨਿੱਤ ਦੇ ਧਰਨੇ ਖ਼ਤਮ ਹੋਣਗੇ। ਸਾਡੇ ਦੇਸ਼ ਵਿੱਚ ਹੀ ਰੁਜ਼ਗਾਰ ਮਿਲਣ ਦੇ ਮੌਕੇ ਵਧਣ ਕਾਰਨ ਵਿਦੇਸ਼ੀਂ ਭੱਜਣ ਦਾ ਰੁਝਾਨ ਘਟੇਗਾ, ਸਾਡੀ ਮੁਦਰਾ ਦਾ ਬਾਹਰ ਵੱਲ ਨੂੰ ਵਹਾਅ ਘਟੇਗਾ। ਧਰਤੀ ਹੇਠਲਾ ਪਾਣੀ ਬਚੇਗਾ, ਪ੍ਰਦੂਸ਼ਣ ਘਟੇਗਾ, ਵਾਤਾਵਰਨ ਵਿਚਲੇ ਵਿਗਾੜ ਨੂੰ ਠੱਲ੍ਹ ਪਏਗੀ, ਧਰਤੀ ਦੀ ਦਿਨੋ-ਦਿਨ ਘਟ ਰਹੀ ਉਪਜਾਊ ਸ਼ਕਤੀ ਨੂੰ ਰੋਕਾਂ ਲੱਗਣਗੀਆਂ।

ਇਹ ਯੋਜਨਾ ਲਾਗੂ ਕਰਨ ਦੇ ਰਸਤੇ ਵਿੱਚ ਕਈ ਰੁਕਾਵਟਾਂ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ ਅਤੇ ਬਦਲਾਅ ਦਾ ਵਿਰੋਧ ਵੀ ਹੋਵੇਗਾ। ਜਿਨ੍ਹਾਂ ਦੇ ਹਿੱਤਾਂ ਨੂੰ ਸੱਟ ਵੱਜੇਗੀ ਅਤੇ ਮੁਨਾਫ਼ਾ ਪ੍ਰਭਾਵਿਤ ਹੋਵੇਗਾ, ਉਹ ਨਹੀਂ ਚਾਹੁਣਗੇ ਕਿ ਉਨ੍ਹਾਂ ਦਾ ਏਕਾਧਿਕਾਰ ਖ਼ਤਮ ਹੋਵੇ। 21 ਰੁਪਏ ਪ੍ਰਤੀ ਕਿਲੋ ਕਣਕ ਖਰੀਦ ਕੇ ਜਿਨ੍ਹਾਂ ਕੰਪਨੀਆਂ ਨੇ 50 ਤੋਂ 100 ਰੁਪਏ ਪ੍ਰਤੀ ਕਿਲੋ ਆਟਾ ਵੇਚਣਾ ਹੈ, ਉਨ੍ਹਾਂ ਵੱਲੋਂ ਵਿਰੋਧ ਕੀਤਾ ਜਾਣਾ ਸੁਭਾਵਿਕ ਹੈ। ਸਾਰੇ ਭਲੀ-ਭਾਂਤ ਜਾਣਦੇ ਹਨ ਕਿ ਕਿਸਾਨ ਤੋਂ ਮੱਕੀ 13 ਰੁਪਏ ਤੋਂ 15 ਰੁਪਏ ਪ੍ਰਤੀ ਕਿਲੋ ਖਰੀਦ ਕੇ ਖਪਤਕਾਰ ਨੂੰ ਮੱਕੀ ਦਾ ਆਟਾ 40 ਰੁਪਏ ਪ੍ਰਤੀ ਕਿਲੋ ਵੇਚਿਆ ਜਾਂਦਾ ਹੈ। ਸਰਕਾਰੀ ਮਹਿਕਮਿਆਂ ਦੇ ਸਾਹਮਣੇ ਖਰੀਦ ਮੁੱਲ ਉੱਤੇ 100 ਫ਼ੀਸਦੀ ਤੱਕ ਲਾਭ ਕਮਾਇਆ ਜਾਂਦਾ ਹੈ। ਵੋਟ ਬੈਂਕ ਨੂੰ ਮੁਫ਼ਤ ਦਾ ਰਾਸ਼ਨ ਵੰਡਣ ਵਿੱਚ ਦਿੱਕਤ ਆਵੇਗੀ। ਇਸ ਲਈ ਲੋਕ ਭਲਾਈ ਦੇ ਬਹਾਨੇ ਰਾਜਨੀਤਿਕ ਪਾਰਟੀਆਂ ਵੀ ਵਿਰੋਧ ਕਰਨਗੀਆਂ। ਕੀ ਲੋਕ ਭਲਾਈ ਦੀ ਸਾਰੀ ਜ਼ਿੰਮੇਵਾਰੀ ਇੱਕਲੇ ਕਿਸਾਨ ਦੀ ਹੀ ਬਣਦੀ ਹੈ? ਕੀ ਕਿਸਾਨਾਂ ਦੇ ਹਿੱਤਾਂ ਨੂੰ ਇਸ ਕਰਕੇ ਅਣਗੌਲਿਆਂ ਕਰ ਦਿੱਤਾ ਜਾਂਦਾ ਹੈ ਕਿਉਂਕਿ ਉਹ ਚੋਣ ਬਾਂਡ ਖਰੀਦਣ ਦੇ ਸਮਰੱਥ ਨਹੀਂ?

ਇੱਕ ਹੋਰ ਤਰਕ ਜਿਹੜਾ ਇਸ ਵਿਵਸਥਾ ਦੇ ਖ਼ਿਲਾਫ਼ ਜਾ ਸਕਦਾ ਹੈ, ਉਹ ਇਹ ਹੈ ਕਿ ਫ਼ਸਲਾਂ ਦੇ ਭਾਅ ਵਿੱਚ ਮੰਦੀ ਦੀ ਸੂਰਤ (ਜਿਸਦੇ ਆਸਾਰ ਨਾਂਮਾਤਰ ਹਨ) ਵਿੱਚ ਕਿਸਾਨ ਨੂੰ ਹੋਣ ਵਾਲੇ ਘਾਟੇ ਦੀ ਭਰਪਾਈ ਕੌਣ ਕਰੇਗਾ, ਜਵਾਬ ਹੈ ਸਰਕਾਰ। ਜਿੱਥੇ ਹਜ਼ਾਰਾਂ ਕਰੋੜ ਦੇ ਕਰਜ਼ ਹਰ ਸਾਲ ਵੱਟੇ ਖਾਤੇ ਪਾਏ ਜਾਂਦੇ ਹੋਣ, ਉੱਥੇ ਕਿਸਾਨ ਦਾ ਕਿਸੇ ਵੇਲੇ ਨਾਂਮਾਤਰ ਘਾਟਾ ਕਿਸਾਨ, ਵਪਾਰੀ ਅਤੇ ਸਰਕਾਰਾਂ ਵਿੱਚ ਵੰਡੇ ਜਾਣ ਵਿੱਚ ਹਰਜ਼ ਹੀ ਕੀ ਹੈ? ਢੇਰ ਸਾਰੇ ਫ਼ਾਇਦਿਆਂ ਦੇ ਸਾਹਮਣੇ ਨਿਗੂਣੀਆਂ ਰੁਕਾਵਟਾਂ ਦੀ ਪਰਵਾਹ ਕੀਤੇ ਬਗੈਰ ਸਰਕਾਰਾਂ ਨੂੰ ਇਸ ਪਾਸੇ ਵੱਲ ਕਦਮ ਵਧਾ ਲੈਣੇ ਚਾਹੀਦੇ ਹਨ।


# ਵੱਡਾ ਮਜ਼ਾਕ ਹੈ ਨਿਗੂਣਾ ਬੇਰੁਜ਼ਗਾਰੀ ਭੱਤਾ

**ਲਿਖਤ : ਜਗਜੀਤ ਸਿੰਘ**

ਪੰਜਾਬ 'ਚ ਲੱਖਾਂ ਨੌਜਵਾਨ ਬੇਰੁਜ਼ਗਾਰ ਹਨ ਪਰ ਮੌਜੂਦਾ ਸਮੇਂ ਕਿਸੇ ਨੂੰ ਵੀ ਬੇਰੁਜ਼ਗਾਰੀ ਭੱਤਾ ਨਹੀਂ ਮਿਲ ਰਿਹਾ ਹੈ। ਇਸ ਦਾ ਕਾਰਨ ਇਹ ਨਹੀਂ ਹੈ ਕਿ ਸੂਬੇ ਵਿੱਚੋਂ ਬੇਰੁਜ਼ਗਾਰੀ ਖ਼ਤਮ ਹੋ ਗਈ ਹੈ। ਅਸਲ 'ਚ ਭੱਤਾ ਬਹੁਤ ਘੱਟ ਹੋਣ ਤੇ ਸ਼ਰਤਾਂ ਜ਼ਿਆਦਾ ਸਖ਼ਤ ਹੋਣ ਕਾਰਨ ਕੋਈ ਵੀ ਇਸ ਨੂੰ ਲੈਣ ਲਈ ਖੱਜਲ ਨਹੀਂ ਹੋਣਾ ਚਾਹੁੰਦਾ।

ਜ਼ਿਲ੍ਹਾ ਰੁਜ਼ਗਾਰ ਦਫ਼ਤਰਾਂ 'ਚ 31 ਅਗਸਤ 2023 ਤੱਕ 1,88,741 ਬੇਰੁਜ਼ਗਾਰਾਂ ਨੇ ਰਜਿਸਟ੍ਰੇਸ਼ਨ ਕਰਵਾਈ ਹੈ ਜਿਨ੍ਹਾਂ 'ਚੋਂ 1,30,167 ਲੜਕੇ ਜਦਕਿ 58,574 ਲੜਕੀਆਂ ਰਜਿਸਟਰਡ ਹਨ। ਅੰਕੜਿਆਂ ਮੁਤਾਬਕ ਸਾਲ 2022-23 ਦੌਰਾਨ ਸੂਬੇ 'ਚ ਕਿਸੇ ਵੀ ਨੌਜਵਾਨ ਨੇ ਬੇਰੁਜ਼ਗਾਰੀ ਭੱਤਾ ਹਾਸਲ ਨਹੀਂ ਕੀਤਾ। ਇਸ ਸਾਲ ਵੀ ਕਿਸੇ ਬੇਰੁਜ਼ਗਾਰ ਨੇ ਭੱਤਾ ਲੈਣ ਦੀ ਕੋਸ਼ਿਸ਼ ਨਹੀਂ ਕੀਤੀ। ਸਾਲ 2021 'ਚ ਸੂਬੇ ਅੰਦਰ ਸਿਰਫ਼ ਇਕ ਹੀ ਨੌਜਵਾਨ ਨੇ ਭੱਤਾ ਹਾਸਲ ਕੀਤਾ ਸੀ ਜਿਸ ਨੂੰ ਸਰਕਾਰ ਨੇ 2025 ਰੁਪਏ ਦਿੱਤੇ ਸਨ।

ਸਾਲ 2006-07 ਤੋਂ ਬਾਅਦ ਬੇਰੁਜ਼ਗਾਰੀ ਭੱਤਾ ਲੈਣ ਵਾਲੇ ਨੌਜਵਾਨਾਂ ਦੀ ਗਿਣਤੀ ਲਗਾਤਾਰ ਘਟਦੀ ਗਈ। ਸਾਲ 2006-07 ਦੌਰਾਨ 4803 ਬੇਰੁਜ਼ਗਾਰਾਂ ਨੇ ਇਹ ਭੱਤਾ ਹਾਸਲ ਕਰਨ ਲਈ ਸਰਕਾਰ ਤੱਕ ਪਹੁੰਚ ਕੀਤੀ ਸੀ ਜਿਨ੍ਹਾਂ ਨੂੰ ਪੰਜਾਬ ਸਰਕਾਰ ਨੇ 65 ਲੱਖ 32 ਹਜ਼ਾਰ 68




ਰੁਪਏ ਜਾਰੀ ਕੀਤੇ ਸਨ। ਇਸ ਤੋਂ ਬਾਅਦ ਇਹ ਗਿਣਤੀ ਲਗਾਤਾਰ ਘਟਦੀ ਗਈ ਤੇ ਜ਼ੀਰੋ 'ਤੇ ਪਹੁੰਚ ਗਈ। ਪੰਜਾਬ ਸਰਕਾਰ ਨੇ ਦਸਵੀਂ ਪਾਸ ਬੇਰੁਜ਼ਗਾਰ ਨੂੰ 150 ਰੁਪਏ, ਬਾਰ੍ਹਵੀਂ ਪਾਸ ਨੂੰ 200 ਅਤੇ ਗ੍ਰੈਜੂਏਟ ਬੇਰੁਜ਼ਗਾਰ ਨੂੰ 250 ਰੁਪਏ ਪ੍ਰਤੀ ਮਹੀਨਾ ਬੇਰੁਜ਼ਗਾਰੀ ਭੱਤਾ ਦੇਣ ਦਾ ਪ੍ਰਬੰਧ ਕੀਤਾ ਹੋਇਆ ਹੈ। ਲਾਭਪਾਤਰੀ ਦੀ ਉਮਰ 17 ਸਾਲ ਤੋਂ ਵੱਧ ਅਤੇ 40 ਸਾਲ ਤੋਂ ਘੱਟ ਹੋਣੀ ਚਾਹੀਦੀ ਹੈ।

ਪਰਿਵਾਰ ਦੀ ਆਮਦਨ 12 ਹਜ਼ਾਰ ਰੁਪਏ ਸਾਲਾਨਾ ਤੋਂ ਵੱਧ ਨਹੀਂ ਹੋਣੀ ਚਾਹੀਦੀ। ਗੂੰਗੇ, ਬੋਲੇ ਤੇ ਨੇਤਰਹੀਣ ਲਾਭਪਾਤਰੀਆਂ ਨੂੰ ਰਜਿਸਟ੍ਰੇਸ਼ਨ ਤੋਂ 3 ਮਹੀਨੇ ਬਾਅਦ, ਅੰਗਹੀਣਾਂ ਨੂੰ 1 ਸਾਲ ਬਾਅਦ ਜਦਕਿ ਬਾਕੀਆਂ ਨੂੰ 3 ਸਾਲ ਪਿੱਛੋਂ ਬੇਰੁਜ਼ਗਾਰੀ ਭੱਤਾ ਮਿਲਣ ਦੀ ਤਜਵੀਜ਼ ਹੈ। ਇਨ੍ਹਾਂ ਨਿਯਮਾਂ ਕਰ ਕੇ ਹੀ ਕੋਈ ਇਹ ਭੱਤਾ ਹਾਸਲ ਕਰਨ ਵਿਚ ਰੁਚੀ ਨਹੀਂ ਲੈਂਦਾ। ਸਰਕਾਰ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਪੰਜਾਬ ਦੇ ਹਜ਼ਾਰਾਂ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ ਤੇ ਇਹ ਕ੍ਰਮ ਲਗਾਤਾਰ ਜਾਰੀ ਹੈ।


ਇਹ ਸਹੀ ਹੈ ਕਿ ਸਾਰਿਆਂ ਨੂੰ ਸਰਕਾਰੀ ਨੌਕਰੀਆਂ ਨਹੀਂ ਦਿੱਤੀਆਂ ਜਾ ਸਕਦੀਆਂ ਪਰ ਰੁਜ਼ਗਾਰ ਦੇਣ ਵਾਲੀਆਂ ਸਨਅਤਾਂ ਨੂੰ ਉਤਸ਼ਾਹਤ ਕਰਨ ਲਈ ਕਦਮ ਚੁੱਕੇ ਜਾਣਾ ਸਮੇਂ ਦੀ ਮੰਗ ਹੈ। ਦੂਜੇ ਪਾਸੇ ਵੱਖ-ਵੱਖ ਵਰਗਾਂ ਦੇ ਬੇਰੁਜ਼ਗਾਰ ਨੌਕਰੀਆਂ ਦੀ ਮੰਗ ਨੂੰ ਲੈ ਕੇ ਸਰਕਾਰ ਖ਼ਿਲਾਫ਼ ਸੜਕਾਂ 'ਤੇ ਉਤਰ ਰਹੇ ਹਨ। ਗ਼ੈਰ-ਜਥੇਬੰਦ ਖੇਤਰ 'ਚ ਵੀ ਬੇਰੁਜ਼ਗਾਰੀ ਦਾ ਵੱਡਾ ਆਲਮ ਹੈ। ਅਜਿਹੇ ਕਾਰਨਾਂ ਦੇ ਸਨਮੁਖ ਪੰਜਾਬ 'ਚੋਂ ਬ੍ਰੇਨ-ਡ੍ਰੇਨ ਹੋ ਰਿਹਾ ਹੈ।

ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਸੱਤਾ 'ਚ ਆਉਣ ਤੋਂ ਪਹਿਲਾਂ ਲੋਕਾਂ ਨੂੰ 6 ਗਾਰੰਟੀਆਂ ਦਿੱਤੀਆਂ ਸਨ ਜਿਨ੍ਹਾਂ ਵਿਚ ਬੇਰੁਜ਼ਗਾਰ ਨੌਜਵਾਨਾਂ ਨੂੰ 3 ਹਜ਼ਾਰ ਰੁਪਏ ਪ੍ਰਤੀ ਮਹੀਨਾ ਬੇਰੁਜ਼ਗਾਰੀ ਭੱਤਾ ਦੇਣ ਦਾ ਵਾਅਦਾ ਵੀ ਕੀਤਾ ਗਿਆ ਸੀ। 'ਆਪ' ਸਰਕਾਰ ਨੂੰ ਸੱਤਾ 'ਚ ਆਇਆਂ ਦੋ ਸਾਲ ਤੋਂ ਵੱਧ ਸਮਾਂ ਬੀਤ ਚੁੱਕਾ ਹੈ ਪਰ ਇਸ ਦਿਸ਼ਾ 'ਚ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ ਹੈ।

ਪੰਜਾਬ 'ਚੋਂ ਹੋ ਰਹੇ ਬ੍ਰੇਨ-ਡ੍ਰੇਨ ਨੂੰ ਰੋਕਣ ਤੇ ਬੇਰੁਜ਼ਗਾਰਾਂ ਦੀ ਨਫ਼ਰੀ ਘਟਾਉਣ ਲਈ ਸਰਕਾਰ ਨੂੰ ਆਪਣੇ ਵਾਅਦੇ ਮੁਤਾਬਕ ਨੌਜਵਾਨਾਂ ਨੂੰ ਨੌਕਰੀ ਮਿਲਣ ਤੱਕ ਬੇਰੁਜ਼ਗਾਰੀ ਭੱਤਾ ਦੇਣਾ ਚਾਹੀਦਾ ਹੈ। ਇਸ ਵਾਸਤੇ ਥੋਪੀਆਂ ਸ਼ਰਤਾਂ ਨਰਮ ਕਰਨ ਤੇ ਭੱਤੇ ਨੂੰ ਮਹਿੰਗਾਈ ਮੁਤਾਬਕ ਤਰਕਸੰਗਤ ਬਣਾਉਣ ਦੀ ਲੋੜ ਹੈ।





# ਪ੍ਰਿਥਵੀ ਦੇ ਉਪਗ੍ਰਹਿ 'ਚੰਨ' ਬਾਰੇ ਜਾਣਕਾਰੀ



ਪਿਆਰੇ ਬੱਚਿਓ, ਚੰਨ ਪ੍ਰਿਥਵੀ ਦਾ ਉਪਗ੍ਰਹਿ ਹੈ। ਜਦੋਂ ਕੋਈ ਛੋਟਾ ਗ੍ਰਹਿ ਕਿਸੇ ਵੱਡੇ ਗ੍ਰਹਿ ਦੇ ਦੁਆਲੇ ਘੁੰਮਦਾ ਹੋਵੇ ਤਾਂ ਛੋਟੇ ਨੂੰ ਉਪ-ਗ੍ਰਹਿ ਦਾ ਨਾਂਅ ਦਿੱਤਾ ਜਾਂਦਾ ਹੈ। 'ਚੰਨ' ਪ੍ਰਿਥਵੀ ਦੇ ਸਭ ਤੋਂ ਨੇੜੇ ਹੈ। ਇਹ ਧਰਤੀ ਤੋਂ 3 ਲੱਖ 84 ਹਜ਼ਾਰ ਕਿੱਲੋਮੀਟਰ ਦੀ ਦੂਰੀ 'ਤੇ ਹੈ। ਇਸ ਦਾ ਭੂ-ਮੱਧ ਰੇਖਾ 'ਤੇ ਘੇਰਾ 3476 ਕਿੱਲੋਮੀਟਰ ਹੈ। ਚੰਨ ਧਰਤੀ ਦੁਆਲੇ 29 ਦਿਨ, 12 ਘੰਟੇ ਤੇ 44 ਮਿੰਟਾਂ ਵਿਚ ਇਕ ਚੱਕਰ ਪੂਰਾ ਕਰਦਾ ਹੈ। ਇਸ ਦੀ ਰੋਜ਼ਾਨਾ ਗਤੀ ਤੇ ਸਾਲਾਨਾ ਗਤੀ ਇਕੋ ਜਿੰਨਾ ਸਮਾਂ ਲੈਂਦੀਆਂ ਹਨ। ਚੰਨ ਭਾਵੇਂ ਠੰਢਾ ਹੈ ਪਰ ਇਹ ਚਾਨਣੀ ਉਸ ਦੀ ਆਪਣੀ ਨਹੀਂ। ਇਹ ਸੂਰਜ ਦੀ ਹੀ ਰੌਸ਼ਨੀ ਹੈ, ਜਿਸ ਕਾਰਨ ਉਹ ਲਿਸ਼ਕਦਾ ਨਜ਼ਰ ਆਉਂਦਾ ਹੈ। ਨੀਲ ਆਰਮਸਟਰੌਂਗ ਪਹਿਲਾ ਪੁਲਾੜ ਵਿਗਿਆਨੀ ਸੀ, ਜੋ 21 ਜੁਲਾਈ, 1969 ਨੂੰ ਇਥੇ ਉਤਰਿਆ ਸੀ। ਉਸ ਨਾਲ ਉਸ ਦਾ ਸਾਥੀ ਐਲਡਰੀਨ ਵੀ ਸੀ। ਚੰਨ ਸਾਡੀ ਧਰਤੀ ਨਾਲੋਂ ਕਾਫੀ ਛੋਟਾ ਹੈ। ਇਸ ਦੀ ਆਕ੍ਰਸ਼ਣ ਸ਼ਕਤੀ ਪ੍ਰਿਥਵੀ ਨਾਲੋਂ ਛੇਵਾਂ ਹਿੱਸਾ ਹੈ। ਭਾਵ ਜੇਕਰ ਧਰਤੀ ਉੱਪਰ ਤੁਹਾਡਾ ਭਾਰ 36 ਕਿੱਲੋਗ੍ਰਾਮ ਹੈ ਤਾਂ ਚੰਨ ਉੱਪਰ ਇਹ ਕੇਵਲ 6 ਕਿੱਲੋਗ੍ਰਾਮ ਹੀ ਰਹਿ ਜਾਵੇਗਾ। ਇਥੇ ਦਿਨ 350 ਘੰਟਿਆਂ ਦਾ ਹੁੰਦਾ ਹੈ। ਪ੍ਰਿਥਵੀ ਦੇ 14 ਦਿਨਾਂ ਦੇ ਬਰਾਬਰ। ਚੰਨ ਉੱਪਰ ਰਹਿ ਕੇ ਸਾਲ ਵਿਚ ਕੇਵਲ 13 ਵਾਰ ਸੂਰਜ ਚੜ੍ਹਦਾ ਹੈ। ਬੱਚਿਓ, ਆਓ, ਇਸ ਰੌਚਿਕ ਜਾਣਕਾਰੀ ਨੂੰ ਅਸੀਂ ਆਪਣੀ ਜ਼ਿੰਦਗੀ ਦਾ ਇਕ ਹਿੱਸਾ ਬਣਾਈਏ।

## ਰਸਤਾ ਲੱਭੋ



## ਬਿੰਦੂ ਮਿਲਾਓ



## ਚੁਟਕਲੇ




- ਫਕੀਰ ਚੰਦ (ਆਪਣੇ ਦੋਸਤ ਨੂੰ )-ਮੇਰੇ ਚਾਰ ਬੇਟੇ ਹਨ, ਇਕ ਐਮ.ਸੀ.ਏ., ਦੂਜਾ ਐਮ.ਬੀ.ਏ., ਤੀਜਾ ਪੀ.ਐਚ.ਡੀ. ਅਤੇ ਚੌਥਾ ਚੋਰ ਹੈ।
  ਦੋਸਤ-ਤੂੰ ਚੋਰ ਨੂੰ ਘਰੋਂ ਬਾਹਰ ਕਿਉਂ ਨਹੀਂ ਕੱਢ ਦਿੰਦਾ?
  ਫਕੀਰ ਚੰਦ-ਮੈਂ ਉਹਨੂੰ ਕਿਵੇਂ ਕੱਢ ਸਕਦਾਂ, ਉਹੀ ਤਾਂ 'ਕੱਲਾ ਕਮਾਉਂਦਾ ਆ, ਬਾਕੀ ਤਾਂ ਸਾਰੇ ਬੇਰੁਜ਼ਗਾਰ ਨੇ।

- ਦਾਦਾ (ਪੋਤੇ ਨੂੰ )-ਤੇਰੀ ਮੈਡਮ ਆ ਰਹੀ ਆ, ਜਾਹ ਛੁਪ ਜਾ ਕਿਤੇ ਜਾ ਕੇ।
  ਪੋਤਾ-ਪਹਿਲਾਂ ਤੁਸੀਂ ਛੁਪ ਜਾਓ ਦਾਦਾ ਜੀ, ਕਿਉਂਕਿ ਤੁਹਾਡੀ ਮੌਤ ਦਾ ਕਹਿ ਕੇ ਤਾਂ ਮੈਂ ਸਕੂਲੋਂ ਦੋ ਹਫਤਿਆਂ ਦੀਆਂ ਛੁੱਟੀਆਂ ਲਈਆਂ ਹੋਈਆਂ ਹਨ।

- ਅਧਿਆਪਕ (ਗੱਗੂ ਨੂੰ )-ਮੱਛਰ ਅਤੇ ਮੱਖੀ ਵਿਚ ਕੀ ਫਰਕ ਹੁੰਦਾ ਹੈ?
  ਗੱਗੂ-ਸਰ ਜੀ, ਮੱਛਰ ਸਾਡਾ ਖ਼ੂਨ ਪੀਂਦੇ ਹਨ ਤੇ ਮੱਖੀ ਸਾਡੀ ਚਾਹ।

- ਜੇਲ੍ਹਰ (ਕੈਦੀ ਨੂੰ )-ਕੀ ਤੇਰਾ ਇਕ ਵੀ ਰਿਸ਼ਤੇਦਾਰ ਨਹੀਂ, ਜੋ ਤੈਨੂੰ ਇਥੇ ਮਿਲਣ ਲਈ ਆ ਜਾਂਦਾ?
  ਕੈਦੀ-ਹਜ਼ੂਰ, ਰਿਸ਼ਤੇਦਾਰ ਤਾਂ ਕਈ ਨੇ ਪਰ ਸਾਰੇ ਇਸੇ ਜੇਲ੍ਹ ਵਿਚ ਹੀ ਬੰਦ ਨੇ।

## ਸ਼ਬਦ ਲੱਭੋ

ਕੀ ਤੁਸੀਂ ਹੇਠਾਂ ਦਿੱਤੇ ਚਿੱਤਰ 'ਚ ਦਿੱਤੇ ਗਏ ਸ਼ਬਦਾਂ ਦਾ ਪਤਾ ਲੱਗਾ ਸਕਦੇ ਹੋ...?

| | | | | | | | | | |
|---|---|---|---|---|---|---|---|---|---|
| P | T | S | I | S | T | H | U | N | E |
| A | N | R | E | T | O | E | N | E | R |
| R | E | O | M | B | R | R | C | L | D |
| F | D | T | L | E | R | C | H | I | L |
| A | N | H | A | T | I | V | S | O | N |
| T | A | E | R | F | A | E | A | U | N |
| H | R | N | E | P | T | H | E | R | T |
| E | G | W | E | H | N | I | E | C | E |
| R | G | R | A | N | D | D | A | U | G |
| R | E | H | T | O | M | R | E | T | H |


Find all the words from the word list (ignore spaces and dashes):

| | |
|---|---|
| AUNT | MOTHER |
| BROTHER | NEPHEW |
| CHILDREN | NIECE |
| DAUGHTER | PARENT |
| FATHER | ~~RELATIVE~~ |
| GRANDFATHER | SISTER |
| GRANDMOTHER | SON |
| | UNCLE |

## ਰਾਜੇ ਦਾ ਫਰਜ਼

ਇਕ ਰਾਜ ਵਿਚ ਰਾਜਾ ਭੇਸ ਬਦਲ ਕੇ ਆਪਣੇ ਰਾਜ ਵਿਚ ਘੁੰਮਿਆ ਕਰਦਾ ਸੀ। ਉਸ ਦਾ ਮਕਸਦ ਸੀ ਕਿ ਉਸ ਦੇ ਰਾਜ ਵਿਚ ਕੋਈ ਦੁਖੀ ਨਾ ਰਹੇ, ਸਾਰੀ ਦੁਨੀਆ ਸੁਖੀ ਰਹੇ।

ਇਕ ਦਿਨ ਇਕ ਧਾਰਮਿਕ ਸਥਾਨ 'ਤੇ ਮੇਲਾ ਮਨਾਇਆ ਜਾ ਰਿਹਾ ਸੀ। ਰਾਜਾ ਮੇਲੇ 'ਚ ਇਕ ਮਜ਼ਦੂਰ ਬਣ ਕੇ ਇਧਰ-ਉਧਰ ਘੁੰਮ ਰਿਹਾ ਸੀ। ਅਚਾਨਕ ਉਸ ਦੀ ਨਜ਼ਰ ਇਕ ਨੁੱਕਰੇ ਬੈਠੀ ਬੁੱਢੀ ਮਾਈ 'ਤੇ ਪਈ, ਜੋ ਬੜੀ ਬੇਵੱਸ ਤੇ ਲਾਚਾਰ ਜਿਹੀ ਲੱਗ ਰਹੀ ਸੀ। ਰਾਜਾ ਉਸ ਕੋਲ ਗਿਆ ਤੇ ਉਸ ਨੂੰ ਪੁੱਛਿਆ ਤਾਂ ਬੁੱਢੀ ਮਾਤਾ ਨੇ ਦੱਸਿਆ, 'ਬੇਟਾ, ਮੈਂ ਮਿੱਟੀ ਦੇ ਬਣੇ ਖਿਡੌਣੇ ਵੇਚਣ ਆਈ ਸੀ, ਪਤਾ ਨਹੀਂ ਇਸ ਜ਼ਮਾਨੇ ਨੂੰ ਕੀ ਹੋ ਗਿਆ, ਦੁਨੀਆ ਹੀ ਬਦਲ ਗਈ ਹੈ। ਕੋਈ ਮਿੱਟੀ ਦੇ ਖਿਡੌਣਿਆਂ ਵੱਲ ਨਜ਼ਰ ਹੀ ਨਹੀਂ ਕਰਦਾ। ਸਵੇਰੇ ਮੈਂ ਕਿਸੇ ਨਾ ਕਿਸੇ ਤਰ੍ਹਾਂ ਆ ਤਾਂ ਗਈ, ਹੁਣ ਵਾਪਸ ਘਰ ਜਾਣਾ ਹੈ। ਘਰ ਦੂਰ ਹੈ, ਉੱਪਰੋਂ ਮੌਸਮ ਵੀ ਖਰਾਬ ਹੈ, ਮੀਂਹ ਦਾ ਨਹੀਂ ਪਤਾ ਕਦੋਂ ਪੈਣਾ ਸ਼ੁਰੂ ਹੋ ਜਾਵੇ। ਮਜ਼ਦੂਰ ਬਣੇ ਰਾਜੇ ਨੇ ਕਿਹਾ, 'ਮਾਤਾ ਚਿੰਤਾ ਨਾ ਕਰ, ਮੈਂ ਇਹੀ ਕੰਮ ਕਰਦਾ ਹਾਂ। ਮੈਂ ਤੇਰਾ ਸਾਮਾਨ ਛੱਡ ਆਉਂਦਾ ਹਾਂ,




ਤੂੰ ਮੇਰੀ ਬਣਦੀ ਮਜ਼ਦੂਰੀ ਦੇ ਦਈਂ।' ਇਹ ਕਹਿ ਕੇ ਉਸ ਮਜ਼ਦੂਰ ਨੇ ਬੁੱਢੀ ਮਾਈ ਦੀ ਬੋਰੀ ਪਿੱਠ 'ਤੇ ਚੁੱਕੀ ਤੇ ਤੁਰ ਪਿਆ, ਬੁੱਢੀ ਨਾਲ-ਨਾਲ ਤੁਰ ਪਈ।

ਰਸਤੇ 'ਚ ਮੀਂਹ ਆ ਗਿਆ ਤੇ ਬੋਰੀ ਉੱਪਰ ਮੀਂਹ ਪੈਣ ਨਾਲ ਉਹ ਹੋਰ ਭਾਰੀ ਹੋ ਗਈ। ਮਜ਼ਦੂਰ ਨੇ ਬੁੱਢੀ ਦੇ ਘਰ ਜਾ ਕੇ ਬੋਰੀ ਰੱਖੀ ਤਾਂ ਆਪਣੀ ਮਜ਼ਦੂਰੀ ਮੰਗੀ। ਬੁੱਢੀ ਨੇ ਪੁੱਛਿਆ, 'ਕਾਕਾ ਕਿੰਨੇ ਪੈਸੇ ਮਜ਼ਦੂਰੀ ਹੈ ਤੇਰੀ?' ਮਜ਼ਦੂਰ ਨੇ ਕਿਹਾ ਕਿ 'ਮਾਤਾ ਸਿਰਫ ਇਕ ਚਵਾਨੀ।' ਬੁੱਢੀ ਨੇ ਕਿਹਾ, 'ਕਾਕਾ, ਚਵਾਨੀ ਤਾਂ ਬਹੁਤ ਘੱਟ ਹੈ।' ਪਰ ਉਸ ਮਜ਼ਦੂਰ ਨੇ ਸਿਰਫ ਚਵਾਨੀ ਹੀ ਲਈ ਤੇ ਵਾਪਸ ਸ਼ਹਿਰ ਆ ਗਿਆ।

ਬੁੱਢੀ ਨੂੰ ਸਵੇਰ ਨੂੰ ਕਿਸੇ ਤੋਂ ਪਤਾ ਲੱਗਾ ਕਿ ਜਿਹੜਾ ਮਜ਼ਦੂਰ ਉਸ ਦੀ ਬੋਰੀ ਛੱਡ ਕੇ ਗਿਆ, ਉਹ ਮਜ਼ਦੂਰ ਨਹੀਂ, ਬਲਕਿ ਪੰਜਾਬ ਦੇ ਰਾਜਾ ਮਹਾਰਾਜਾ ਰਣਜੀਤ ਸਿੰਘ ਸਨ। ਬੁੱਢੀ ਨੂੰ ਪਛਤਾਵਾ ਹੋਇਆ।

ਅਗਲੇ ਦਿਨ ਬੁੱਢੀ ਰਾਜਾ ਦੇ ਦਰਬਾਰ ਗਈ ਤਾਂ ਮਹਾਰਾਜਾ ਦੇ ਪੈਰੀਂ ਡਿੱਗ ਪਈ। ਬੋਲੀ, 'ਰਾਜਾ ਜੀ, ਮੈਂ ਤੁਹਾਨੂੰ ਪਛਾਣ ਨਹੀਂ ਸਕੀ, ਮੁਆਫ਼ ਕਰ ਦਿਓ।' ਰਾਜੇ ਨੇ ਬੁੱਢੀ ਨੂੰ ਚੁੱਕਿਆ ਤੇ ਬੋਲੇ, 'ਮਾਤਾ ਜੀ, ਮੁਆਫ਼ੀ ਕਾਹਦੀ, ਮੈਂ ਮਜ਼ਦੂਰੀ ਕੀਤੀ, ਨਾਲ ਮਜ਼ਦੂਰੀ ਵੀ ਲਈ ਹੈ। ਮੈਂ ਤਾਂ ਰਾਜਾ ਹੋਣ ਦੇ ਨਾਤੇ ਆਪਣਾ ਫਰਜ਼ ਨਿਭਾਇਆ ਹੈ, ਜਿਸ ਨਾਲ ਮੈਨੂੰ ਆਪਣੀ ਪਰਜਾ ਦੀਆਂ ਦੁੱਖ-ਤਕਲੀਫਾਂ ਬਾਰੇ ਪਤਾ ਲਗਦਾ ਰਹਿੰਦਾ ਹੈ। ਸੋ, ਬੱਚਿਓ, ਹਰ ਰਾਜੇ ਦਾ ਫਰਜ਼ ਬਣਦਾ ਹੈ ਕਿ ਪਰਜਾ 'ਚ ਵਿਚਰ ਕੇ ਉਨ੍ਹਾਂ ਬਾਰੇ ਜਾਣਿਆ ਜਾਵੇ।



# ਕਾਵਿ-ਲਹਿਰਾਂ

## ਗ਼ਜ਼ਲ

ਕਵੇਂ ਸਮਝਾਂ ਨਾ ਮੈਂ ਉਸਨੂੰ,
ਹਰਿਕ ਫ਼ਨਕਾਰ ਤੋਂ ਪਹਿਲਾਂ।
ਹਮੇਸ਼ਾਂ ਮੁਸਕੁਰਾਉਂਦਾ ਹੈ,
ਉਹ ਗੁੱਝੇ ਵਾਰ ਪਹਿਲਾਂ।
ਕਿਸੇ ਸੂਰਤ, ਕਿਸੇ ਹੀਲੇ,
ਕਿਸੇ ਤਕਰਾਰ ਤੋਂ ਪਹਿਲਾਂ।
ਹਕੀਕਤ ਸਮਝ ਲਈਏ
ਅੱਗ ਦੀ ਅੰਗਿਆਰ ਤੋਂ ਪਹਿਲਾਂ।
ਨਦੀ ਦੀ ਤੋਰ ਸਚਮੁੱਚ ਸੁਕਦੀ ਹੈ,
ਸੰਭਲ ਕੇ ਚੱਲੀਏ,
ਵਿਚਾਲੇ ਡੋਬ ਨਾ ਦੇਵੇ ਇਹ
ਪਰਲੇ ਪਾਰ ਤੋਂ ਪਹਿਲਾਂ।
ਹਕੀਕਤ ਨੂੰ ਬਿਨਾਂ ਸਮਝੇ
ਉਨ੍ਹਾਂ ਲਲਕਾਰਿਆ ਸਾਨੂੰ,
ਕਲਮ ਨੂੰ ਹੱਥ ਪਾਇਆ ਕਿਉਂ,
ਕਿਸੇ ਤਲਵਾਰ ਤੋਂ ਪਹਿਲਾਂ।
ਕਿਸੇ ਸੂਰਤ ਕੋਈ ਬਦਲਾਅ
ਨਹੀਂ ਆਇਆ ਅਜੇ ਤੀਕਰ,
ਇਹੀ ਹਾਲਾਤ ਸਨ ਸਚਮੁੱਚ
ਤੇਰੀ ਸਰਕਾਰ ਤੋਂ ਪਹਿਲਾਂ।
ਬੜਾ ਹੀ ਮਾਣ ਕਰਦਾ ਹੈਂ ਤੂੰ
ਪਿਆਰੇ ਅਪਣਿਆਂ ਉੱਤੇ,
ਲੰਗੋਟੀ ਤੋੜ ਲੈਂਦੇ ਨੇ ਸਕੇ
ਸਸਕਾਰ ਤੋਂ ਪਹਿਲਾਂ।
ਇਨ੍ਹਾਂ ਹਮਦਰਦ ਲੋਕਾਂ ਤੋਂ
ਜ਼ਰਾ ਬਚ ਕੇ ਰਹੀਂ 'ਮੱਖਣਾਂ',
ਜੋ ਆ ਪਹੁੰਚੇ ਨੇਂ ਤੇਰੇ ਤੱਕ
ਭਲੇ ਗ਼ਮਖ਼ਾਰ ਤੋਂ ਪਹਿਲਾਂ।

**ਲਿਖਤ : ਮੱਖਣ ਸੇਖੂਵਾਸ**

## ਬਲੈਕਮੇਲ

ਮਿੱਠਾ ਬੋਲ ਬੋਲ ਕੇ ਜੋ ਮਤਲਬ ਕੱਢਦੇ,
ਆਪਣੇ ਪਰਾਇਆਂ ਨੂੰ ਵੀ ਠੱਗਣੋ ਨਾ ਛੱਡਦੇ,
ਵੇਖ ਕੇ ਤਰੱਕੀ ਜਿਹੜੇ ਅੰਦਰੋਂ ਨੇ ਸੜਦੇ,
ਗੰਦੇ ਬੰਦੇ ਚੰਗੇ ਨੂੰ ਬਲੈਕਮੇਲ ਕਰਦੇ,
ਖੋਲਦੇ ਨੀ ਚੁੱਪ ਚੰਗੇ ਪਾਸਾ ਵੱਟ ਲੈਂਦੇ ਨੇ,
ਅੜਬ ਸੁਭਾਅ ਦੇ ਅੱਗੋ ਡਾਂਗ ਚੁੱਕ ਲੈਂਦੇ ਨੇ,
ਹੇਰਾ ਫੇਰੀ ਵਾਲੇ ਬਹੁਤਾ ਚਿਰ ਨਹੀਓਂ ਤਰਦੇ,
ਮਾੜੇ ਬੰਦੇ ਚੰਗੇ ਨੂੰ ਬਲੈਕਮੇਲ ਕਰਦੇ,

ਹਰ ਗੱਲ ਉੱਤੇ ਜਿਹੜੇ ਜੀ ਜੀ ਨੇ ਬੋਲਦੇ,
ਵਿਹਲੇ ਬੰਦੇ ਜਿਹੜੇ ਸਾਰੇ ਕੁਫ਼ਰ ਨੇ ਤੋਲ ਦੇ,
ਨਿੱਕੀ ਨਿੱਕੀ ਗੱਲੋ ਹੱਥ ਪੈਰਾਂ ਤੇ ਨੇ ਧਰਦੇ,
ਮਾੜੇ ਬੰਦੇ ਚੰਗੇ ਨੂੰ ਬਲੈਕਮੇਲ ਕਰਦੇ,
ਜ਼ਿਆਦਾ ਤਰ ਬੰਦੇ ਲੜੀ ਗੱਲਾਂ ਦੀ ਹੀ ਜੋੜਦੇ,
ਕੋਰਾ ਜਿਹੜੇ ਬੋਲਦੇ ਉਹ ਦਿਲ ਨਹੀਓ ਤੋੜਦੇ,
ਹਰ ਥਾਂ ਤੇ ਹੱਕ ਜਿਹੜੇ ਆਪਣਾ ਹੀ ਧਰਦੇ,
ਮਾੜੇ ਬੰਦੇ ਚੰਗੇ ਨੂੰ ਬਲੈਕਮੇਲ ਕਰਦੇ,

ਦੇ ਕੇ ਫੂਕ ਜਿਹੜੇ ਯਾਰ ਖਬਰਾਂ ਨੇ ਛਾਪ ਦੇ,
ਸੱਚ ਦੱਸਾਂ ਸਕੇ ਨਹੀਓ ਹੁੰਦੇ ਮਾਂ ਬਾਪ ਦੇ,
ਚਿੰਦੀ ਚੋਰ ਵਾਲੀਆ ਕਿਤਾਬਾ ਲੱਗੇ ਪੜਦੇ,
ਮਾੜੇ ਬੰਦੇ ਚੰਗੇ ਨੂੰ ਬਲੈਕਮੇਲ ਕਰਦੇ,
ਮੈਨੂੰ ਇੱਕ ਗੱਲ ਬੇਦੀ ਯਾਰ ਸਮਝਾਈ ਆ,
ਉਹੀ ਵਾਰਲਾਪਤਾ ਮੈਂ ਸਭ ਨੂੰ ਸੁਣਾਈ ਆ
ਅਣਖੀ ਜੇ ਬੰਦੇ ਲੱਲੀ ਛੱਲੀ ਤੋਂ ਨਹੀਂ ਡਰਦੇ,
ਮਾੜੇ ਬੰਦੇ ਚੰਗੇ ਨੂੰ ਬਲੈਕਮੇਲ ਕਰਦੇ

ਪੈਰ ਪੈਰ ਉੱਤੇ ਜਿਹੜੇ ਰੰਗ ਨੂੰ ਵਟਾਉਂਦੇ ਨੇ,
ਲੱਤ ਚੁੱਕ ਮੂਤੇ ਉਸੇ ਨਸਲ ਚੋਂ ਆਉਂਦੇ ਨੇ,
ਕਾਲੇ ਰੰਡਿਆਲੇ ਉਹ ਗਦਾਰਾਂ ਚੋਂ ਨੇ ਖੜਦੇ,
ਮਾੜੇ ਬੰਦੇ ਚੰਗੇ ਨੂੰ ਬਲੈਕਮੇਲ ਕਰਦੇ

**ਲਿਖਤ : ਕਾਲਾ ਧਾਲੀਵਾਲ**
**ਸੰਪਰਕ : 9855268478**

## ਯਾਦ

ਕੀਹਨੂੰ ਦੱਸਾਂ ਫਰੋਲ ਕੇ ਦੁੱਖ ਅਪਣਾਂ ,
ਤੇਰੀ ਯਾਦ ਚ ਹਾਲੋਂ ਬੇਹਾਲ ਹੋਇਆ।
ਅਪਣੇ ਆਪ ਦਾ ਪਤਾ ਨਾਂ ਕੁੱਝ ਲੱਗੇ,
ਜਿਉਣਾਂ ਸੱਜਣਾਂ ਮੇਰਾ ਮੁਹਾਲ ਹੋਇਆ।

ਜ਼ਿੰਦਗੀ ਲੱਗ ਗਈ ਦਾਅ ਤੇ ਦੋਸਤਾ ਓਏ,
ਤੇਰਾ ਹੱਲ ਨਾਂ ਮੈਥੋਂ ਸਵਾਲ ਹੋਇਆ।
ਜ਼ੋਰ ਲਾ ਲਿਆ ਬਦਲਕੇ ਢੰਗ ਸਾਰੇ,
ਸਾਥੋਂ ਖਿੱਚ ਨਾਂ ਤੇਰਾ ਖਿਆਲ ਹੋਇਆ।

ਹੱਥੋਂ ਤੇਰੇ ਮੁਹੱਬਤ ਦੀ ਨਾਲ ਛੁਰੀ,
ਸਾਡਾ ਸੱਜਣਾਂ ਇਸ਼ਕ ਹਲਾਲ ਹੋਇਆ।
ਪਿੰਡਾਂ ਨੰਗਾਂ ਸੀ ਛਮਕਾਂ ਲਈ ਤਿਆਰ ਕਰਿਆ,
ਤੇਰਾ ਲਹਿਜ਼ਾ ਨਾਂ ਹੀਰ ਸਿਆਲ ਹੋਇਆ।

ਪੱਥਰ ਪਿੰਘਲਦੇ ਵੇਖੇ ਮੈਂ ਮੋਮ ਵਾਂਗੂ,
ਤੇਰਾ ਨਖਰਾ ਹੀ ਬਹੁਤ ਕਮਾਲ ਹੋਇਆ।
ਐਧਰ ਮਰਨ ਕਿਨਾਰੇ ਤੇ ਜਿੰਦ ਪਹੁੰਚੀ।
ਓਧਰ ਅਸਰ ਬਰਾਬਰ ਨਾਂ ਵਾਲ ਹੋਇਆ।

"ਕਾਮੀਂ ਵਾਲਿਆ" ਖੱਟਿਆ ਕੀ ਜੱਗ ਵਿੱਚੋਂ,
ਬੱਸ ਇੱਕ ਹੁਸਨ ਦੇ ਪਿੱਛੇ ਕੰਗਾਲ ਹੋਇਆ।

**ਲਿਖਤ : ਸ਼ੁਕਰ ਦੀਨ ਕਾਮੀਂ ਖੁਰਦ**

## ਗ਼ਜ਼ਲ

ਮੇਰੇ ਮਾਲਕ ਅਗਰ ਏਨਾ ਤੂੰ
ਬਖ਼ਸ਼ਣਹਾਰ ਨਾ ਹੁੰਦਾ।
ਤੇਰੇ ਫਿਰ ਨਾਮ ਤੇ ਲੁੱਟ ਦਾ
ਇਵੇਂ ਬਾਜ਼ਾਰ ਨਾ ਹੁੰਦਾ।
ਬਿਨਾਂ ਗੋਲਕ ਭਰੇ ਸੁਣਦੈ
ਅਗਰ ਆਵਾਜ਼ ਤੂੰ ਸਭ ਦੀ,
ਗਰੀਬਾਂ ਦਾ ਇਹ ਜੀਵਨ
ਇਸ ਤਰ੍ਹਾਂ ਲਾਚਾਰ ਨਾ ਹੁੰਦਾ।
ਅਗਰ ਕਣ ਕਣ 'ਚ ਤੂੰ ਰਹਿੰਦੈ,
ਰਜ਼ਾ ਤੇਰੀ ਚ ਹਰ ਸ਼ੈਅ ਏ,
ਤਾਂ ਇਸ ਦੁਨੀਆ 'ਚ
ਏਨਾ ਫੇਰ ਅੱਤਿਆਚਾਰ ਨਾ ਹੁੰਦਾ।
ਤੇਰਾ ਕੀ ਰੂਪ ਏ ਕੀ ਰੰਗ
ਕੋਈ ਜਾਣਦਾ ਨਾ ਕੁਝ,
ਸ਼ਿਲਾ ਤੋਂ ਮੂਰਤੀ ਘੜਨਾ
ਅਗਰ ਰੁਜ਼ਗਾਰ ਨਾ ਹੁੰਦਾ।
ਨਾ ਕਰਮਾਂ ਨੂੰ ਕੋਈ ਰੋਂਦਾ,
ਨਾ ਖਾਂਦਾ ਮੁਫਤ ਦੀ ਕੋਈ,
ਜੇ ਅੰਨ੍ਹੀ ਆਸਥਾ ਤੋਂ
ਆਦਮੀ ਬੀਮਾਰ ਨਾ ਹੁੰਦਾ।
ਸਧਾਰਨ ਸੂਝ ਦੇ ਘਾਟੇ
ਤੇਰੇ ਬੰਦੇ ਨਾ ਜੇ ਸਹਿੰਦੇ,
ਤੇਰਾ ਹਰ ਮੋੜ ਤੇ ਜਬਰਨ
ਕੋਈ ਦਰਬਾਰ ਨਾ ਹੁੰਦਾ।
ਬਿਨਾਂ ਗੰਗਾ ਨਹਾਏ ਵੀ ਮਨਾਂ
ਦੀ ਮੈਲ ਧੁਲ ਜਾਂਦੀ,
ਮਨਾਂ ਵਿਚ 'ਗਰ ਨਸ਼ਾ ਦੌਲਤ
ਦਾ ਹੱਦ ਤੋਂ ਪਾਰ ਨਾ ਹੁੰਦਾ।

**ਲਿਖਤ : ਬਿਸ਼ੰਬਰ ਅਵਾਂਖੀਆ**
**ਸੰਪਰਕ : 9781825255**

## ਬੇਸ਼ਰਮੀ ਬੜ੍ਹਕ

ਜਿੱਤ ਕਿਹੜਾ ਕਾਬਲ ਕੰਧਾਰ ਲਿਆ,
ਹੋਇਆ ਖ਼ੁਸ਼ੀ 'ਚ ਫਿਰੇ ਗੁਲਤਾਨ ਮੱਦੀ।
ਫਿਰੇ ਭੁਗਤਦਾ ਕਰੇ ਗੁਨਾਹ ਜਿਹੜੇ,
ਬੈਠਾ ਸਿਰ 'ਤੇ ਚੁੱਕੀ ਅਸਮਾਨ ਮੱਦੀ।

ਆਇਆ ਛੁੱਟ ਕੇ ਤਾਂ ਰਗੜ ਗੋਡੇ,
ਕਰਦਾ ਕਾਹਦਾ ਫਿਰੇ ਗੁਮਾਨ ਮੱਦੀ
ਠੰਢ ਬੇਜਤੀ ਲੱਗੇ ਸ਼ਰਮ ਓਹਨੂੰ,
ਅਣਖ ਵਿੱਚ ਨਾ ਜੀਹਦੇ ਕਾਣ ਮੱਦੀ।

ਐਡੀ ਕਿਹੜੀ ਜਿੱਤ ਗੁਰਜ ਲਈ,
ਫੋਕਾ ਬਣਿਆਂ ਫਿਰੇ ਭਲਵਾਨ ਮੱਦੀ।
ਇਨਕਲਾਬੀ ਜੋ ਇਮਾਨਦਾਰੀਆਂ ਦਾ,
ਨਿੱਕਲਿਆ ਸਭ ਤੋਂ ਵੱਧ ਸ਼ੈਤਾਨ ਮੱਦੀ।

ਜਾਵੇ ਲੱਥ ਹਯਾ ਸ਼ਰਮ ਜੀਹਦੀ,
ਉਹਨੂੰ ਧੁੰਦਲਾ ਦਿਸੇ ਜਹਾਨ ਮੱਦੀ।
ਜਾਂਦਾ ਕਰ ਜੋ ਸਿਆਸਤ ਪਾਸ 'ਭਗਤਾ',
ਓਦੂੰ ਵੱਧ ਨਾ ਕੋਈ ਬੇਈਮਾਨ ਮੱਦੀ।

**ਲਿਖਤ : ਬਰਾੜ 'ਭਗਤਾ ਭਾਈ ਕਾ'**
**+1-604-751-1113**

## ਸਬਰ ਦਾ ਫ਼ਲ

ਸਭ ਨੇ ਸਮਝਾਇਆ
ਸਬਰ ਕਰ ਸਬਰ ਕਰ
ਸਬਰ ਦਾ ਫ਼ਲ ਮਿੱਠਾ ਹੁੰਦਾ
ਸਬਰ ਕਰਦਿਆਂ ਕਰਦਿਆਂ
ਜਵਾਨੀ ਬੀਤ ਗਈ
ਫ਼ਲ ਵਿਚ ਬੁਢਾਪਾ ਮਿਲਿਆ
ਸਬਰ ਕਰਦਿਆਂ ਕਰਦਿਆਂ
ਖਾਰੇ ਹੰਝੂ ਵੀ ਮੁੱਕ ਗਏ
ਫ਼ਲ ਵਿਚ ਅੰਧਰਾਤਾ ਮਿਲਿਆ
ਸਬਰ ਕਰਦਿਆਂ ਕਰਦਿਆਂ
ਤਾਕਤ ਜਵਾਬ ਦੇ ਗਈ
ਫ਼ਲ ਵਿਚ ਪੀੜਾਂ ਹੀ ਮਿਲੀਆਂ
ਸਬਰ ਕਰਦਿਆਂ ਕਰਦਿਆਂ
ਅਰਮਾਨ ਮੁੱਕ ਗਏ
ਫ਼ਲ ਵਿਚ ਸੱਧਰਾਂ ਦਾ ਖ਼ੂਨ ਮਿਲਿਆ
ਸਬਰ ਕਰਦਿਆਂ ਕਰਦਿਆਂ
ਉਮੀਦ ਨੂੰ ਜਿੰਦਾ ਰੱਖਿਆ
ਫ਼ਲ ਵਿਚ ਆਸ ਹੀ ਮੁੱਕ ਗਈ

**ਲਿਖਤ : ਵੀਨਾ ਬਟਾਲਵੀ**

## ਕਵਿਤਾ

ਸੁਣਿਆ ਇਥੇ ਕਰਾਮਾਤਾਂ
ਨਾਲ ਕਰਮ ਬਦਲ ਜਾਂਦੇ ਨੇ
ਪੈਸੇ ਪਿਛੇ ਯਾਰਾ
ਹੁਣ ਤਾ ਧਰਮ ਬਦਲ ਜਾਂਦੇ ਨੇ
ਰਚਾਈ ਫਿਰਦੇ
ਨੇ ਕਈ ਢੋਂਗ ਫ਼ਕੀਰੀਆਂ ਦੇ
ਬਸਤਰ ਬਦਲਣ ਨਾਲ
ਕੀ ਮੰਨ ਦੇ ਭਰਮ ਬਦਲ ਜਾਂਦੇ ਨੇ
ਬਿਠਾਏ ਸੀ ਜਿਹੜੇ ਕੁਰਸੀਆਂ ਤੇ
ਉਹ ਗ਼ਰੀਬੀ ਵਧਾਈ ਜਾਂਦੇ ਨੇ
ਹੱਕਾਂ ਦੀ ਰਾਖੀ ਉਹਨਾਂ ਕੀ
ਕਰਨੀ ਉਹ ਤਾ ਹੱਕ ਮੁਕਾਈ ਜਾਂਦੇ ਨੇ

**ਲਿਖਤ : ਬਲਜਿੰਦਰ ਬੜੈਚ**

## ਇੱਕੋ ਪੱਲੜੇ ਤੋਲ ਨੀਂ ਮਾਏ..

ਦੁੱਖ-ਸੁੱਖ ਸਾਰੇ ਫ਼ੋਲ ਨੀਂ ਮਾਏਂ,
ਧੀ ਦੇ ਅੱਗੇ ਖੋਲ ਨੀਂ ਮਾਏਂ।
ਧੀ ਮੈਂ ਤੇਰੀ ਧੀਆਂ ਵਰਗੀ,
ਨਾ ਪੁੱਤ ਮੈਨੂੰ ਤੂੰ ਬੋਲ ਨੀਂ ਮਾਏਂ।
ਦੁੱਖ-ਸੁੱਖ....

ਪੇਕੇ ਸਹੁਰੇ ਦੋਵੇਂ ਬਰਾਬਰ,
ਫ਼ਰਕ ਨਾ ਕਰਾਂ ਕਦੇ।
ਮਾਪਿਆਂ ਦੇ ਚਰਨਾਂ ਵਿੱਚ ਬਹਿ,
ਹੌਂਸਲੇ ਹਿੰਮਤਾਂ ਸਦਾ ਵਧੇ।
ਸਵਰਗ ਵਾਂਗਰਾ ਲੱਗਦਾ ਏ,
ਜਦ ਆ ਕੇ ਬੈਠੇ ਕੋਲ ਨੀਂ ਮਾਏਂ।
ਦੁੱਖ-ਸੁੱਖ.....

ਜਾਇਦਾਦ ਦੀ ਲੋੜ ਨਾ ਮੈਨੂੰ,
ਮੈਂ ਤਾਂ ਇੱਕ ਬੱਸ ਚਾਹਾਂ ਤੈਨੂੰ।
ਦੁੱਖੜੇ ਤੇਰੇ ਹਰ ਲਵਾਂ ਜੇ,
ਫ਼ੇਰ ਕੋਈ ਵੀ ਥੋੜ੍ਹ ਨਾ ਮੈਨੂੰ।
ਸਾਰੀ ਦੱਸੀ ਹਾਲਤ ਆਪਣੀ,
ਗੱਲ ਕਰੀ ਨਾ ਗੋਲ ਨੀਂ ਮਾਏਂ।
ਦੁੱਖ-ਸੁੱਖ.....

ਤੇਰੇ ਤੋਂ ਮੈਂ ਵਾਰ ਦਿਆਂ,
ਜ਼ਿੰਦ ਆਪਣੀ ਨੂੰ ਹਾਰ ਦਿਆਂ।
ਤੇਰੇ ਸਿਰ ਤੋਂ ਲਾਹ ਕੇ ਮੈਂ,
ਸੁੱਟ ਸਾਰਾ ਹੀ ਭਾਰ ਦਿਆਂ।
'ਮਨਜੀਤ' ਨਾਲ ਤੂੰ ਫ਼ਰਕ ਕਰੀਂ ਨਾ,
ਇੱਕੋ ਪੱਲੜੇ ਤੋਲ ਨੀਂ ਮਾਏ।
ਦੁੱਖ-ਸੁੱਖ ਸਾਰੇ ਫੋਲ ਨੀਂ ਮਾਏ,
ਧੀ ਦੇ ਅੱਗੇ ਖੋਲ੍ਹ ਨੀਂ ਮਾਏ।

**ਲਿਖਤ : ਮਨਜੀਤ ਕੌਰ ਧੀਮਾਨ,**
**ਸੰਪਰਕ : 9464633059**

## ਮਾਂ ਬੋਲੀ

ਮੈਂ ਮਾਂ ਬੋਲੀ ਮੇਰੇ ਦੇਸ਼ ਦੀ,
ਮੇਰੀ ਅੰਬਰਾਂ ਤੇ ਟੁਣਕਾਰ ।
ਚੰਦ ਸੂਰਜ ਮੈਨੂੰ ਪਿਆਰਦੇ,
ਸਦਾ ਹੀ ਕਰਨ ਸਤਿਕਾਰ।
ਸਦੀਆਂ ਨੇ ਸਭ ਜਾਣਦੀਆਂ,
ਕਿੰਨਾ ਉੱਚਾ ਮੇਰਾ ਕਿਰਦਾਰ।
ਮੈਨੂੰ ਸਾਂਭਿਆ ਸੰਤ ਫ਼ਕੀਰਾਂ ਨੇ,
ਗੁਰੂਆਂ ਦਾ ਕੀਤਾ ਮੈਂ ਦੀਦਾਰ।
ਚਾਰੇ ਰੁੱਤਾਂ ਨੇ ਸਿਰ ਝੁਕਾਉਂਦੀਆਂ,
ਆਖਣ ਤੂੰ ਏ ਸਾਡੀ ਪਾਲਣਹਾਰ।
ਵੇਲਾਂ, ਫੁੱਲ, ਬੂਟੇ ਨੇ ਹਨ ਵੰਡਦੇ,
ਮੇਰੇ ਹਰ ਪਾਸੇ ਆ ਗੁਲਜ਼ਾਰ।
ਰਾਤਾਂ ਦੇ ਤਾਰੇ ਵੀ ਨੇ ਮੈਨੂੰ ਦੱਸਦੇ,
ਗੂੰਜੇ ਮੇਰੀ ਅੰਬਰਾਂ ਤੇ ਘੁੰਮਕਾਰ।
ਪ੍ਰਦੇਸਾਂ ਵਿੱਚ ਮੈਨੂੰ ਸਾਂਭੀ ਬੈਠੇ ਨੇ,
ਆਪਣੀ ਬੁੱਕਲ ਵਿੱਚ ਸਰਦਾਰ।
ਚਾਨਣੀਆਂ ਰਾਤਾਂ ਨੇ ਕਹਿੰਦੀਆਂ,
ਬੈਠੇ ਦੁਨੀਆਂ 'ਚ ਤੇਰੇ ਪਹਿਰੇਦਾਰ।
ਮੈਂ ਮਾਂ ਬੋਲੀ ਮੇਰੇ ਦੇਸ਼ ਦੀ,
ਮੇਰੀ ਅੰਬਰਾਂ ਤੇ ਟੁਣਕਾਰ।

**ਲਿਖਤ : ਜਸਵੰਤ ਕੌਰ ਬੈਂਸ**

## ਪੰਜਾਬ ਸਿੰਘ

ਮੈਂ ਪੰਜਾਬ ਸਿੰਘ ਹਾਂ ਬੋਲਦਾ,
ਮੇਰੀ ਮਿੱਟੀ ਸੀ ਜਰਖੇਜ਼,
ਮੇਰੀ ਹਿੱਕ ਤੇ ਲੀਡਰ ਨੱਚਦੇ,
ਸਮਝ ਕਿਸੇ ਰੰਡੀ ਦੀ ਸੇਜ,
ਮੇਰੀ ਰਗ ਰਗ ਚਿੱਟਾ ਦੌੜਦਾ,
ਮੇਰੀ ਧੜਕਨ ਚੱਲਦੀ ਤੇਜ,
ਕੈਂਸਰ ਹੋਇਆ ਮੇਰੀ ਧਰਤ ਨੂੰ,
ਮੇਰਾ ਕਿਸੇ ਨਾ ਕੀਤਾ ਹੇਜ,
ਮੇਰੀ ਬਾਣੀ ਦੇ ਪੰਨੇ ਰੋਲਤੇ,
ਜੋ ਨਾਲ ਗੁਣਾ ਲਵਰੇਜ,
ਮੇਰੇ ਪੁੱਤ ਇੰਨਾ ਨੇ ਮਾਰਤੇ ,
ਕਈ ਦਿੱਤੇ ਜੇਲੀਂ ਭੇਜ,
ਮੇਰੀ ਧੀ ਰੀਲਾਂ ਤੇ ਨੱਚਦੀ,
ਕੋਈ ਚੱਲਿਆ ਨਵਾ ਕਰੇਜ,
ਮੈਨੂੰ ਮਿਲੀਆਂ ਸਦਾ ਹੀ ਫਸੀਆਂ,
ਇਹ ਲੈ ਕੇ ਬਹਿ ਗਏ ਕੁਰਸੀ ਮੇਜ,
ਮੇਰੀ ਰੂਹ ਚੋਂ ਚੀਖਾਂ ਨਿਕਲੀਆਂ,
ਮੀਡੀਆ ਕਿਉਂ ਨਾ ਕਰੇ ਕਵਰੇਜ,
ਮਾਨਾਂ ਕਿਉ ਨਾ ਕਰੇ ਕਵਰੇਜ,
ਮੈਂ ਪੰਜਾਬ ਸਿੰਘ ਹਾਂ ਬੋਲਦਾ....।

**ਲਿਖਤ : ਜਸਵੀਰ ਮਾਨ,**
**ਸੰਪਰਕ : 8437775940**

## ਗ਼ਜ਼ਲ


ਮਾਰੂਥਲ ਜਿਹਾ ਸਾਂ ਮੈਂ,
ਲਈਆਂ ਲਾਵਾਂ ਹਵਾਵਾਂ ਨਾਲ
ਨਾਲ ਲੈ ਉੱਡੀਆਂ ਐਪਰ
ਬੜੇ ਸੁੱਟਿਆ ਚਾਵਾਂ ਨਾਲ !
ਭਰੀ ਉਡਾਰੀ ਬੱਦਲਾਂ ਤੋਂ ਉੱਚੀ,
ਹੋਸ਼ ਜਦ ਆਈ
ਆਪਣੀ ਹੋਂਦ ਸੀ ਭੁੱਲਿਆ,
ਟੁੱਟੀ ਸਾਂਝ ਛਾਵਾਂ ਨਾਲ !
ਬੜਾ ਤੜਫਾਉਂਦੀ ਲੰਮੀ ਰਾਤ
ਤਨਹਾਈ ਦੀ ਜਦ
ਹਾੜੇ ਕੱਢ ਕੱਢ ਆਵੇ ਨੀਂਦ,
ਬਿਰਹਾ ਪਾਵਾਂ ਨਾਲ!
ਲੁਕਿਆ ਬੜਾ ਰਵਿੰਦਰ ਲੱਭ ਲਿਆ,
ਸਦਾ ਪੈੜਾਂ ਤੋਂ
ਰਿਸਦੇ ਜਖਮਾਂ ਦੀ ਯਾਰੀ,
ਕਦ ਰਹੀ ਕਾਵਾਂ ਨਾਲ !

**ਲਿਖਤ : ਸਿੰਘ ਰਵਿੰਦਰ**

## ਐ ਜ਼ਿੰਦਗੀ

ਐ ਜ਼ਿੰਦਗੀ !
ਤੇਰੀ ਅਨੋਖੀ ਐ ਕਹਾਣੀ
ਤੂੰ ਪਾਉਂਦੀ ਏ ਬੁਝਾਰਤਾਂ
ਔਖੀਆਂ ਇਬਾਰਤਾਂ
ਕਦੇ ਕਰੇ ਤੂੰ ਸ਼ਰਾਰਤਾਂ
ਕਦੇ ਚੁੱਪ ਹਨ ਹਰਾਰਤਾਂ
ਕਦੇ ਸਰ ਕਰਾਏ ਪਰਬਤਾਂ
ਕਦੇ ਰੱਖੇ ਵਿੱਚ ਗੁਰਬਤਾਂ
ਐ ਜ਼ਿੰਦਗੀ
ਤੇਰੀ ਅਨੋਖੀ ਐ ਕਹਾਣੀ
ਕਦੇ ਪਰੀ ਲੋਕ ਜਹੀ ਜਾਪੇ
ਕਦੇ ਮੁੱਕ ਜਾਂਦੇ ਹਾਸੇ
ਕਦੇ ਸੱਚ ਹੋਣ ਸੁਪਨੇ ਵੀ
ਕਦੇ ਝੂਠੇ ਹੁੰਦੇ ਆਪਣੇ ਵੀ
ਐ ਜ਼ਿੰਦਗੀ ਤੂੰ ਕਰ ਮਨਮਾਨੀਆ
ਤੇਰੀਆਂ ਮਿੱਠੀਆਂ ਸ਼ੈਤਾਨੀਆ
ਜੱਗ ਵਾਲੇ ਮੇਲੇ ਵਿੱਚ
ਰਹਿ ਜਾਣੀਆਂ ਪਿਆਰ ਨਿਸ਼ਾਨੀਆਂ

**ਲਿਖਤ : ਮਨਦੀਪ ਕੌਰ**



# ਨਾਰੀ ਸੰਸਾਰ



## ਜ਼ਿੰਦਗੀ ਦੀ ਕਿਤਾਬ ਨੂੰ ਪੜ੍ਹਨਾ ਸਿੱਖੋ

ਸਾਡੇ ਸਾਰਿਆਂ ਲਈ ਜ਼ਿੰਦਗੀ ਇਕ ਸਮਾਂ ਹੈ ਅਤੇ ਅਸੀਂ ਇਸ ਸਮੇਂ ਨੂੰ ਕਿਵੇਂ ਵਰਤਣਾ ਹੈ, ਇਹ ਸਾਡੇ 'ਤੇ ਨਿਰਭਰ ਕਰਦਾ ਹੈ। ਨਿਰਾਸ਼ਾਵਾਦੀ ਨੂੰ ਹਰ ਮੌਕੇ ਵਿਚ ਮੁਸ਼ਕਿਲ ਨਜ਼ਰ ਆਉਂਦੀ ਹੈ ਅਤੇ ਆਸ਼ਾਵਾਦੀ ਨੂੰ ਹਰ ਮੁਸ਼ਕਿਲ ਵਿਚ ਇਕ ਮੌਕਾ ਦਿਖਾਈ ਦਿੰਦਾ ਹੈ। ਅਕਸਰ ਗ਼ਲਤੀਆਂ ਨੂੰ ਸਵੀਕਾਰ ਕਰਨ ਦੀ ਹਿੰਮਤ ਤੇ ਗ਼ਲਤ ਨੂੰ ਗ਼ਲਤ ਕਹਿਣ ਦਾ ਹੌਸਲਾ ਸਾਨੂੰ ਜ਼ਿੰਦਗੀ ਵਿਚ ਅੱਗੇ ਲਿਜਾਂਦਾ ਹੈ। ਆਪਣੇ-ਆਪ ਵਿਚ ਹਰ ਵਿਅਕਤੀ ਦੀ ਜ਼ਿੰਦਗੀ ਹੀ ਖੁੱਲ੍ਹੀ ਕਿਤਾਬ ਦੀ ਤਰ੍ਹਾਂ ਹੈ ਪਰ ਉਨ੍ਹਾਂ ਲਈ ਇਹ ਕਿਤਾਬ ਕਿਸੇ ਕੰਮ ਨਹੀਂ, ਜੋ ਇਸ ਜ਼ਿੰਦਗੀ ਰੂਪੀ ਕਿਤਾਬ ਨੂੰ ਪੜ੍ਹਨਾ ਨਹੀਂ ਜਾਣਦੇ। ਕਹਿੰਦੇ ਹਨ ਕਿ ਬੀਤਿਆ ਸਮਾਂ ਇਕ ਰੱਦੀ ਪੇਪਰ ਦੀ ਤਰ੍ਹਾਂ ਹੁੰਦਾ ਹੈ, ਵਰਤਮਾਨ ਸਮਾਂ ਨਿਊਜ਼ ਪੇਪਰ ਦੀ ਤਰ੍ਹਾਂ ਅਤੇ ਆਉਣ ਵਾਲਾ ਸਮਾਂ ਪ੍ਰਸ਼ਨ-ਪੱਤਰ ਦੀ ਤਰ੍ਹਾਂ ਹੁੰਦਾ ਹੈ। ਇਸ ਪ੍ਰਸ਼ਨ-ਪੱਤਰ ਨੂੰ ਧਿਆਨ ਨਾਲ ਪੜ੍ਹੋ ਅਤੇ ਸੁਚੇਤ ਹੋ ਕੇ ਲਿਖੋ, ਨਹੀਂ ਤਾਂ ਇਹ ਪ੍ਰਸ਼ਨ-ਪੱਤਰ ਇਕ ਟਿਸ਼ੂ ਪੇਪਰ ਬਣ ਕੇ ਰਹਿ ਜਾਵੇਗਾ। ਕਿਸੇ ਵੀ ਸਮੱਸਿਆ ਨੂੰ ਗ਼ਲਤ ਤਰੀਕੇ ਨਾਲ ਹੱਲ ਕਰਨ ਦਾ ਯਤਨ ਕਰਨਾ ਹੀ ਸਭ ਤੋਂ ਵੱਡੀ ਸਮੱਸਿਆ ਹੈ। ਕੋਈ ਕਿਸ ਤਰ੍ਹਾਂ ਮਰਦਾ ਹੈ, ਇਸ ਨਾਲੋਂ ਇਹ ਜ਼ਿਆਦਾ ਮਹੱਤਵਪੂਰਨ ਹੈ ਕਿ ਕੋਈ ਕਿਸ ਤਰ੍ਹਾਂ ਜਿਉਂਦਾ ਹੈ।



ਅਸੀਂ ਸਿਰਫ ਉਸੇ ਨੂੰ ਹੀ ਜਾਣਦੇ ਹਾਂ ਜੋ ਗੁਆਚਿਆ ਹੁੰਦਾ ਹੈ। ਅਸੀਂ ਉਸ ਨੂੰ ਖੋਜਣ ਦੀ ਕਦੇ ਕੋਸ਼ਿਸ਼ ਨਹੀਂ ਕਰਦੇ, ਜਿਸ ਨੂੰ ਅਜੇ ਤੱਕ ਅਸੀਂ ਜਾਣ ਨਹੀਂ ਸਕੇ। ਅਕਸਰ ਛੋਟੀਆਂ-ਛੋਟੀਆਂ ਗੱਲਾਂ ਮਿਲ ਕੇ ਵੱਡੀ ਤਾਕਤ ਬਣਦੀਆਂ ਹਨ। ਇਕ ਬੁਰੀ ਆਦਤ ਅੱਗੇ ਅਨੇਕਾਂ ਬੁਰੀਆਂ ਆਦਤਾਂ ਨੂੰ ਜਨਮ ਦਿੰਦੀ ਹੈ। ਜੇਕਰ ਨਜ਼ਰੀਆ ਜਾਂ ਦ੍ਰਿਸ਼ਟੀਕੋਣ ਬਦਸੂਰਤ ਤਾਂ ਸਭ ਕੁਝ ਬਦਸੂਰਤ ਹੀ ਨਜ਼ਰ ਆਵੇਗਾ ਅਤੇ ਜੇਕਰ ਨਜ਼ਰੀਆ ਜਾਂ ਦ੍ਰਿਸ਼ਟੀਕੋਣ ਖੂਬਸੂਰਤ ਹੋਵੇਗਾ ਤਾਂ ਸਭ ਕੁਝ ਖੂਬਸੂਰਤ ਹੀ ਨਜ਼ਰ ਆਵੇਗਾ। ਉਹ ਵਿਅਕਤੀ ਦੂਜਿਆਂ ਨੂੰ ਕਦੇ ਦੁੱਖ ਨਹੀਂ ਦੇ ਸਕਦਾ, ਜੋ ਦੂਜਿਆਂ ਦੇ ਦੁੱਖ ਨੂੰ ਮਹਿਸੂਸ ਕਰਦਾ ਹੈ। ਦੂਜਿਆਂ ਦੇ ਮੂੰਹੋਂ ਆਪਣੀ ਪ੍ਰਸੰਸਾ ਸੁਣਨ ਦੀ ਆਦਤ ਅਸਲ ਵਿਚ ਤੁਹਾਡਾ ਸਮਾਂ ਹੀ ਖਰਾਬ ਕਰਦੀ ਹੈ। ਜੋ ਵਿਅਕਤੀ ਦੂਜਿਆਂ ਨਾਲੋਂ ਆਪਣੇ-ਆਪ ਨੂੰ ਵੱਧ ਸਿਆਣਾ ਸਮਝਦਾ ਹੈ, ਉਹ ਵਿਅਕਤੀ ਅਸਲ ਵਿਚ ਮੂਰਖ ਹੁੰਦਾ ਹੈ। ਮੂਰਖ ਨਾਲ ਬਹਿਸ ਕਰਨ ਵਾਲਾ ਵਿਅਕਤੀ ਮੂਰਖ ਹੀ ਹੁੰਦਾ ਹੈ। ਆਪਣੇ ਔਗੁਣਾਂ 'ਤੇ ਤੁਸੀਂ ਜਿੰਨਾ ਵੀ ਵੱਧ ਪਰਦਾ ਪਾਉਣ ਦੀ ਕੋਸ਼ਿਸ਼ ਕਰਦੇ ਹੋ, ਉਹ ਔਗੁਣ ਓਨੇ ਹੀ ਤੁਹਾਨੂੰ ਵੱਧ ਨੰਗਾ ਕਰਦੇ ਹਨ। ਗ਼ਲਤੀਆਂ ਕਰਨ ਨਾਲ ਅਸੀਂ ਘੱਟ ਅਤੇ ਗ਼ਲਤੀਆਂ ਬਾਰੇ ਸੋਚ-ਸੋਚ ਕੇ ਅਸੀਂ ਜ਼ਿਆਦਾ ਦੁਖੀ ਹੁੰਦੇ ਹਾਂ।

ਕਈ ਲੜਕੀਆਂ ਅਕਸਰ ਆਪਣੇ ਘੁਮੰਡ ਦੇ ਪਰਦੇ ਵਿਚ ਰਹਿੰਦੀਆਂ ਹਨ ਅਤੇ ਉਨ੍ਹਾਂ ਨੂੰ ਆਪਣੀ ਅਸਲ ਸਮਰੱਥਾ ਦਾ ਨਾ ਗਿਆਨ ਹੁੰਦਾ ਹੈ ਅਤੇ ਨਾ ਹੀ ਉਹ ਇਸ ਨੂੰ ਗੰਭੀਰਤਾ ਨਾਲ ਸਮਝਣ ਦੀ ਕੋਸ਼ਿਸ਼ ਕਰਦੀਆਂ ਹਨ। ਉਹ ਸਮੇਂ ਤੋਂ ਪਹਿਲਾਂ ਸਫਲਤਾ ਦੀਆਂ ਪੌੜੀਆਂ 'ਤੇ ਚੜ੍ਹਨ ਦੀ ਕੋਸ਼ਿਸ਼ ਕਰਦੀਆਂ ਹਨ। ਮੁਕਾਬਲੇ ਵਿਚ ਹਿੱਸਾ ਲੈਣ ਦੀ ਬਜਾਏ ਉਹ ਅਸਿੱਧੇ ਰਸਤੇ ਰਾਹੀਂ ਮੰਜ਼ਿਲਾਂ 'ਤੇ ਪਹੁੰਚਣ ਦੀ ਕੋਸ਼ਿਸ਼ ਕਰਦੀਆਂ ਹਨ ਅਤੇ ਇਸੇ ਕੋਸ਼ਿਸ਼ ਵਿਚ ਉਹ ਕਈ ਵਾਰ ਖੁਦ ਨੂੰ ਗੁਆ ਲੈਂਦੀਆਂ ਹਨ। ਮਿਹਨਤ ਕਰੋ ਪਰ ਸਬਰ ਵੀ ਰੱਖੋ। ਰਸਤਾ ਬਦਲੋ ਪਰ ਇਰਾਦਾ ਨਹੀਂ। ਕਾਮਯਾਬੀ ਦੇ ਰਸਤੇ ਸਾਰਿਆਂ ਲਈ ਇਕੋ ਜਿਹੇ ਨਹੀਂ ਹੁੰਦੇ। ਆਪਣੇ-ਆਪ ਵਿਚ ਉਹ ਵਿਅਕਤੀ ਕਦੇ ਵੀ ਸੰਤੁਸ਼ਟ ਨਹੀਂ ਹੁੰਦਾ, ਜਿਸ ਕੋਲ ਜ਼ਿੰਦਗੀ ਦੇ ਅਸੂਲ ਜਾਂ ਨਿਯਮ ਨਹੀਂ ਹੁੰਦੇ। ਨਿਯਮਾਂ ਦੀ ਉਲੰਘਣਾ ਕਰਨ ਵਾਲਾ ਡਰਾਈਵਰ ਹਾਦਸਿਆਂ ਤੋਂ ਬਚ ਨਹੀਂ ਸਕਦਾ।

ਤੁਹਾਡੀ ਜ਼ਿੰਦਗੀ ਦੇ ਸਿਰਫ 2 ਦਿਨ ਹੀ ਖਾਸ ਹੁੰਦੇ ਹਨ। ਇਕ ਉਹ ਦਿਨ ਜਿਸ ਦਿਨ ਤੁਹਾਡਾ ਜਨਮ ਹੋਇਆ ਅਤੇ ਇਕ ਉਹ ਦਿਨ ਜਿਸ ਦਿਨ ਤੁਸੀਂ ਇਹ ਸਮਝ ਗਏ ਕਿ ਤੁਹਾਡਾ ਜਨਮ ਕਿਸ ਮਕਸਦ ਲਈ ਹੋਇਆ। ਆਪਣੇ-ਆਪ ਨੂੰ ਸਮਝਣਾ ਅਸਲ ਵਿਚ ਆਪਣੇ-ਆਪ ਨੂੰ ਪੜ੍ਹਨਾ ਹੀ ਹੁੰਦਾ ਹੈ। ਨਿਰਸੰਦੇਹ ਅਸੀਂ ਆਪਣੀ ਜ਼ਿੰਦਗੀ ਦਾ ਜ਼ਿਆਦਾ ਸਮਾਂ ਆਪਣੇ-ਆਪ ਨਾਲ ਹੀ ਗੁਜ਼ਾਰਦੇ ਹਾਂ, ਇਸ ਲਈ ਆਪਣੇ-ਆਪ ਨਾਲ ਚੰਗੀ ਤਰ੍ਹਾਂ ਰਹਿਣਾ ਸਿੱਖੋ। ਆਪਣੀ ਜ਼ਿੰਦਗੀ ਦੀ ਕਿਤਾਬ ਨੂੰ ਖੁਦ ਪੜ੍ਹਨਾ ਅਤੇ ਖੁਦ ਸਿਰਜਣਾ ਸਿੱਖੋ। ਗ਼ਲਤ-ਫ਼ਹਿਮੀ ਗ਼ਲਤੀ ਤੋਂ ਵੀ ਵੱਧ ਨੁਕਸਾਨਦੇਹ ਹੈ। ਆਪਣੀਆਂ ਗ਼ਲਤੀਆਂ ਨੂੰ ਨਜ਼ਰਅੰਦਾਜ਼ ਕਰਨਾ ਸਾਡੀ ਸਭ ਤੋਂ ਵੱਡੀ ਗ਼ਲਤੀ ਹੈ। ਮੁਸ਼ਕਿਲਾਂ ਸਾਨੂੰ ਸਾਡੀ ਸਮਰੱਥਾ ਦਾ ਗਿਆਨ ਕਰਵਾਉਣ ਲਈ ਆਉਂਦੀਆਂ ਹਨ। ਕਿਸੇ ਵੀ ਮੁਸ਼ਕਿਲ ਦੇ ਸਹੀ ਹੱਲ ਬਾਰੇ ਸੋਚਣਾ ਆਪਣੇ ਰਸਤੇ ਨੂੰ ਪੱਧਰਾ ਕਰਨ ਵਾਂਗ ਹੈ। ਜ਼ਿੰਦਗੀ ਦੇ ਸਬਕ ਸਿਖਾਏ ਨਹੀਂ ਜਾਂਦੇ, ਸਗੋਂ ਖੁਦ ਸਿੱਖਣੇ ਪੈਂਦੇ ਹਨ। ਹੰਝੂਆਂ ਦਾ ਮੁਕਾਬਲਾ ਕਰਨ ਵਾਲੀ ਮੁਸਕਰਾਹਟ ਸਭ ਤੋਂ ਵੱਧ ਸੁੰਦਰ ਹੁੰਦੀ ਹੈ। ਮੁਸੀਬਤਾਂ ਦਾ ਮੁਕਾਬਲਾ ਕਰਨ ਵਾਲੀ ਹਿੰਮਤ ਸਭ ਤੋਂ ਵੱਧ ਮਜ਼ਬੂਤ ਹੁੰਦੀ ਹੈ। ਦਰਦ ਨੂੰ ਖਿੜੇ ਮੱਥੇ ਸਹਿਣ ਕਰਨ ਵਾਲੀ ਸਮਰੱਥਾ ਨੂੰ ਕੋਈ ਹਰਾ ਨਹੀਂ ਸਕਦਾ। ਤੁਸੀਂ ਕਦੇ ਵੀ ਖੁਸ਼ ਨਹੀਂ ਰਹਿ ਸਕਦੇ, ਜੇਕਰ ਤੁਸੀਂ ਸੋਚਦੇ ਹੋ ਕਿ ਲੋਕ ਕੀ ਕਹਿਣਗੇ।

## ਛੋਟੀਆਂ ਪਰ ਕੰਮ ਦੀਆਂ ਗੱਲਾਂ



- ਫਟੀਆਂ ਅੱਡੀਆਂ ਤੋਂ ਛੁਟਕਾਰਾ ਪਾਉਣ ਲਈ ਕੱਚੇ ਅੰਬ ਨੂੰ ਉਬਾਲੋ। ਜਦੋਂ ਉਹ ਠੰਢਾ ਹੋ ਜਾਵੇ ਤਾਂ ਉਸ ਦੇ ਗੁੱਦੇ ਨੂੰ ਫਟੀਆਂ ਅੱਡੀਆਂ 'ਤੇ ਰਗੜੋ।
- ਆਲੂ ਤਲਣ ਤੋਂ ਪਹਿਲਾਂ ਉਸ ਵਿਚ ਹਲਕਾ ਸੁੱਕਾ ਮੈਦਾ ਛਿੜਕੋ। ਆਲੂ ਜ਼ਿਆਦਾ ਖਸਤਾ ਬਣਨਗੇ।
- ਚਮੜੇ ਦੇ ਪਰਸ ਜਾਂ ਬੈਲਟ ਨੂੰ ਨਵੀਂ ਦਿੱਖ ਦੇਣ ਲਈ ਉਸ 'ਤੇ ਨਿੰਬੂ ਦੀ ਛਿੱਲ ਰਗੜੋ।
- ਕੀੜੇ-ਮਕੌੜਿਆਂ ਤੋਂ ਛੁਟਕਾਰਾ ਪਾਉਣ ਲਈ ਘਰ ਦੇ ਹਨੇਰੇ ਕੋਨਿਆਂ ਵਿਚ ਹਲਦੀ ਪਾਊਡਰ ਛਿੜਕ ਦਿਓ।
- ਨਹਾਉਣ ਤੋਂ ਪਹਿਲਾਂ ਪਾਣੀ ਦੀ ਬਾਲਟੀ ਵਿਚ ਦੋ ਚਮਚ ਨਾਰੀਅਲ ਦਾ ਤੇਲ ਪਾਓ। ਚਮੜੀ 'ਤੇ ਅਨੋਖੀ ਚਮਕ ਮਹਿਸੂਸ ਕਰੋਗੇ।
- ਦਾਲ ਫਰਾਈ ਨੂੰ ਸੰਘਣੀ ਬਣਾਉਣ ਲਈ ਇਕ ਛੋਟੀ ਕਟੋਰੀ ਉਬਲੀ ਦਾਲ ਨੂੰ ਮਿਕਸੀ ਵਿਚ ਫੈਂਟ ਲਓ। ਉਸ ਨੂੰ ਬਾਕੀ ਦਾਲ ਵਿਚ ਮਿਲਾ ਦਿਓ।
- ਨਵੀਂ ਜੁੱਤੀ ਜਿੱਥੋਂ ਪੈਰ ਨੂੰ ਕੱਟ ਰਹੀ ਹੋਵੇ, ਉਥੋਂ ਜੁੱਤੀ ਦੀ ਅੰਦਰੂਨੀ ਜਗ੍ਹਾ 'ਤੇ ਮੋਮ ਨੂੰ ਰਗੜੋ।
- ਸਬਜ਼ੀ ਜ਼ਿਆਦਾ ਤਿੱਖੀ ਬਣ ਗਈ ਹੋਵੇ ਤਾਂ ਉਸ ਵਿਚ ਥੋੜ੍ਹੀ ਟਮੈਟੋ ਸਾਸ ਪਾਓ।
- ਚੋਕਰ ਦੀ ਵਰਤੋਂ ਚਮੜੀ ਸਕਰੱਬ ਦੇ ਰੂਪ ਵਿਚ ਕਰ ਸਕਦੇ ਹੋ। ਚੋਕਰ ਦੇ ਖੁਰਦਰੇਪਨ ਨੂੰ ਘੱਟ ਕਰਨ ਲਈ ਚੋਕਰ ਨੂੰ ਦੁੱਧ ਵਿਚ ਮਿਲਾ ਕੇ ਉਸ ਦਾ ਪੇਸਟ ਬਣਾਓ।
- ਸਰਦੀਆਂ ਵਿਚ ਨਾਰੀਅਲ ਦਾ ਤੇਲ ਨਾ ਜੰਮੇ, ਇਸ ਵਾਸਤੇ ਉਸ ਵਿਚ ਕੁਝ ਬੂੰਦਾਂ ਕੈਸਟਰ ਆਇਲ ਦੀਆਂ ਪਾਓ। ਤੇਲ ਨਹੀਂ ਜੰਮੇਗਾ।
- ਮੂੰਹ ਦੀ ਬਦਬੂ ਦੂਰ ਕਰਨ ਲਈ ਨਿੰਬੂ ਦੇ ਰਸ ਅਤੇ ਗੁਲਾਬ ਜਲ ਨੂੰ ਮਿਲਾ ਕੇ ਗਰਾਰੇ ਕਰੋ।
- ਸੂਤੀ ਕੱਪੜਿਆਂ ਦੇ ਦਾਗ ਦੂਰ ਕਰਨ ਲਈ ਨਿੰਬੂ 'ਤੇ ਨਮਕ ਪਾ ਕੇ ਦਾਗ ਵਾਲੀ ਜਗ੍ਹਾ 'ਤੇ ਰਗੜਨ ਤੋਂ ਬਾਅਦ ਧੋ ਦਿਓ, ਦਾਗ ਦੂਰ ਹੋ ਜਾਣਗੇ।

## ਇੰਜ ਰੱਖੋ ਆਪਣੇ ਘਰ ਨੂੰ ਸੁਰੱਖਿਅਤ

ਆਓ ਜਾਣਦੇ ਹਾਂ ਉਨ੍ਹਾਂ ਮਹੱਤਵਪੂਰਨ ਨੁਸਖਿਆਂ ਨੂੰ, ਜਿਨ੍ਹਾਂ ਦੀ ਬਦੌਲਤ ਅਸੀਂ ਆਪਣੇ ਬੇਸ਼ਕੀਮਤੀ ਘਰ ਨੂੰ ਸਖ਼ਤ ਸੁਰੱਖਿਆ ਪ੍ਰਦਾਨ ਕਰਦੇ ਹੋਏ ਸੁਰੱਖਿਅਤ ਬਣਾ ਕੇ ਬਾਹਰ ਘੁੰਮਣ ਜਾ ਸਕਦੇ ਹਾਂ-

ਗੁਆਂਢੀਆਂ ਨੂੰ ਦੱਸੋ : ਜਦੋਂ ਵੀ ਤੁਸੀਂ ਬਾਹਰ ਘੁੰਮਣ ਜਾਓ ਤਾਂ ਘਰ ਬੰਦ ਕਰਨ ਤੋਂ ਪਹਿਲਾਂ ਆਪਣੇ ਗੁਆਂਢੀਆਂ ਨੂੰ ਇਸ ਬਾਰੇ ਜ਼ਰੂਰ ਸੂਚਿਤ ਕਰੋ, ਕਿਉਂਕਿ ਤੁਹਾਡੀ ਗ਼ੈਰ-ਮੌਜੂਦਗੀ ਵਿਚ ਤੁਹਾਡੇ ਗੁਆਂਢੀ ਹੀ ਕਿਸੇ




ਵੀ ਹਿਲਜੁਲ ਨੂੰ ਤੁਰੰਤ ਸਭ ਤੋਂ ਪਹਿਲਾਂ ਪਛਾਣ ਸਕਦੇ ਹਨ। ਇਸ ਲਈ ਉਨ੍ਹਾਂ ਨੂੰ ਇਹ ਜ਼ਰੂਰ ਦੱਸੋ ਕਿ ਤੁਸੀਂ ਕਿਸ ਦਿਨ ਤੋਂ ਕਦੋਂ ਤੱਕ ਬਾਹਰ ਰਹੋਗੇ ਅਤੇ ਕਿਸ ਦਿਨ ਵਾਪਸ ਮੁੜ ਕੇ ਆਓਗੇ। ਇਸ ਤਰ੍ਹਾਂ ਤੁਹਾਡੇ ਗੁਆਂਢੀ ਨਾ ਸਿਰਫ ਤੁਹਾਡੇ ਘਰ ਦੀ ਪੂਰੀ ਨਿਗਰਾਨੀ ਰੱਖਣਗੇ, ਸਗੋਂ ਤੁਹਾਡੀ ਗ਼ੈਰ-ਮੌਜੂਦਗੀ ਵਿਚ ਮਹੱਤਵਪੂਰਨ ਡਾਕ ਵੀ ਸੰਭਾਲ ਲੈਣਗੇ।

ਆਟੋਮੈਟਿਕ ਲਾਈਟਾਂ ਨੂੰ ਚਾਲੂ ਕਰ ਦਿਓ : ਆਪਣੇ ਘਰ ਦੀ ਸੁਰੱਖਿਆ ਨੂੰ ਮੱਦੇਨਜ਼ਰ ਰੱਖਦੇ ਹੋਏ ਤੁਸੀਂ ਚਾਹੋ ਤਾਂ ਘਰ ਵਿਚ ਆਟੋਮੈਟਿਕ ਲਾਈਟਾਂ ਨੂੰ ਵੀ ਜਗਾ ਸਕਦੇ ਹੋ। ਇਸ ਦੀ ਖਾਸ ਗੱਲ ਇਹ ਹੈ ਕਿ ਇਸ ਨੂੰ ਜਿਨ੍ਹਾਂ ਲਾਈਟਾਂ ਨਾਲ ਜੋੜਿਆ ਜਾਂਦਾ ਹੈ, ਉਹ ਖੁਦ ਹੀ ਨਿਰਧਾਰਤ ਸਮੇਂ 'ਤੇ ਜਗਣ ਅਤੇ ਬੁਝਣ ਲਗਦੀਆਂ ਹਨ। ਇਸ ਤਰ੍ਹਾਂ ਦੂਜੇ ਘਰਾਂ ਵਾਂਗ ਤੁਹਾਡੇ ਘਰ ਦੀਆਂ ਲਾਈਟਾਂ ਵੀ ਸ਼ਾਮ ਹੁੰਦੇ ਹੀ ਆਪਣੇ-ਆਪ ਜਗਣ ਲੱਗਣਗੀਆਂ ਅਤੇ ਸਵੇਰ ਹੋਣ 'ਤੇ ਆਪਣੇ-ਆਪ ਬੰਦ ਹੋ ਜਾਣਗੀਆਂ।

ਸਾਰੇ ਥਾਵਾਂ 'ਤੇ ਤਾਲੇ ਲਗਾਓ : ਅਕਸਰ ਦੇਖਣ ਵਿਚ ਆਉਂਦਾ ਹੈ ਕਿ ਬਹੁਤੇ ਲੋਕ ਘਰੋਂ ਬਾਹਰ ਪਾਰਟੀ, ਸ਼ਾਦੀ, ਜਨਮ ਦਿਨ ਵਗੈਰਾ 'ਤੇ ਜਾਂਦੇ ਸਮੇਂ ਸਿਰਫ ਮੁੱਖ ਦਰਵਾਜ਼ੇ 'ਤੇ ਹੀ ਤਾਲਾ ਲਗਾਉਂਦੇ ਹਨ ਪਰ ਇਹ ਸਰਾਸਰ ਗ਼ਲਤ ਹੁੰਦਾ ਹੈ, ਕਿਉਂਕਿ ਜੇ ਚੋਰੀ-ਲੁੱਟ ਦੇ ਇਰਾਦੇ ਨਾਲ ਚੋਰ ਕਿਸੇ ਕਾਰਨ ਗੁਆਂਢੀਆਂ ਦੀਆਂ ਨਜ਼ਰਾਂ ਵਿਚ ਘੱਟਾ ਪਾਉਣ 'ਚ ਸਫਲ ਹੋ ਗਿਆ ਤਾਂ ਉਹ ਜ਼ਰੂਰ ਚੋਰੀ ਕਰਨ ਵਿਚ ਕਾਮਯਾਬ ਹੋ ਜਾਵੇਗਾ। ਇਸ ਲਈ ਕੋਸ਼ਿਸ਼ ਕਰੋ ਕਿ ਮੁੱਖ ਗੇਟ ਦਾ ਤਾਲਾ ਲਗਾਉਣ ਦੇ ਨਾਲ-ਨਾਲ ਘਰ ਦੇ ਸਾਰੇ ਜ਼ਰੂਰੀ ਕਮਰਿਆਂ ਨੂੰ ਵੀ ਤਾਲਾ ਲਗਾਓ ਤਾਂ ਤੁਹਾਡਾ ਘਰ ਜ਼ਿਆਦਾ ਸੁਰੱਖਿਅਤ ਰਹੇਗਾ ਅਤੇ ਜ਼ਰੂਰੀ ਨਹੀਂ ਕਿ ਚੋਰ ਵੀ ਸਾਰੇ ਤਾਲਿਆਂ ਨੂੰ ਖੋਲ੍ਹਣ ਵਿਚ ਸਫਲ ਹੋ ਜਾਵੇਗਾ। ਸੋ, ਇਹ ਕਦੇ ਨਾ ਸੋਚੋ ਕਿ ਜਦੋਂ ਮੁੱਖ ਗੇਟ 'ਤੇ ਤਾਲਾ ਲਗਾ ਦਿੱਤਾ ਹੈ ਤਾਂ ਅੰਦਰ ਕਿਉਂ ਲਗਾਈਏ ?

ਸੀ.ਸੀ.ਟੀ.ਵੀ. ਕੈਮਰਿਆਂ ਨੂੰ ਖੁੱਲ੍ਹਾ ਰੱਖੋ : ਜਦੋਂ ਵੀ ਪਾਰਟੀ ਵਗੈਰਾ ਵਿਚ ਬਾਹਰ ਜਾਣ ਦਾ ਮਨ ਬਣਾਓ ਤਾਂ ਘਰ ਦੇ ਸੀ.ਸੀ.ਟੀ.ਵੀ. ਕੈਮਰਿਆਂ ਨੂੰ ਪਹਿਲਾਂ ਵਾਂਗ ਚੱਲਣ ਦਿਓ। ਜੇ ਕੋਈ ਅਣਹੋਣੀ ਘਟਨਾ ਵਾਪਰ ਜਾਂਦੀ ਹੈ ਤਾਂ ਇਹ ਤੁਹਾਡੀ ਮਦਦ ਜ਼ਰੂਰ ਕਰਨਗੇ। ਸੋ, ਇਨ੍ਹਾਂ ਨੂੰ ਚਲਦੇ ਹੀ ਰੱਖੋ ਤਾਂ ਚੰਗਾ ਹੋਵੇਗਾ। ਇਸ ਤਰ੍ਹਾਂ ਤੁਸੀਂ ਆਪਣੇ ਘਰ ਦੀਆਂ ਸਾਰੀਆਂ ਗਤੀਵਿਧੀਆਂ 'ਤੇ ਵੀ ਨਜ਼ਰ ਰੱਖਣ ਵਿਚ ਸਫ਼ਲ ਹੋ ਜਾਓਗੇ ਅਤੇ ਘਰ ਲਈ ਚੌਕੀਦਾਰ ਜਾਂ ਨੌਕਰ ਰੱਖਣ ਦੀ ਲੋੜ ਵੀ ਨਹੀਂ ਪਵੇਗੀ।

## ਬੱਚਿਆਂ ਦੀਆਂ ਆਦਤਾਂ 'ਤੇ ਨਜ਼ਰ ਰੱਖੋ

ਬੱਚੇ ਨੂੰ ਦੋਵੇਂ ਤਰ੍ਹਾਂ ਦੀਆਂ ਆਦਤਾਂ ਹੁੰਦੀਆਂ ਹਨ-ਚੰਗੀਆਂ ਵੀ ਅਤੇ ਮਾੜੀਆਂ ਵੀ। ਦੋਵਾਂ ਉੱਤੇ ਪੂਰੀ ਨੀਝ ਅਤੇ ਬਾਰੀਕਬੀਨੀ ਨਾਲ ਨਜ਼ਰ ਰੱਖੋ। ਬੱਚੇ ਦੀ ਚੰਗੀ ਆਦਤ ਲਈ ਉਸ ਦੀ ਤਾਰੀਫ ਕਰੋ। ਉਸ ਦਾ ਕੁਝ ਚੰਗਾ ਕਰਨ ਲਈ ਹੌਸਲਾ ਵਧੇਗਾ। ਮਾੜੀ ਆਦਤ 'ਤੇ ਧਿਆਨ ਦੇਣਾ ਤਾਂ ਮਾਪਿਆਂ ਦਾ ਪਹਿਲਾ ਫਰਜ਼ ਹੈ। ਉਸ ਆਦਤ ਕਰਕੇ ਬੱਚੇ ਨੂੰ




ਟੋਕਣਾ-ਰੋਕਣਾ ਬੇਹੱਦ ਜ਼ਰੂਰੀ ਹੈ। ਪਿਆਰ-ਮੁਹੱਬਤ, ਮਿੱਠੀ ਝਿੜਕ, ਮਿੱਠੀ ਬੋਲੀ ਦੀ ਵਰਤੋਂ ਕਰਕੇ ਬੱਚੇ ਨੂੰ ਮੰਦੀ ਆਦਤ ਛੱਡਣ ਲਈ ਉਤਸ਼ਾਹਿਤ ਕਰੋ। ਇਹਦੇ ਲਈ ਬਿਨਾਂ ਕੁਝ ਬੋਲਿਆਂ ਬੱਚੇ ਦੇ ਮਨ ਨੂੰ ਪੜ੍ਹਨ ਦਾ ਯਤਨ ਕਰਦੇ ਰਹਿਣਾ ਚਾਹੀਦਾ ਹੈ। ਕਿਹੜੀ ਵਿਧੀ ਨਾਲ, ਕਿਹੜੇ ਤਰੀਕੇ ਨਾਲ ਬੱਚੇ ਨੂੰ ਬਚਾਇਆ ਜਾਵੇ, ਇਹਦੇ ਬਾਰੇ ਲਗਾਤਾਰ ਅਤੇ ਪੂਰਾ ਤਹੱਮਲ ਜਾਂ ਠਰ੍ਹੰਮਾ ਰੱਖ ਕੇ ਬੱਚੇ ਨੂੰ ਭਰੋਸੇ 'ਚ ਲਿਆ ਜਾਵੇ। ਕਿਹੜੀ ਭੈੜੀ ਆਦਤ ਨਾਲ ਬੱਚੇ ਦਾ ਕੀ ਨੁਕਸਾਨ ਹੋ ਸਕਦਾ ਹੈ, ਬਾਰੇ ਬੱਚੇ ਨੂੰ ਦੱਸਦੇ ਰਹਿਣਾ ਚਾਹੀਦਾ ਹੈ। ਇਹਦੇ ਲਈ ਬੱਚੇ ਦੀ ਮਾਨਸਿਕਤਾ ਨੂੰ ਪੜ੍ਹਨ ਅਤੇ ਬੁੱਝਣ ਦਾ ਯਤਨ ਕਰਦੇ ਰਹਿਣਾ ਚਾਹੀਦਾ ਹੈ। ਗੁੱਸੇ 'ਚ ਆਪਾ ਗੁਆ ਕੇ ਜੇ ਅਸੀਂ ਬੱਚੇ ਨੂੰ ਬੁਰੀ ਆਦਤ ਛੱਡਣ ਲਈ ਕਹਾਂਗੇ ਤਾਂ ਬੱਚਾ ਡਰ ਨਾਲ ਬੁਰੀ ਆਦਤ ਛੱਡਣ ਦਾ ਤੁਹਾਡੇ ਸਾਹਮਣੇ ਦਿਖਾਵਾ ਕਰੇਗਾ ਪਰ ਛੱਡੇਗਾ ਨਹੀਂ। ਮਾਪਿਆਂ ਨੂੰ ਇਹ ਮਨੋਵਿਗਿਆਨਕ ਸਚਾਈ ਸਮਝ ਲੈਣੀ ਚਾਹੀਦੀ ਹੈ ਕਿ ਚੰਗੀ ਆਦਤ ਜੇ ਬੱਚੇ ਦੀ ਸ਼ਖ਼ਸੀਅਤ ਨੂੰ ਨਿਖਾਰਦੀ ਹੈ, ਉਸ ਦੇ ਕੈਰੀਅਰ ਨੂੰ ਤਰੱਕੀ ਦੀਆਂ ਮੰਜ਼ਿਲਾਂ ਵੱਲ ਲਿਜਾਂਦੀ ਹੈ ਤਾਂ ਮੰਦੀ ਆਦਤ ਉਸ ਦੀ ਸ਼ਖ਼ਸੀਅਤ ਦੇ ਵਿਕਾਸ ਵਿਚ ਵੱਡੀ ਰੁਕਾਵਟ ਬਣ ਜਾਵੇਗੀ। ਉਸ ਦਾ ਕੈਰੀਅਰ ਸਹੀ ਮੰਜ਼ਿਲ 'ਤੇ ਪੁੱਜਣ ਤੋਂ ਪਹਿਲਾਂ ਹੀ ਡੁੱਬ ਜਾਵੇਗਾ। ਇਸ ਕਰਕੇ ਆਪਣੇ ਬੱਚੇ ਵਿਚ ਚੰਗੀਆਂ-ਮੰਦੀਆਂ ਆਦਤਾਂ ਕਿਹੜੀਆਂ ਹਨ, ਬਾਰੇ ਬਰੀਕੀ ਨਾਲ ਜਾਣ ਲੈਣਾ ਚਾਹੀਦਾ ਹੈ। ਦੋਵੇਂ ਤਰ੍ਹਾਂ ਦੀਆਂ ਆਦਤਾਂ ਦੀਆਂ ਅਨੇਕਾਂ ਤਰ੍ਹਾਂ ਦੀਆਂ ਕਿਸਮਾਂ ਹਨ। ਇਨ੍ਹਾਂ ਬਾਰੇ ਪਤਾ ਹੋਣਾ ਲਾਜ਼ਮੀ ਹੈ। ਆਪਣੇ ਘਰ, ਸਮਾਜ ਅਤੇ ਦੇਸ਼ ਦੀ ਤਰੱਕੀ ਇਕ ਨਾਗਰਿਕ ਤਦ ਹੀ ਕਰ ਸਕਦਾ ਹੈ ਜੇ ਉਸ ਦੇ ਬਚਪਨ ਨੂੰ ਸਾਂਭ ਕੇ ਉਸ ਦੀ ਸ਼ਖ਼ਸੀਅਤ ਦੀ ਉਸਾਰੀ ਕੀਤੀ ਜਾਵੇ।

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ

# Classified

ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਐਪ ਜਾਂ ਈ-ਮੇਲ ਕਰੋ :
604-584-5577
: infopunjabitribune@gmail.com



## BRIDE WANTED

Jat Sikh Gill family seeks a suitable match for their son, 29 yrs. old, 5'11" tall, Canadian born, well settled, Architect and doing Real estate business, handsome, family oriented. The girl should be Canadian citizen/PR, professionally educated. Call – 1-604-832-7232 or 1-604-615-8088 AP 16-08

## CHANGE OF NAME

I, Amandeep Singh S/O Zora Singh holder of Indian passport No. M2359995, issued at Ludhiana, Punjab, India & Indian Address Village VPO: Kishan Garh Chhanna, Raikot, Distt: Ludhiana, Punjab, 141109, India, and presently residing at 7315, 143 Street, Surrey, B.C., V3W 5P1, Canada, do hereby change my name from Amandeep Singh to Amandeep Singh Sidhu, with immediate effect.

## BRIDE WANTED

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ,ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

ਕੈਨੇਡਾ ਦਾ ਜੰਮਪਲ, ਜੱਟ ਸਿੱਖ ਲੜਕਾ, ਉਮਰ 33 ਸਾਲ,ਕੱਦ 6 ਫੁੱਟ 3 ਇੰਚ, ਵਕੀਲ, ਬਹੁਤ ਸੋਹਣੇ-ਸੁਨੱਖੇ ਲੜਕੇ ਲਈ ਇੱਕ ਸੋਹਣੀ ਪੜੀ-ਲਿਖੀ, ਕਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-936-3063 AP 01-08

# ਤਨਖ਼ਾਹ ਵਿਚਾਰੀ ਕੀ ਕਰੇ



**ਲਿਖਤ : ਨਿਰਮਲ ਸਿੰਘ ਰੱਤਾ,**
**ਸੰਪਰਕ:** 84270-07623

ਡਿਊਟੀ ਤੋਂ ਘਰ ਆ ਕੇ ਕੁਝ ਦੇਰ ਆਰਾਮ ਕਰਨ ਦੀ ਸੋਚ ਰਿਹਾ ਸੀ ਕਿ ਆਦਤ ਅਨੁਸਾਰ ਅਚਾਨਕ ਮੋਬਾਈਲ ਫੋਨ ਫੜ ਕੇ ਬਹਿ ਗਿਆ। ''ਅੱਠ ਤਾਰੀਕ ਹੋ ਗਈ ਹੈ... ਮੈਸੇਜ ਵੇਖਾਂ... ਤਨਖ਼ਾਹ ਤਾਂ ਲੱਗਦਾ ਹੈ ਕਿ ਅੱਜ ਵੀ ਨਹੀਂ ਪੈਣੀ...।'' ਮੈਂ ਆਪਣੇ ਆਪ ਨਾਲ ਹੀ ਗੱਲਾਂ ਕਰੀ ਜਾ ਰਿਹਾ ਸੀ ਕਿ ਇਕਦਮ ਮੇਰੀਆਂ ਵਾਛਾਂ ਖਿੜ ਗਈਆਂ। ਰੂਹ ਖ਼ੁਸ਼ ਹੋ ਗਈ ਤਨਖ਼ਾਹ ਬੈਂਕ ਖਾਤੇ ਵਿੱਚ ਆਉਣ ਦਾ ਮੈਸੇਜ ਵੇਖ ਕੇ। ''ਕੀ ਗੱਲ ... ਬੜੇ ਖ਼ੁਸ਼ ਲੱਗ ਰਹੇ ਹੋ ਜੀ?'' ਚਾਹ ਦਾ ਕੱਪ ਮੇਜ਼ 'ਤੇ ਰੱਖਦਿਆਂ ਮੇਰੀ ਪਤਨੀ ਗੁਰਪ੍ਰੀਤ ਨੇ ਮੇਰੇ ਵੱਲ ਗਹੁ ਨਾਲ ਤੱਕਦਿਆਂ ਸਵਾਲ ਦਾਗਿਆ। ਮੈਂ ਉਹਨੂੰ ਤਨਖ਼ਾਹ ਆਉਣ ਦੀ ਖ਼ਬਰ ਦਿੱਤੀ ਤਾਂ ਉਸ ਦੀਆਂ ਅੱਖਾਂ ਵਿੱਚ ਚਮਕ ਆ ਗਈ। ''ਜੀ! ਮੈਂ ਹੁਣੇ ਆਈ... ਗੈਸ ਘੱਟ ਕਰ ਆਵਾਂ... ਦਾਲ ਥੱਲੇ ਨਾ ਲੱਗਜੇ ਕਿਤੇ...।''

ਉਹ ਦੌੜ ਕੇ ਰਸੋਈ ਵਿੱਚ ਗਈ ਅਤੇ ਕਾਹਲੇ-ਕਾਹਲੇ ਕਦਮ ਪੁੱਟਦੀ ਵਾਪਸ ਕਮਰੇ ਵਿੱਚ ਆ ਕੇ ਮੇਰੇ ਨੇੜੇ ਹੋ ਕੇ ਬੈਠ ਗਈ ਤੇ ਆਪਣੀਆਂ ਵੱਡੀਆਂ ਅੱਖਾਂ ਘੁਮਾਉਂਦਿਆਂ ਕਹਿਣ ਲੱਗੀ, ''ਮੇਰੀ ਗੱਲ ਜ਼ਰਾ ਕੁ ਠੰਢੇ ਦਿਮਾਗ਼ ਨਾਲ ਸੁਣਿਓ ...ਮੈਂ ਕੋਈ ਆਪਣੇ ਵਾਸਤੇ ਨੀ ਕੁਝ ਮੰਗਣ ਲੱਗੀ... ਐਤਕੀਂ ਦੀਵਾਲੀ ਤੋਂ ਪਹਿਲਾਂ-ਪਹਿਲਾਂ ਘਰ ਵਿੱਚ ਰੰਗ-ਰੋਗਨ ਦਾ ਕੰਮ ਕਰਵਾ ਈ ਲਈਏ ...ਤਿੰਨ ਚਾਰ ਦੀਵਾਲੀਆਂ ਤਾਂ ਤੁਹਾਡੇ ਲਾਰਿਆਂ ਵਿੱਚ ਹੀ ਲੰਘ ਗਈਆਂ ਨੇ ...ਬਸ ਮੇਰੇ ਆਖੇ ਲੱਗ ਕੇ ਇੱਕ ਵਾਰ ਇਹ ਕੌੜਾ ਘੁੱਟ ਭਰ ਹੀ ਲਓ। ਕਦੇ ਆਪਣਾ ਘਰ ਬਾਹਰੋਂ ਚੰਗੀ ਤਰ੍ਹਾਂ ਵੇਖਿਆ ਜੇ?'' ਇਸ ਤੋਂ ਪਹਿਲਾਂ ਕਿ ਮੈਂ ਕੋਈ ਜਵਾਬ ਦਿੰਦਾ ਉਹ ਮੇਰਾ ਹੱਥ ਫੜ ਕੇ ਸਮਝਾਉਣ ਵਾਲੇ ਲਹਿਜੇ ਵਿੱਚ ਬੋਲੀ, ''ਵੇਖੋ ਜੀ! ਮੈਨੂੰ ਪਤਾ ਹੈ ਕਿ ਇੱਕ ਤਨਖ਼ਾਹ ਨਾਲ ਹੀ ਆਪਾਂ ਸਾਰਾ ਮਹੀਨਾ ਲੰਘਾਉਣਾ ਹੁੰਦਾ ਹੈ ਤੇ ਘਰ ਦੇ ਸਾਰੇ ਕੰਮਕਾਰ ਕਰਨੇ ਹੁੰਦੇ ਹਨ ...ਪਰ ਕੁਝ ਕੰਮ ਮਜ਼ਬੂਰੀਵੱਸ ਤੇ ਲੋਕਾਚਾਰੀ ਲਈ ਕਰਨੇ ਹੀ ਪੈਂਦੇ ਹਨ ...ਆਹ ਮੁਹੱਲੇ ਦੇ ਸਾਰੇ ਘਰ ਵੇਖੋ ਕਿਵੇਂ ਲਿਸ਼-ਲਿਸ਼ ਕਰਦੇ ਨੇ ...ਤੇ ਨਾਲੇ ਅਸੀਂ ਕਿਸੇ ਤੋਂ ਘੱਟ ਆਂ ... ਆਖ਼ਰ ਤੁਸੀਂ ਸਰਕਾਰੀ ਨੌਕਰੀ ਕਰਦੇ ਹੋ ਜੀ ...ਆਹ ਸਾਹਮਣੇ ਵਾਲੇ ਟਿੰਕੂ ਦਾ ਪਾਪਾ ਦੁਕਾਨਦਾਰੀ ਕਰਦਾ ਵਾ ਤੇ ਘਰ ਇਵੇਂ ਲਿਸ਼ਕਾਰੇ ਮਾਰਦਾ ਜਿਵੇਂ ਤਾਜ ਮਹਿਲ ਹੋਵੇ...।''

ਮੈਂ ਬੜੀ ਮੁਸ਼ਕਿਲ ਨਾਲ ਮੌਕਾ ਪਾ ਕੇ ਉਸ ਦੀ ਗੱਲ ਟੋਕਦਿਆਂ ਕਿਹਾ, ''ਕਮਲੀਏ! ਉਹ ਦੁਕਾਨਦਾਰ ਨਹੀਂ ਬਿਜ਼ਨਸਮੈਨ ਹੈ ਬਿਜ਼ਨਸਮੈਨ ...ਨੌਕਰੀਆਂ ਵਾਲਿਆਂ ਨੂੰ ਤਾਂ ਗਿਣੀ-ਮਿਥੀ ਤਨਖ਼ਾਹ ਹੀ ਮਿਲਣੀ ਹੁੰਦੀ ਹੈ ...ਬਿਜ਼ਨਸਮੈਨ ਤਿਉਹਾਰਾਂ ਅਤੇ ਹੋਰ ਵਿਸ਼ੇਸ਼ ਮੌਕਿਆਂ 'ਤੇ ਮੋਟੀ ਕਮਾਈ ਕਰਦੇ ਹਨ। ਸਮੇਂ ਦੇ ਨਾਲ ਨਾਲ ਬਿਜ਼ਨਸ ਵਧ ਜਾਂਦਾ ਹੈ ਤੇ ਨਾਲ-ਨਾਲ ਮੁਨਾਫ਼ਾ ਵੀ ਵਧਦਾ ਜਾਂਦਾ ਹੈ। ਤੇ ਸਾਨੂੰ... ਸਾਲ ਵਿੱਚ ਇੱਕ ਵਾਰ ਇਨਕਰੀਮੈਂਟ ਹੀ ਮਿਲਦਾ ਹੈ।

ਮਹਿੰਗਾਈ ਭੱਤੇ ਦਾ ਤਾਂ ਕੋਈ ਹੁਣ ਭਰੋਸਾ ਹੀ ਨਹੀਂ ਕਿ ਮਿਲੇਗਾ ਵੀ ਕਿ ਨਹੀਂ... ਹਰ ਵਿਸਾਖੀ-ਦੀਵਾਲੀ 'ਤੇ ਮੂੰਹ ਚੁੱਕ-ਚੁੱਕ ਸਰਕਾਰ ਵੱਲ ਐਂ ਵੇਖਦੇ ਆਂ ਜਿਵੇਂ ਲਾਗੀ ਲਾਗ ਉਡੀਕਦਾ ਹੋਵੇ।'' ਪਰ ਗੁਰਪ੍ਰੀਤ ਨੇ ਸਿਰ ਨਾਂਹ ਵਿੱਚ ਹਿਲਾਉਂਦਿਆਂ ਕਿਹਾ, ''ਜੀ! ਮੈਨੂੰ ਤੁਹਾਡੀਆਂ ਇਨ੍ਹਾਂ ਗੱਲਾਂ ਦੀ ਕੋਈ ਸਮਝ ਨ੍ਹੀਂ। ਬਸ ਤੁਸੀਂ ਮੈਨੂੰ ਇੱਕ ਤਾਂ ਰੰਗ-ਰੋਗਨ ਕਰਵਾ ਦਿਓ ਤੇ ਇੱਕ ਰਸੋਈ ਵਿੱਚ ਚਿਮਨੀ ਲਵਾ ਦਿਓ ...ਤੜਕਾ ਲਾਉਂਦਿਆਂ ਸਾਰੇ ਘਰ ਵਿੱਚ ਧੂੰਆਂ ਹੀ ਧੂੰਆਂ ਹੋ ਜਾਂਦਾ ਹੈ। ਤੇ ਸੱਚ ਅਗਲੇ ਮਹੀਨੇ ਮੇਰੀ ਮਾਸੀ ਦੀ ਕੁੜੀ ਅਮਰੀਕਾ ਤੋਂ ਪਰਿਵਾਰ ਸਮੇਤ ਆ ਰਹੀ ਹੈ ...ਕੁਝ ਨਵੀਆਂ ਬੈੱਡਸ਼ੀਟਾਂ ਤੇ ਦੋ ਕੁ ਨਵੇਂ ਕੰਬਲ ਲੈ ਲਈਏ। ਤੇ ਸਿਆਲ ਆਉਣ ਤੋਂ ਪਹਿਲਾਂ ਮੈਨੂੰ ਇੱਕ-ਦੋ ਗਰਮ ਸੂਟ ਲੈ ਦਿਓ... ਮਹੀਨਾ ਭਰ ਤਾਂ ਸਿਲਵਾਉਣ 'ਤੇ ਹੀ ਲੱਗ ਜਾਂਦਾ ਏ ...ਬਸ ਹੋਰ ਮੈਨੂੰ ਕੁਝ ਨੀ ਚਾਹੀਦਾ।'' ਮੈਂ ਉਸ ਤੋਂ ਖਹਿੜਾ ਛਡਵਾਉਣ ਲਈ ਅਣਮੰਨੇ ਜਿਹੇ ਮਨ ਨਾਲ ਕਿਹਾ, ''ਚੱਲ ਵੇਖਦੇ ਆਂ ਕੋਈ ਜੁਗਾੜ ਲਾ ਕੇ ...ਤੂੰ ਚਿੰਤਾ ਨਾ ਕਰ। ਅੱਜ ਰਾਤ ਨੂੰ ਫਿਰ ਕੀ ਖਵਾ ਰਹੀ ਏਂ ਖਾਣੇ ਵਿੱਚ?'' ਮੈਂ ਉਸ ਦਾ ਧਿਆਨ ਇਨ੍ਹਾਂ ਗੱਲਾਂ ਵੱਲੋਂ ਹਟਾਉਣ ਲਈ ਪਿਆਰ ਭਰੇ ਲਹਿਜੇ ਵਿੱਚ ਪੁੱਛਿਆ ਤਾਂ ਉਹ ਇਕਦਮ ਉੱਠ ਕੇ ਕਹਿਣ ਲੱਗੀ, ''ਹਾਏ ਰੱਬਾ! ਤੁਸੀਂ ਤਾਂ ਮੈਨੂੰ ਆਪਣੀਆਂ ਗੱਲਾਂ ਵਿੱਚ ਉਲਝਾ ਕੇ ਦਾਲ ਥੱਲੇ ਲਵਾ 'ਤੀ ਹੋਣੀ ਐ... ਬੱਚਿਆਂ ਨੂੰ ਤਾਂ ਪਹਿਲਾਂ ਈ ਕੋਈ ਚੀਜ਼ ਪਸੰਦ ਨਹੀਂ ਆਉਂਦੀ... ।'' ਉਹ ਬੁੜ-ਬੁੜ ਕਰਦੀ ਰਸੋਈ ਵਿੱਚ ਜਾ ਵੜੀ ਤੇ ਮੈਂ ਉਸ ਦੀਆਂ ਫਰਮਾਇਸ਼ਾਂ ਦੇ ਖਰਚੇ ਦਾ ਹਿਸਾਬ ਲਾਉਣ ਲੱਗ ਪਿਆ।

''ਪਾਪਾ...ਪਾਪਾ... ਤੁਸੀਂ ਆ ਗਏ ਓ?'' ਉੱਚੀ-ਉੱਚੀ ਆਵਾਜ਼ਾਂ ਮਾਰਦੇ ਸੱਤਵੀਂ ਵਿੱਚ ਪੜ੍ਹਦੇ ਮੇਰੇ ਪੁੱਤਰ ਹਰਨੂਰ ਨੇ ਕਮਰੇ ਵਿੱਚ ਪੈਰ ਧਰਿਆ। ਮੈਂ ਸਵਾਲੀਆਂ ਨਜ਼ਰਾਂ ਨਾਲ ਵੇਖਿਆ ਤਾਂ ਉਹ ਨਿੱਕੇ ਜਿਹੇ ਬੱਚੇ ਵਾਂਗ ਮੇਰੀ ਗੋਦੀ ਵਿੱਚ ਆ ਬੈਠਾ ਤੇ ਪਿਆਰ ਨਾਲ ਪੁਚਕਾਰਦਿਆਂ ਕਹਿਣ ਲੱਗਾ, ''ਪਾਪਾ ਜੀ! ਅਗਲੇ ਹਫ਼ਤੇ ਸਾਡੇ ਸਕੂਲ ਦਾ ਡਲਹੌਜ਼ੀ ਦਾ ਟਰਿਪ ਜਾ ਰਿਹਾ ਹੈ ...ਮੇਰੇ ਸਾਰੇ ਦੋਸਤ-ਮਿੱਤਰ ਜਾ ਰਹੇ ਨੇ ...ਤੇ ਮੈਂ ਵੀ ਆਪਣਾ ਨਾਮ ਲਿਖਵਾ ਦਿੱਤਾ ਹੈ ...ਮੈਨੂੰ ਜਾਣ ਦਿਓਗੇ ਨਾ? ਮੇਰੇ ਸੋਹਣੇ ਪਾਪਾ ਪਲੀਜ਼...!'' ਉਸ ਦੇ ਮਾਸੂਮ ਮੂੰਹ ਵੱਲ ਵੇਖ ਕੇ ਮੈਥੋਂ ਨਾਂਹ ਨਹੀਂ ਹੋਈ ਤੇ ਮੈਂ ਮੁਸਕਰਾਉਂਦੇ ਹੋਏ ਨੇ ਹਾਂ ਵਿੱਚ ਸਿਰ ਹਿਲਾ ਦਿੱਤਾ। ਉਹ ਖ਼ੁਸ਼ੀ ਵਿੱਚ ਛਾਲਾਂ ਮਾਰਨ ਲੱਗ ਪਿਆ ਤੇ ਬੋਲਿਆ, ''ਪਾਪਾ ਜੀ! ਮੈਡਮ ਨੇ ਟਰਿਪ ਲਈ ਚਾਰ ਹਜ਼ਾਰ ਰੁਪਏ ਮੰਗਵਾਏ ਹਨ।'' ਮੈਂ ਬਾਕੀ ਖਰਚਿਆਂ ਵੱਲ ਧਿਆਨ ਮਾਰਿਆ ਪਰ ਫਿਰ ਵੀ ਮੈਂ ਉਸਨੂੰ ਚਾਰ ਹਜ਼ਾਰ ਰੁਪਏ ਦੇਣ ਲਈ ਹਾਮੀ ਭਰ ਦਿੱਤੀ। ਉਹ ਭੰਗੜੇ ਪਾਉਂਦਾ ਗਲੀ ਵੱਲ ਦੌੜ ਗਿਆ। ਰੌਲਾ ਸੁਣ ਕੇ ਮੇਰੀ ਧੀ ਗੁਰਨੂਰ ਵੀ ਮੇਰੇ ਕੋਲ ਆ ਗਈ ਅਤੇ ਨਾਰਾਜ਼ ਹੁੰਦਿਆਂ ਕਹਿਣ ਲੱਗ ਪਈ, ''ਪਾਪਾ! ਤੁਸੀਂ ਹਰਨੂਰ ਨੂੰ ਜ਼ਿਆਦਾ ਪਿਆਰ ਕਰਦੇ ਹੋ... ਉਸ ਦੀ ਹਰ ਗੱਲ ਮੰਨ ਲੈਂਦੇ ਹੋ... ਮੈਨੂੰ ਤਾਂ ਟਰਿਪ 'ਤੇ ਭੇਜਿਆ ਨਹੀਂ ਤੇ ਉਸ ਦੀ ਵਾਰੀ ਝੱਟ ਹਾਂ ਕਰ ਦਿੱਤੀ ਐ ਤੁਸੀਂ। ਮੈਂ ਅੱਠਵੀਂ ਜਮਾਤ ਵਿੱਚ ਸੀ, ਜਦੋਂ ਦੀ ਤੁਹਾਡੇ ਤੋਂ ਐਕਟਿਵਾ ਮੰਗ ਰਹੀ ਹਾਂ ...ਹੁਣ ਤਾਂ ਮੈਂ ਦਸਵੀਂ ਵਿੱਚ ਹੋ ਗਈ ਹਾਂ ... ਹੁਣ ਤਾਂ ਮੈਨੂੰ ਐਕਟਿਵਾ ਲੈ ਦਿਓ ...ਮੈਂ ਕੱਲ੍ਹ ਤੋਂ ਸਾਈਕਲ 'ਤੇ ਨਹੀਂ ਜਾਣਾ ਟਿਊਸ਼ਨ ਪੜ੍ਹਨ।'' ਉਹ ਰੁੱਸ ਕੇ ਕਮਰੇ ਵਿੱਚੋਂ ਨਿਕਲ ਕੇ ਵਿਹੜੇ ਵਿੱਚ ਕੁਰਸੀ 'ਤੇ ਕਿਤਾਬ ਫੜ ਕੇ ਬੈਠ ਗਈ। ਮੈਂ ਆਪਣੇ ਮਨ ਵਿੱਚ ਸੋਚਿਆ ਕਿ ਗੁਰਨੂਰ ਦੀ ਗੱਲ ਵੀ ਆਪਣੀ ਥਾਂ ਬਿਲਕੁਲ ਸਹੀ ਸੀ। ਟਿਊਸ਼ਨ ਜਾਣ ਲਈ ਉਸ ਨੂੰ ਸਕੂਟਰ ਦੀ ਸੱਚਮੁੱਚ ਹੀ ਲੋੜ ਸੀ। ਮੈਂ ਹਰ ਮਹੀਨੇ ਉਸ ਨੂੰ ਅਗਲੀ ਵਾਰੀ ਦਾ ਕਹਿ ਕੇ ਟਾਲਦਾ ਆ ਰਿਹਾ ਸੀ ਕਿਉਂਕਿ ਮੈਂ ਇੱਕ ਹੋਰ ਨਵੀਂ ਕਿਸ਼ਤ ਭਰਨ ਦੀ ਹਾਲਤ ਵਿੱਚ ਨਹੀਂ ਸੀ। ਅਜੇ ਮੈਂ ਇਨ੍ਹਾਂ ਵਿਚਾਰਾਂ ਦੀ ਘੁੰਮਣਘੇਰੀ ਵਿੱਚ ਹੀ ਫਸਿਆ ਹੋਇਆ ਸੀ ਕਿ ਦੂਜੇ ਕਮਰੇ ਵਿੱਚੋਂ ਮਾਤਾ ਜੀ ਨੇ ਉੱਚੀ ਸਾਰੀ ਆਵਾਜ਼ ਵਿੱਚ ਕਿਹਾ,''ਵੇ ਪੰਮਿਆਂ! ਪੁੱਤ ਬਾਜ਼ਾਰੋਂ ਆਉਂਦਾ ਮੇਰੀਆਂ ਦਵਾਈਆਂ ਲਈ ਆਵੀਂ, ਬਸ ਖ਼ਤਮ ਹੀ ਹੋ ਚੱਲੀਆਂ ਨੇ। ਤੇ ਨਾਲੇ ਗੈਸ ਦੀਆਂ ਗੋਲੀਆਂ ਦਾ ਪੱਤਾ ਤੇ ਗੋਡਿਆਂ 'ਤੇ ਲਾਉਣ ਵਾਲੀ ਟੂਬ ਵੀ ਲੈ ਆਈਂ ...ਗੋਡੇ ਬੜੀ ਪੀੜ ਕਰਦੇ ਨੇ ਮੇਰੇ ਅੱਜਕੱਲ੍ਹ।'' ਮੈਂ ਸਕੂਟਰ ਫੜ ਕੇ ਬਾਜ਼ਾਰ ਵੱਲ ਨੂੰ ਚੱਲ ਪਿਆ ਅਤੇ ਸੋਚਦਾ ਹਾਂ ਕਿ ਇਨ੍ਹਾਂ ਖਰਚਿਆਂ ਤੋਂ ਇਲਾਵਾ ਰਾਸ਼ਨ-ਪਾਣੀ ਦਾ ਖਰਚਾ, ਰਿਸ਼ਤੇਦਾਰੀਆਂ 'ਚ ਆਉਣ-ਜਾਣ ਦਾ ਖਰਚਾ, ਕੱਪੜੇ-ਲੀੜੇ ਦਾ ਖਰਚਾ ਅਤੇ ਹੋਰ ਕਈ ਅਣਗੌਲੇ ਖਰਚੇ ਜਿਹੜੇ ਇਕਦਮ ਸੱਪ ਵਾਂਗ ਸਿਰੀ ਕੱਢ ਕੇ ਸਾਹਮਣੇ ਆ ਖਲੋਂਦੇ ਹਨ ਅਤੇ ਫੁੰਕਾਰੇ ਮਾਰ-ਮਾਰ ਕੇ ਘਰ ਦੇ ਬਜਟ ਨੂੰ ਡਾਂਵਾਡੋਲ ਕਰ ਜਾਂਦੇ ਹਨ। ਇਨ੍ਹਾਂ ਸਭ ਖਰਚਿਆਂ ਦਾ ਭਾਰ ਸਿਰਫ਼ ਤੇ ਸਿਰਫ਼ ਇੱਕ ਵਿਚਾਰੀ ਤਨਖ਼ਾਹ ਹੀ ਚੁੱਕ ਰਹੀ ਸੀ। ਤੇ ਕਿਸ ਤਰ੍ਹਾਂ ਚੁੱਕ ਰਹੀ ਸੀ ਉਹ ਮੈਂ ਹੀ ਜਾਣਦਾ ਸੀ ਤੇ ਜਾਂ ਉੱਪਰ ਵਾਲਾ।

# ਜਸਟਿਨ ਟਰੂਡੋ ਸਰਕਾਰ ਬੇਭਰੋਸਗੀ ਮਤੇ ਤੋਂ ਬਚੀ ਪਰ ਸੰਕਟ ਹਾਲੇ ਵੀ ਬਰਕਰਾਰ

ਵਲੋਂ : ਨਾਦੀਨ ਯੂਸੇਫ਼

ਕੈਨੇਡਾ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਸਰਕਾਰ ਬੇਭਰੋਸਗੇ ਦੇ ਮਤੇ ਤੋਂ ਬਚ ਗਈ ਹੈ। ਸਰਕਾਰ ਨੂੰ ਸੁੱਟ ਕੇ ਚੋਣਾਂ ਕਰਵਾਉਣ ਲਈ ਪਾਰਲੀਮੈਂਟ ਵਿੱਚ ਮਤਾ ਲਿਆਂਦਾ ਗਿਆ ਸੀ।

ਟਰੂਡੋ ਦੀ 'ਘਟਦੀ ਲੋਕਪ੍ਰਿਯਤਾ' ਦੇ ਦੌਰਾਨ ਵਿਰੋਧੀ ਕੰਜ਼ਰਵੇਟਿਵ ਪਾਰਟੀ ਇਸ ਤੋਂ ਪਹਿਲਾਂ ਵੀ ਅਜਿਹੇ ਮਤੇ ਲਿਆ ਚੁੱਕੀ ਹੈ। ਬੁੱਧਵਾਰ ਦਾ ਮਤਾ ਵੀ ਇਸ ਲੜੀ ਦਾ ਇੱਕ ਹਿੱਸਾ ਸੀ।

ਵਿਰੋਧੀ ਧਿਰ ਦੇ ਆਗੂ ਪੀਅਰੇ ਪੋਲੀਵਰੇ ਸੰਸਦ ਵਿੱਚ ਦੋ ਹੋਰ ਵਿਰੋਧੀ ਪਾਰਟੀਆਂ— ਨਿਊ ਡੈਮੋਕ੍ਰੇਟਿਕ ਪਾਰਟੀ ਅਤੇ ਬਲੌਕ ਕਿਊਬੈਕ— ਦੇ ਆਗੂਆਂ ਦੀ ਹਮਾਇਤ ਹਾਸਲ ਕਰਨ ਵਿੱਚ ਨਾਕਾਮ ਰਹੇ ਤਾਂ ਮਤਾ ਵੀ ਨਾਕਾਮ ਹੋ ਗਿਆ।

ਜ਼ਿਕਰਯੋਗ ਹੈ ਕਿ ਟਰੂਡੋ ਪਿਛਲੇ ਨੌਂ ਸਾਲਾਂ ਤੋਂ ਇੱਕ ਅਲਪਮਤ ਸਰਕਾਰ ਦੇ ਪ੍ਰਧਾਨ ਮੰਤਰੀ ਹਨ।

ਮਤੇ ਲਈ ਵੋਟਿੰਗ ਬੁੱਧਵਾਰ ਬਾਅਦ ਦੁਪਹਿਰ ਨੂੰ ਉਸੇ ਦਿਨ ਹੋਈ ਜਦੋਂ ਪ੍ਰਧਾਨ ਮੰਤਰੀ ਨੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਦੀ ਮੇਜ਼ਬਾਨੀ ਕਰਨੀ ਸੀ।

ਇਸ ਤੋਂ ਬਾਅਦ ਉਮੀਦ ਹੈ ਕਿ ਵੀਰਵਾਰ ਨੂੰ ਕੰਜ਼ਰਵੇਟਿਵ ਪਾਰਟੀ ਦੋ ਹੋਰ ਬੇਭਰੋਸਗੀ ਮਤੇ ਲਿਆ ਸਕਦੀ ਹੈ ਤਾਂ ਜੋ ਦੇਸ ਵਿੱਚ ਚੋਣਾਂ ਕਰਵਾਈਆਂ ਜਾ ਸਕਣ।


### ਸੰਕਟ ਦੀ ਸ਼ੁਰੂਆਤ

ਟਰੂਡੋ ਉੱਤੇ ਪਿਛਲੇ ਕਈ ਮਹੀਨਿਆਂ ਤੋਂ ਆਪਣੇ ਅਹੁਦੇ ਤੋਂ ਹਟਣ ਦਾ ਦਬਾਅ ਹੈ।

ਜਦੋਂ ਉਹ ਪ੍ਰਧਾਨ ਮੰਤਰੀ ਬਣੇ ਸਨ ਤਾਂ ਉਨ੍ਹਾਂ ਦੀਆਂ ਅਪਰੂਵਲ ਰੇਟਿੰਗ 63% ਸਨ ਜੋ ਕਿ ਇਸ ਜੂਨ ਵਿੱਚ ਘਟ ਕੇ 28% ਉੱਤੇ ਆ ਗਈਆਂ ਹਨ।

ਇੱਕ ਪੋਲ ਟਰੈਕਰ ਮੁਤਾਬਕ ਇਸ ਦੀ ਵਜ੍ਹਾ ਮਹਿੰਗੇ ਹੁੰਦੇ ਜਾ ਰਹੇ ਘਰ ਅਤੇ ਰਹਿਣ ਸਹਿਣ ਹਨ। ਉਨ੍ਹਾਂ ਦੀ ਲਿਬਰਲ ਪਾਰਟੀ ਇਸ ਸਾਲ – ਟੋਰਾਂਟੋ ਅਤੇ ਮੋਂਟਰੀਅਲ ਦੀਆਂ ਦੋ ਜ਼ਿਮਨੀ ਚੋਣਾਂ ਹਾਰ ਗਈ ਸੀ।

ਸਾਲ 2021 ਦੀਆਂ ਪਿਛਲੀਆਂ ਆਮ ਚੋਣਾਂ ਵਿੱਚ



ਜਗਮੀਤ ਸਿੰਘ ਦੀ ਐੱਨਡੀਪੀ ਨਾਲ ਹੋਏ ਸਮਝੌਤੇ ਕਾਰਨ ਉਹ ਬਹੁਮਤ ਵਿੱਚ ਨਾ ਆਉਣ ਦੇ ਬਾਵਜੂਦ ਸਰਕਾਰ ਬਣਾਉਣ ਵਿੱਚ ਕਾਮਯਾਬ ਹੋ ਗਏ ਸਨ।

ਜਗਮੀਤ ਸਿੰਘ ਗਠਜੋੜ ਵਿੱਚੋਂ ਬਾਹਰ ਆ ਗਏ ਹਨ ਅਤੇ ਇਸਦੇ ਨਾਲ ਹੀ ਸਤੰਬਰ ਦੇ ਸ਼ੁਰੂ ਵਿੱਚ ਇਹ ਸਮਝੌਤਾ ਟੁੱਟ ਗਿਆ। ਉਨ੍ਹਾਂ ਦਾ ਕਹਿਣਾ ਸੀ ਕਿ ਲਿਬਰਲ ਸਰਕਾਰ ਚਲਾਉਣ ਲਈ "ਬਹੁਤ ਕਮਜ਼ੋਰ" ਅਤੇ "ਬਹੁਤ ਮਤਲਬ ਪ੍ਰਸਤ" ਹਨ।

### ਸਦਨ ਦਾ ਗਣਿਤ

ਲੋਹਾ ਗਰਮ ਦੇਖਦਿਆਂ ਵਿਰੋਧੀ ਆਗੂ ਪੈਰੀ ਨੇ ਕਿਹਾ ਕਿ ਉਹ ਸਰਕਾਰ ਖਿਲਾਫ਼ ਬੇਭਰੋਸਗੀ ਮਤਾ ਲਿਆਉਣਗੇ।

ਮਤੇ ਨੂੰ ਕਾਮਯਾਬ ਹੋਣ ਲਈ 338 ਮੈਂਬਰਾਂ ਦੇ ਬਹੁਮਤ ਦੀ ਲੋੜ ਹੁੰਦੀ ਹੈ।

ਲਿਬਰਲ ਪਾਰਟੀ ਜਿਸ ਕੋਲ 153 ਸੀਟਾਂ ਹਨ, ਉਨਾਂ ਨੇ ਇਸਦੇ ਖਿਲਾਫ਼ ਵੋਟ ਕੀਤਾ। ਜਦਕਿ ਕੰਜ਼ਰਵੇਟਿਵ ਪਾਰਟੀ ਕੋਲ 119 ਸੀਟਾਂ ਹਨ, ਉਨ੍ਹਾਂ ਨੇ ਹਮਾਇਤ ਵਿੱਚ ਵੋਟਿੰਗ ਕੀਤੀ।

ਦੂਜੀਆਂ ਸੀਟਾਂ ਐੱਨਡੀਪੀ ਅਤੇ ਬਲੌਕ ਕਿਊਬੈਕ ਕੋਲ ਹਨ। ਉਨ੍ਹਾਂ ਨੇ ਵੀ ਮਤੇ ਦੇ ਵਿਰੋਧ ਵਿੱਚ ਵੋਟ ਦਾ ਇਸਤੇਮਾਲ ਕੀਤਾ। ਅਖੀਰ ਨੂੰ ਮਤਾ 211 ਵੋਟਾਂ ਨਾਲ ਹਾਰ ਗਿਆ।

### ਸਿਆਸੀ ਖਿੱਚੋਤਾਣ

ਪੀਅਰੇ ਪੋਲੀਵਰੇ ਜਿਨ੍ਹਾਂ ਨੇ ਕੰਜ਼ਰਵੇਟਿਵ ਪਾਰਟੀ ਦੀ ਕਈ ਆਮ ਚੋਣਾਂ ਵਿੱਚ ਅਗਵਾਈ ਕੀਤੀ ਹੈ। ਉਨ੍ਹਾਂ ਨੇ ਕੰਜ਼ਰਵੇਟਿਵ ਪਾਰਟੀ ਦਾ ਕੈਨੇਡਾ ਲਈ ਵਿਜ਼ਨ ਸਾਹਮਣੇ ਰੱਖਦੇ ਹੋਏ ਸੰਸਦ ਮੈਂਬਰਾਂ ਨੂੰ ਮਤੇ ਦੇ ਹੱਕ ਵਿੱਚ ਵੋਟ ਕਰਨ ਦੀ ਅਪੀਲ ਕੀਤੀ ਸੀ।

ਉਨ੍ਹਾਂ ਨੇ ਮੰਗਲਵਾਰ ਨੂੰ ਸਦਨ ਵਿੱਚ ਕਿਹਾ ਕਿ ਉਹ ਕੈਨੇਡਾ ਦਾ ਚੰਗੀਆਂ ਤਨਖ਼ਾਹਾਂ ਵਾਲਾ ਸੁਫ਼ਨਾ ਪੂਰਾ ਕਰਨਗੇ ਤਾਂ ਜੋ ਲੋਕਾਂ ਦੀ ਅਫੋਰਡੇਬਲ ਖ਼ੁਰਾਕ, ਗੈਸ, ਘਰਾਂ ਅਤੇ ਨਾਗਰਿਕ ਸੁਰੱਖਿਆ ਤੱਕ ਪਹੁੰਚ ਹੋ ਸਕੇ।

ਇਸਦੇ ਮੁਕਾਬਲੇ ਜਗਮੀਤ ਸਿੰਘ ਨੇ ਕਿਹਾ ਕਿ ਉਹ ਪੈਰੀ ਦੇ ਖਿਲਾਫ਼ ਵੋਟ ਕਰਨਗੇ ਕਿਉਂਕਿ ਉਨ੍ਹਾਂ ਨੂੰ ਲਗਦਾ ਹੈ ਕਿ ਕੰਜ਼ਰਵੇਟਿਵ ਪਾਰਟੀ ਸਰਕਾਰ ਵਿੱਚ ਆਈ ਤਾਂ ਉਹ ਦੰਦ ਸੰਭਾਲ ਅਤੇ ਫਾਰਮਾਕੇਅਰ ਵਰਗੇ ਸਮਾਜਿਕ ਪ੍ਰੋਗਰਾਮਾਂ ਵਿੱਚ ਕਟੌਤੀ ਕਰੇਗੀ।

ਬਲੌਕ ਕਿਊਬਿਕੋਇਸ – ਜੋ ਕਿ ਕੈਨੇਡਾ ਦੇ ਫਰੈਂਚ ਬੋਲਣ ਵਾਲੇ ਕਿਬੇਕ ਸੂਬੇ ਦੀ ਨੁਮਾਇੰਦਗੀ ਕਰਦੀ ਹੈ। ਉਨ੍ਹਾਂ ਨੇ ਕਿਹਾ ਕਿ ਉਹ ਲਿਬਰਲ ਸਰਕਾਰ ਨਾਲ ਮਿਲ ਕੇ ਫਰੈਂਚ ਇਲਾਕਿਆਂ ਦੇ ਹੱਕਾਂ ਦੀ ਰਾਖੀ ਲਈ ਕੰਮ ਕਰਨਗੇ।

ਟਰੂਡੋ ਪਿਛਲੇ ਹਫ਼ਤੇ ਹੀ ਅਮਰੀਕਾ ਦੇ ਨਿਊਯਾਰਕ ਵਿੱਚ ਹੋਈ ਸੰਯੁਕਤ ਰਾਸ਼ਟਰ ਦੀ ਆਮ ਸਭਾ ਵਿੱਚ ਸਨ।

ਕੋਲਬਰਟ ਦੇ ਲੇਟ ਸ਼ੋਅ ਵਿੱਚ ਗਲ ਕਰਦਿਆਂ ਉਨ੍ਹਾਂ ਨੇ ਮੰਨਿਆ ਕਿ ਕੈਨੇਡੀਅਨ ਲੋਕ ਗੈਸ, ਕਰਿਆਨੇ ਅਤੇ ਕਿਰਾਏ ਚੁਕਾਉਣ ਲਈ ਬਹੁਤ ਜ਼ਿਆਦਾ ਮੁਸ਼ਕਿਲ ਸਮੇਂ ਵਿੱਚੋਂ ਲੰਘ ਰਹੇ ਸਨ।

ਹਾਲਾਂਕਿ ਉਨ੍ਹਾਂ ਨੇ ਆਪਣੀ ਸਰਕਾਰ ਦਾ ਬਚਾਅ ਕੀਤਾ ਕਿ ਉਨ੍ਹਾਂ ਦੀ ਸਰਕਾਰ ਕੈਨੇਡੀਅਨ ਲੋਕਾਂ ਵਿੱਚ ਨਿਵੇਸ਼ ਕਰਦੀ ਹੈ ਅਤੇ ਕਰਦੀ ਰਹੇਗੀ। ਉਨ੍ਹਾਂ ਨੇ ਕਿਹਾ, "ਮੈਂ ਲੜਦਾ ਰਹਾਂਗਾ"।

ਜਸਟਿਨ ਟਰੂਡੋ ਦਾ ਵਧੇਰੇ ਬਚਪਨ ਸਿਆਸਤ ਤੋਂ ਦੂਰ ਰਿਹਾ। ਉਨ੍ਹਾਂ ਨੇ ਮਕਗਿਲ ਯੂਨੀਵਰਸਿਟੀ ਅਤੇ ਫੇਰ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆਂ ਤੋਂ ਪੜ੍ਹਾਈ ਕੀਤੀ ਅਤੇ ਫਿਰ ਅਧਿਆਪਕ ਬਣੇ।

ਜਸਟਿਨ ਟਰੂਡੋ ਜਦੋਂ ਸਿਰਫ਼ ਚਾਰ ਮਹੀਨਿਆਂ ਦੇ ਸਨ ਤਾਂ ਉਸ ਵੇਲੇ ਦੇ ਅਮਰੀਕੀ ਰਾਸ਼ਟਰਪਤੀ ਰਿਚਰਡ ਨਿਕਸਨ ਨੇ ਇਹ ਭਵਿੱਖਵਾਣੀ ਕੀਤੀ ਸੀ ਕਿ ਇਹ ਬੱਚਾ ਇੱਕ ਦਿਨ ਆਪਣੇ ਪਿਤਾ ਦੀਆਂ ਪੈੜਾਂ ਉੱਤੇ ਤੁਰੇਗਾ।

ਸਾਲ 1972 ਦੀ ਗੱਲ ਹੈ, ਜਦੋਂ ਰਿਚਰਡ ਨਿਕਸਨ ਕੈਨੇਡਾ ਦੇ ਅਧਿਕਾਰਤ ਦੌਰੇ ਉੱਤੇ ਸਨ, ਇਸ ਦੌਰਾਨ ਗਾਲਾ ਡਿਨਰ ਦੇ ਮੌਕੇ ਉਨ੍ਹਾਂ ਨੇ ਆਪਣੇ ਕੈਨੇਡਾਈ ਹਮਰੁਤਬਾ ਨੂੰ ਕਿਹਾ, "ਅੱਜ ਰਾਤ ਹੁਣ ਅਸੀਂ ਕੋਈ ਰਸਮੀ ਗੱਲ ਨਹੀਂ ਕਰਾਂਗੇ, ਮੈਂ ਇਹ ਜਾਮ ਕੈਨੇਡਾ ਦੇ ਭਵਿੱਖ ਦੇ ਨਾਂ ਕਰਦਾ ਹਾਂ, ਜਸਟਿਨ ਪਿਅਰ ਟਰੂਡੋ ਦੇ ਨਾਂਅ ਕਰਦਾ ਹਾਂ।"

# ਟਾਈਟੈਨਿਕ ਦਾ ਮਲਬਾ ਦੇਖਣ ਗਈ ਟਾਈਟਨ ਪਣਡੁੱਬੀ ਦੇ ਯਾਤਰੀਆਂ ਦੀ ਆਖ਼ਰੀ ਗੱਲਬਾਤ ਅਤੇ ਮਲਬੇ ਦੀ ਨਵੀਂ ਫੁਟੇਜ ਤੋਂ ਇਹ ਖੁਲਾਸਾ ਹੋਇਆ

ਯੂਐੱਸ ਕੋਸਟ ਗਾਰਡ ਨੇ ਟਾਈਟਨ ਪਣਡੁੱਬੀ ਦੇ ਨੇੜਲੇ ਲੋਕਾਂ ਤੋਂ ਇੱਕ ਹਫ਼ਤੇ ਦੀ ਗਵਾਹੀ ਸੁਣੀ ਹੈ ਜੋ ਪਿਛਲੇ ਜੂਨ ਵਿੱਚ ਹਾਦਸੇ ਦਾ ਸ਼ਿਕਾਰ ਹੋ ਗਈ ਸੀ, ਜਿਸ ਵਿੱਚ ਸਵਾਰ ਸਾਰੇ ਪੰਜ ਲੋਕ ਮਾਰੇ ਗਏ ਸਨ। ਜਾਂਚਕਰਤਾ ਇਸ ਤ੍ਰਾਸਦੀ ਦੇ ਕਾਰਨਾਂ ਦਾ ਪਤਾ ਲਗਾਉਣ ਅਤੇ ਭਵਿੱਖ ਵਿੱਚ ਘਾਤਕ ਯਾਤਰਾਵਾਂ ਨੂੰ ਰੋਕਣ ਲਈ ਤਰੀਕੇ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ। ਓਸ਼ਨ ਗੇਟ ਵੱਲੋਂ ਦੁਆਰਾ ਸੰਚਾਲਿਤ ਟਾਈਟਨ, ਟਾਈਟੈਨਿਕ ਦੇ ਮਲਬੇ ਲਈ ਗੋਤਾ ਲਗਾਉਣ ਦੌਰਾਨ ਆਪਣੇ ਉਤਰਨ ਦੇ ਦੋ ਘੰਟਿਆਂ ਤੋਂ ਵੀ ਘੱਟ ਸਮੇਂ ਵਿੱਚ ਹੀ ਫਟ ਗਿਆ ਸੀ। ਇਸ ਹਾਦਸੇ ਕਾਰਨ ਪਣਡੁੱਬੀ ਦੀ ਸੁਰੱਖਿਆ ਅਤੇ ਡਿਜ਼ਾਈਨ ਤੇ ਇਸ ਦੇ ਨਿਰਮਾਣ ਵਿੱਚ ਵਰਤੀ ਗਈ ਸਮੱਗਰੀ 'ਤੇ ਸਵਾਲ ਖੜ੍ਹੇ ਵੀ ਉੱਠੇ।

ਇੱਥੇ ਦੋ ਹਫ਼ਤਿਆਂ ਦੀ ਸੁਣਵਾਈ ਦੇ ਪਹਿਲੇ ਸੈੱਟ ਤੋਂ ਪੰਜ ਗੱਲਾਂ ਉਭਰ ਕੇ ਆਉਂਦੀਆਂ ਹਨ:

ਯੂਐੱਸ ਕੋਸਟ ਗਾਰਡ ਦੇ ਜਾਂਚਕਰਤਾਵਾਂ ਨੇ ਪਾਣੀ ਦੇ ਉੱਪਰ ਜਹਾਜ਼ ਨਾਲ ਸੰਪਰਕ ਟੁੱਟਣ ਤੋਂ ਪਹਿਲਾਂ ਚਾਲਕ ਦਲ ਦੇ ਆਖਰੀ ਸੰਦੇਸ਼ਾਂ ਵਿੱਚੋਂ ਇੱਕ ਦਾ ਖੁਲਾਸਾ ਕੀਤਾ, "ਇੱਥੇ ਸਭ ਠੀਕ ਹੈ।" ਸੁਣਵਾਈ ਵਿੱਚ ਟਾਈਟਨ ਅਤੇ ਉਸ ਦੇ ਮੁੱਖ ਜਹਾਜ਼ ਵਿਚਕਾਰ ਹੋਰ ਟੈਕਸਟ ਸੁਨੇਹਿਆਂ ਦਾ ਖੁਲਾਸਾ ਹੋਇਆ ਕਿਉਂਕਿ ਡੂੰਘੇ ਸਮੁੰਦਰੀ ਵਿੱਚ ਚੱਲਣ ਵਾਲਾ ਜਹਾਜ਼ 1912 ਵਿੱਚ ਡੁੱਬਣ ਵਾਲੇ ਬ੍ਰਿਟਿਸ਼ ਸਮੁੰਦਰੀ ਜਹਾਜ਼ ਨੂੰ ਦੇਖਣ ਲਈ ਸਮੁੰਦਰੀ ਤਲ ਵੱਲ ਗਿਆ ਸੀ। ਸਮੁੰਦਰੀ ਜਹਾਜ਼ 'ਤੇ ਸਵਾਰ ਸਹਾਇਕ ਸਟਾਫ ਨੇ ਪਣਡੁੱਬੀ ਦੀ ਡੂੰਘਾਈ ਅਤੇ ਭਾਰ ਬਾਰੇ ਪੁੱਛਿਆ। ਜਾਂਚਕਰਤਾਵਾਂ ਦੇ ਅਨੁਸਾਰ, ਪਣਡੁੱਬੀ ਦੇ ਉਤਰਨ ਤੋਂ ਲੈ ਕੇ ਹੀ ਸੰਚਾਰ ਵਿੱਚ ਦਿੱਕਤਾਂ ਆਉਂਦੀਆਂ ਰਹੀਆਂ ਸਨ।

ਗੋਤਾ ਲਗਾਉਣ ਤੋਂ ਇੱਕ ਘੰਟੇ ਬਾਅਦ, ਟਾਈਟਨ ਨੇ 3,346 ਮੀਟਰ ਦੀ ਡੂੰਘਾਈ 'ਤੇ ਇੱਕ ਸੁਨੇਹਾ ਭੇਜਿਆ ਜੋ ਇਸਦਾ ਆਖਰੀ ਸੰਦੇਸ਼ ਸੀ। ਚਾਲਕ ਦਲ ਨੇ ਦੱਸਿਆ ਕਿ ਉਸ ਨੇ ਦੋ ਵਜ਼ਨ ਸੁੱਟੇ ਹਨ। ਫਿਰ ਸੰਚਾਰ ਟੁੱਟ ਗਿਆ। ਮਿਸ਼ਨ ਸਪੈਸ਼ਲਿਸਟ ਰੇਨਾਟਾ ਰੋਜਾਸ, ਜਿਨ੍ਹਾਂ ਨੇ ਇੱਕ ਸਵੈਸੇਵੀ ਦੇ ਤੌਰ 'ਤੇ ਬਦਕਿਸਮਤੀ ਵਾਲੇ ਸਫ਼ਰ 'ਤੇ ਮਦਦ ਕੀਤੀ, ਨੇ ਯੂਐੱਸ ਕੋਸਟ ਗਾਰਡ ਦੇ ਸਾਹਮਣੇ ਪਣਡੁੱਬੀ ਦੇ ਉਤਰਨ ਤੋਂ ਪਹਿਲਾਂ ਚਾਲਕ ਦਲ ਨਾਲ ਉਨ੍ਹਾਂ ਦੀ ਗੱਲਬਾਤ ਬਾਰੇ ਗਵਾਹੀ ਦਿੱਤੀ। ਇੱਕ ਬਿੰਦੂ 'ਤੇ, ਸ਼੍ਰੀਮਤੀ ਰੋਜਸ ਰੋ ਪਈ ਜਦੋਂ ਉਸਨੇ ਟਾਈਟਨ 'ਤੇ ਸਵਾਰ ਹੋਣ ਅਤੇ ਪਾਣੀ ਦੇ ਹੇਠਾਂ ਜਾਣ ਤੋਂ ਪਹਿਲਾਂ "ਪੰਜ ਲੋਕਾਂ ਦੀ ਮੁਸਕਰਾਹਟ" ਨੂੰ ਯਾਦ ਕੀਤਾ।

ਉਨ੍ਹਾਂ ਨੇ ਦੱਸਿਆ, "ਉਹ ਬੱਸ ਜਾਣ ਲਈ ਖੁਸ਼ ਸਨ, ਇਹੀ ਮੈਨੂੰ ਯਾਦ ਹੈ।" ਉਨ੍ਹਾਂ ਨੂੰ ਯਾਦ ਹੈ ਕਿ ਉਨ੍ਹਾਂ ਦਾ ਸੰਪਰਕ ਟੁੱਟ ਗਿਆ ਸੀ ਅਤੇ ਉਨ੍ਹਾਂ ਨੇ ਸਹਿਕਰਮੀਆਂ ਤੋਂ ਪੁੱਛਿਆ ਸੀ, "ਅਸੀਂ ਉਨ੍ਹਾਂ ਤੋਂ ਕੁਝ ਸੁਣਿਆ ਨਹੀਂ, ਉਹ ਕਿੱਥੇ ਹਨ।" ਰੋਜਾਸ ਵੀ ਓਸ਼ਨਗੇਟ ਦੇ ਨਾਲ ਟਾਈਟੈਨਿਕ ਦੇ ਮਲਬੇ ਨੂੰ ਦੇਖਣ ਲਈ ਗਏ ਸਨ, ਉਨ੍ਹਾਂ ਨੇ ਸਵੀਕਾਰ ਕੀਤਾ ਕਿ ਟਾਈਟਨ ਪਣਡੁੱਬੀ ਵਰਗੀਕ੍ਰਿਤ ਜਾਂ ਰਜਿਸਟਰਡ ਨਹੀਂ ਸੀ।

ਸੁਣਵਾਈ ਦੌਰਾਨ ਉਨ੍ਹਾਂ ਨੇ ਕਿਹਾ, "ਮੈਨੂੰ ਪਤਾ ਸੀ ਟਾਈਟਨ ਰਾਹੀਂ ਗੋਤਾਖੋਰੀ ਜੋਖ਼ਮ ਭਰੀ ਹੈ ਪਰ ਕਦੇ ਅਸੁਰੱਖਿਅਤ ਮਹਿਸੂਸ ਨਹੀਂ ਹੋਈ।" ਓਸ਼ਨਗੇਟ ਦੇ ਸਾਬਕਾ ਓਪਰੇਸ਼ਨ ਡਾਇਰੈਕਟਰ ਡੇਵਿਡ ਲੋਚਰਿਜ ਨੇ ਯੂਐੱਸ ਕੋਸਟ ਗਾਰਡ ਦੇ ਜਾਂਚਕਰਤਾਵਾਂ ਨੂੰ ਗਵਾਹੀ ਦਿੱਤੀ ਕਿ ਉਨ੍ਹਾਂ ਨੇ 2018 ਵਿੱਚ ਬਰਖ਼ਾਸਤ ਕੀਤੇ ਜਾਣ ਤੋਂ ਪਹਿਲਾਂ ਸੰਭਾਵੀ ਸੁਰੱਖਿਆ ਮੁੱਦਿਆਂ ਬਾਰੇ ਚੇਤਾਵਨੀ ਦਿੱਤੀ ਸੀ। ਉਨ੍ਹਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਅਣਗੌਲਿਆਂ ਕੀਤਾ ਗਿਆ ਸੀ।

ਲੋਚਰਿਜ ਨੇ ਕਿਹਾ ਕਿ ਉਹ ਮੰਨਦੇ ਹਨ ਕਿ ਟਾਈਟਨ ਨਾਲ ਘਾਤਕ ਘਟਨਾ "ਅਟੱਲ" ਸੀ ਕਿਉਂਕਿ ਕੰਪਨੀ ਨੇ ਮਿਆਰੀ ਨਿਯਮਾਂ ਨੂੰ "ਅੱਖੋਂ ਪਰੋਖੇ" ਕੀਤਾ ਸੀ। ਗੁਪਤ ਜਾਣਕਾਰੀ ਦਾ ਖੁਲਾਸਾ ਕਰਨ ਲਈ ਉਨ੍ਹਾਂ ਨੂੰ ਬਰਖ਼ਾਸਤ ਕੀਤਾ ਗਿਆ ਸੀ। ਓਸ਼ਨਗੇਟ ਵੱਲੋਂ ਮੁਕੱਦਮਾ ਚਲਾਇਆ ਗਿਆ ਸੀ ਅਤੇ ਉਨ੍ਹਾਂ ਨੇ ਵੀ ਗ਼ਲਤ ਬਰਖ਼ਾਸਤਗੀ ਲਈ ਜਵਾਬੀ ਕੇਸ ਦਰਜ ਕਰਵਾਇਆ ਸੀ। ਅਮਰੀਕੀ ਅਦਾਲਤ ਦੇ ਦਸਤਾਵੇਜ਼ਾਂ ਤੋਂ ਪਤਾ ਲੱਗਦਾ ਹੈ ਕਿ ਲੋਚਰਿਜ ਨੂੰ ਟਾਈਟਨ ਦੇ ਡਿਜ਼ਾਈਨ ਬਾਰੇ ਮਹੱਤਵਪੂਰਣ ਚਿੰਤਾਵਾਂ ਸਨ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਇਹ ਕਾਰਬਨ ਫਾਈਬਰ ਨਾਲ ਬਣਾਇਆ ਗਿਆ ਸੀ। ਜਿਸ ਨੂੰ ਲੈ ਕੇ ਉਨ੍ਹਾਂ ਨੇ ਚੇਤਾਵਨੀ ਦਿੱਤੀ ਸੀ ਕਿ ਗੋਤਾ ਲਗਾਉਣ 'ਤੇ ਇਸ ਨੂੰ ਹੋਰ ਵੀ ਨੁਕਸਾਨ ਪਹੁੰਚੇਗਾ।

ਉਨ੍ਹਾਂ ਨੇ ਅਮਰੀਕੀ ਕੋਸਟ ਗਾਰਡ ਦੇ ਜਾਂਚਕਰਤਾਵਾਂ ਨੂੰ ਦੱਸਿਆ ਕਿ ਓਸ਼ਨਗੇਟ ਦਾ "ਪੂਰਾ ਵਿਚਾਰ" "ਪੈਸਾ ਕਮਾਉਣਾ" ਸੀ। ਉਨ੍ਹਾਂ ਨੇ ਕਿਹਾ, "ਵਿਗਿਆਨ ਦੇ ਮਾਮਲੇ ਵਿੱਚ ਇਸ ਵਿੱਚ ਬਹੁਤ ਘੱਟ ਵਿਕਾਸ ਹੋਇਆ ਸੀ।"

ਯੂਐੱਸ ਕੋਸਟ ਗਾਰਡ ਨੇ ਨਵੀਂ ਫੁਟੇਜ ਜਾਰੀ ਕੀਤੀ ਹੈ ਜੋ ਸਮੁੰਦਰ ਦੇ ਤਲ ਦੇ ਹੇਠਾਂ ਟਾਈਟਨ ਪਣਡੁੱਬੀ ਦੇ ਮਲਬੇ ਨੂੰ ਦਰਸਾਉਂਦੀ ਹੈ।

ਡੂੰਘੇ ਸਮੁੰਦਰ ਵਿੱਚ ਚੱਲਣ ਵਾਲੇ ਇਸ ਪਣਡੁੱਬੀ ਦੇ ਕੰਢੇ 'ਤੇ 'ਓਸ਼ਨਗੇਟ' ਲੋਗੋ ਲੱਗਿਆ ਹੋਇਆ ਹੈ, ਜਦਕਿ ਇਸ ਦੇ ਚਾਰੇ ਪਾਸੇ ਮਲਬਾ ਖਿਲਰਿਆ ਹੋਇਆ ਹੈ।

ਜਹਾਜ਼ ਦੀ ਪੂੰਛ ਨੂੰ ਮਲਬੇ ਵਿਚਾਲੇ ਦੇਖਿਆ ਜਾ ਸਕਦਾ ਹੈ, ਇਸ ਦੇ ਨਾਲ ਹੀ ਪਣਡੁੱਬੀ ਦੇ ਤਾਰ, ਗੇਜ ਅਤੇ ਇਲੈਕਟ੍ਰੋਨਿਕਸ ਵੀ। ਇੱਕ ਰਿਮੋਟ ਸੰਚਾਲਿਤ ਵਾਹਨ ਨੇ ਇਹ ਫੁਟੇਜ ਹਾਸਿਲ ਕੀਤੀ ਹੈ।

ਪ੍ਰਮੁੱਖ ਪਣਡੁੱਬੀ ਨਿਰਮਾਤਾ ਟ੍ਰਾਈਟਨ ਦੇ ਸਹਿ-ਸੰਸਥਾਪਕ ਅਤੇ ਮੁੱਖ ਕਾਰਜਕਾਰੀ ਪੈਟਰਿਕ ਲਾਹੇ ਨੇ ਜਾਂਚ ਅਫਸਰਾਂ ਨੂੰ ਦੱਸਿਆ ਕਿ ਉਹ ਟਾਈਟਨ ਪਣਡੁੱਬੀ ਤੋਂ ਪ੍ਰਭਾਵਿਤ ਨਹੀਂ ਹੋਏ ਸਨ।

ਲਾਹੇ ਮੁਤਾਬਕ ਕੰਪਨੀ ਅਜਿਹੀ ਪਣਡੁੱਬੀ ਤਿਆਰ ਕਰਦੀ ਹੈ ਜੋ ਸਮੁੰਦਰ ਦੇ ਸਭ ਤੋਂ ਡੂੰਘੇ ਬਿੰਦੂਆਂ ਤੱਕ ਉਤਰਦੀਆਂ ਹਨ। ਹਾਲਾਂਕਿ, ਇਹ ਲਾਜ਼ਮੀ ਨਹੀਂ ਹੈ, ਪਰ ਉਨ੍ਹਾਂ ਨੇ ਆਜ਼ਾਦ ਸਮੁੰਦਰੀ ਸੰਗਠਨਾਂ ਵੱਲੋਂ ਕੀਤੇ ਗਏ ਵਿਆਪਕ ਸੁਰੱਖਿਆ ਮੁਲਾਂਕਣ ਦੇ ਰਾਹੀਂ ਪਣਡੁੱਬੀ ਜਹਾਜ਼ਾਂ ਨੂੰ ਪ੍ਰਮਾਣਿਤ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਲਾਹੇ ਨੇ ਪੈਨਲ ਨੂੰ ਦੱਸਿਆ ਕਿ ਅਜਿਹਾ ਕੋਈ ਕਾਰਨ ਨਹੀਂ ਸੀ ਕਿ ਟਾਇਟਨ ਪਣਡੁੱਬੀ ਨੂੰ ਪ੍ਰਮਾਣਿਤ ਨਾ ਕੀਤਾ ਜਾ ਸਕੇ।

ਉਨ੍ਹਾਂ ਨੇ ਟਾਈਟਨ ਪਣਡੁੱਬੀ ਦਾ ਦੌਰਾ ਕੀਤਾ ਜੋ ਬਾਅਦ ਵਿੱਚ ਬਹਾਮਾਸ ਵਿੱਚ ਛੁੱਟੀਆਂ ਦੌਰਾਨ ਹਾਦਸੇ ਦਾ ਸ਼ਿਕਾਰ ਹੋ ਗਈ ਅਤੇ ਕਿਹਾ ਕਿ ਉਨ੍ਹਾਂ ਨੇ ਜੋ ਦੇਖਿਆ ਉਸ ਤੋਂ ਉਹ "ਖ਼ਾਸ ਤੌਰ 'ਤੇ ਪ੍ਰਭਾਵਿਤ ਨਹੀਂ ਹੋਏ।"

ਉਨ੍ਹਾਂ ਨੇ ਕਿਹਾ, "ਮੈਨੂੰ ਅਜਿਹਾ ਲੱਗਾ ਕਿ ਬਹੁਤ ਸਾਰੀਆਂ ਚੀਜ਼ਾਂ ਪ੍ਰਾਈਮਟਾਈਮ ਲਈ ਬਿਲਕੁਲ ਤਿਆਰ ਨਹੀਂ ਸੀ।"

ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੇ ਓਸ਼ਗੇਟ ਦੇ ਸਾਹਮਣੇ ਆਪਣੀਆਂ ਚਿੰਤਾਵਾਂ ਜ਼ਾਹਿਰ ਕੀਤੀਆਂ। ਲਾਹੇ ਨੇ ਕਿਹਾ ਕਿ ਜਹਾਜ਼ "ਖ਼ਾਸ ਤੌਰ 'ਤੇ ਚੰਗੀ ਤਰ੍ਹਾਂ ਸੋਚ ਕੇ" ਬਣਾਇਆ ਹੋਇਆ ਨਹੀਂ ਲੱਗ ਰਿਹਾ ਸੀ। ਉਨ੍ਹਾਂ ਨੇ ਕਿਹਾ, "ਇਹ ਆਪਣੇ-ਆਪ ਵਿੱਚ ਸ਼ੌਕੀਆਂ ਤੌਰ 'ਤੇ ਤਿਆਰ ਕੀਤਾ ਹੋਇਆ ਜਾਪ ਰਿਹਾ ਸੀ।"

# ਦਿਲ ਦਾ ਦੌਰਾ ਪੈਣ ਕਾਰਨ ਪੰਜਾਬੀ ਨੌਜਵਾਨ ਦੀ ਹੋਈ ਮੌਤ

ਵਿੰਨੀਪੈਗ : ਆਏ ਦਿਨ ਨੌਜਵਾਨ ਵਿਦੇਸ਼ਾਂ ਦਾ ਰੁਖ ਕਰ ਰਹੇ ਹਨ। ਜਾਂਦੇ ਤਾਂ ਉਹ ਆਪਣਾ ਭੱਵਿਖ ਸਵਾਰਨ ਨੂੰ, ਪਰ ਉਥੇ ਪਹੁੰਚਕੇ ਇਸਤਰ੍ਹਾਂ ਜਾਪਦਾ ਹੈ ਕੇ ਮੌਤ ਉਨ੍ਹਾਂ ਦਾ ਇੰਤਜ਼ਾਰ ਕਰ ਰਹੀ ਹੋਵੇ। ਮਾਂਪੇ ਆਪਣੇ ਜਵਾਕਾਂ ਨੂੰ ਭੇਜਦੇ ਤਾਂ ਖੁਸ਼ੀ ਨਾਲ ਹਨ ਪਰ ਜਦੋਂ ਉਨ੍ਹਾਂ ਦੀ ਮੌਤ ਦੀ ਖ਼ਬਰ ਸੁਣਦੇ ਨੇ ਤਾਂ ਦਿਲ ਦਹਿਲ ਜਾਦਾਂ ਹੈ।

ਕੁਝ ਮਹੀਨੇ ਪਹਿਲਾਂ ਹੀ ਕੈਨੇਡਾ ਪਹੁੰਚੇ ਦੋ ਪੰਜਾਬੀ ਨੌਜਵਾਨਾਂ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਅੰਮ੍ਰਿਤਸਰ ਜ਼ਿਲ੍ਹੇ ਨਾਲ ਸਬੰਧਿਤ ਗੁਰਜਿੰਦਰ ਸਿੰਘ ਸੰਧੂ ਨੇ ਮਾਰਚ ਮਹੀਨੇ ਜਦੋਂਕਿ ਪਟਿਆਲਾ ਜ਼ਿਲ੍ਹੇ ਦੇ ਭਾਦਸੋਂ ਕਸਬੇ ਦਾ ਗੁਰਵਿੰਦਰ ਸਿੰਘ ਨੇ ਜਨਵਰੀ ਵਿਚ ਆਪਣੇ ਸੁਪਨਿਆਂ ਦੇ ਮੁਲਕ ਵਿਚ ਕਦਮ ਰੱਖਿਆ।

ਗੁਰਜਿੰਦਰ ਸਿੰਘ ਸੰਧੂ ਯੂ.ਪੀ.ਐਸ. ਡਿਲੀਵਰੀ ਦਾ ਕੰਮ ਕਰਦਾ ਸੀ । 21 ਸਤੰਬਰ ਨੂੰ ਉਸਨੂੰ ਅਚਾਨਕ ਸਾਹ ਲੈਣ ਵਿਚ ਤਕਲੀਫ ਹੋਈ। ਗੁਰਜਿੰਦਰ ਦੇ ਰਿਸ਼ਤੇਦਾਰਾਂ ਨੇ ਪੈਰਾਮੈਡਿਕਸ ਨੂੰ ਸੱਦਿਆ ਅਤੇ ਉਸ ਨੂੰ ਬਚਾਉਣ ਦਾ ਹਰ ਸੰਭਵ ਉਪਰਾਲਾ ਕੀਤਾ ਗਿਆ ਪਰ ਬਚਾਇਆ ਨਾ ਜਾ ਸਕਿਆ।ਵਿੰਨੀਪੈਗ ਦੀ ਮਨਕੀਰਤ ਕੌਰ ਵੱਲੋਂ ਗੋਫੰਡਮੀ ਪੇਜ ਸਥਾਪਿਤ ਕਰਦਿਆਂ ਗੁਰਜਿੰਦਰ ਸਿੰਘ ਸੰਧੂ ਦੇ ਪਰਵਾਰ ਦੀ ਆਰਥਿਕ ਮਦਦ ਦੀ ਅਪੀਲ ਕੀਤੀ ਗਈ ਹੈ। ਗੁਰਜਿੰਦਰ ਸਿੰਘ ਆਪਣੇ ਪਿੱਛੇ ਗਰਭਵਤੀ ਪਤਨੀ ਅਤੇ ਦੋ ਧੀਆਂ ਛੱਡ ਗਿਆ ਹੈ।



ਇਥੇ ਦਸਣਾ ਬਣਦਾ ਹੈ ਕਿ ਬੀਤੇ ਦਿਨੀਂ ਨਾਭਾ ਨੇੜਲੇ ਪਿੰਡ ਪਾਲੀਆ ਦੀ ਨਵਦੀਪ ਕੌਰ ਬ੍ਰੇਨ ਹੈਮਰੇਜ ਕਾਰਨ ਉਸਦੀ ਮੌਤ ਹੋ ਗਈ। 22 ਸਾਲ ਦੀ ਨਵਦੀਪ ਕੌਰ ਨੂੰ ਅਚਾਨਕ ਬਿਮਾਰ ਹੋਣ ਕਾਰਨ ਬਰੈਂਪਟਨ ਦੇ ਹਸਪਤਾਲ ਦਾਖਲ ਕਰਵਾਇਆ ਗਿਆ। ਨਵਦੀਪ ਕੌਰ 7 ਸਤੰਬਰ ਨੂੰ ਆਪਣੇ ਪਰਵਾਰ ਨਾਲ ਫੋਨ 'ਤੇ ਗੱਲ ਕਰਦਿਆਂ ਅਚਾਨਕ ਬੇਹੋਸ਼ ਹੋ ਕੇ ਡਿੱਗ ਗਈ ਅਤੇ ਇਸ ਮਗਰੋਂ ਕਦੇ ਹੋਸ਼ ਵਿਚ ਨਾ ਆ ਸਕੀ।

# ਸਰਕਾਰ ਵਲੋਂ ਘਰਾਂ ਦੀ ਮੌਰਗੇਜ ਲੈਣ ਲਈ ਬੈਂਕਾਂ ਵਲੋਂ ਕੀਤੀ ਜਾਂਦੀ ਦੁਬਾਰਾ ਜਾਂਚ ਤੋਂ ਰਾਹਤ


ਸਰੀ, (ਏਕਜੋਤ ਸਿੰਘ): ਕੈਨੇਡਾ ਵਿੱਚ ਬਿਨਾਂ ਬੀਮੇ ਤੋਂ ਘਰ ਮੌਰਗੇਜ ਲੈਣ ਵਾਲਿਆਂ ਲਈ ਇੱਕ ਵੱਡੀ ਖੁਸ਼ਖਬਰੀ ਆਈ ਹੈ, ਜਦੋਂ ਮੌਰਗੇਜ ਰੀਨਿਊਅਲ ਲਈ ਬਦਲਾਅ ਕੀਤੇ ਨਵੇਂ ਨਿਯਮਾਂ ਦਾ ਐਲਾਨ ਕੀਤਾ ਗਿਆ ਹੈ। ਇਹ ਨਵੇਂ ਨਿਯਮ 21 ਨਵੰਬਰ ਤੋਂ ਲਾਗੂ ਹੋਣਗੇ, ਜਿਸ ਤੋਂ ਬਾਅਦ ਬਿਨਾਂ ਸਟ੍ਰੈਸ ਟੈਸਟ ਦੇ ਹੀ ਮੌਰਗੇਜ ਰੀਨਿਊਅਲ ਹੋ ਸਕੇਗਾ। ਇਹ ਬਦਲਾਅ ਘੱਟ ਵਿਆਜ ਦਰਾਂ ਜਾਂ ਬਿਹਤਰ ਮੌਰਗੇਜ ਸੇਵਾਵਾਂ ਦੀ ਭਾਲ ਕਰ ਰਹੇ ਲੋਕਾਂ ਲਈ ਵੱਡੀ ਰਾਹਤ ਲੈ ਕੇ ਆਇਆ ਹੈ, ਜੋ ਪਹਿਲਾਂ ਮੌਰਗੇਜ ਲੈਣ ਲਈ ਘਰ ਦੇ ਜੀਆਂ ਦੀ ਕਮਾਈ ਵਿਆਜ਼ ਦਰਾਂ ਦੇ ਅਨੁਸਾਰ ਦੁਬਾਰਾ ਦਿਖਾਉਣ ਲਈ ਮਜਬੂਰ ਸਨ ਕਿ ਨਹੀਂ ਤਾਂ ਉਹ ਆਪਣਾ ਪਹਿਲਾ ਬੈਂਕ ਹੀ ਵਰਤਣ ਅਤੇ ਪਹਿਲਾਂ ਬੈਂਕਾਂ ਵਲੋਂ ਇਸ ਨੀਤੀ ਰਾਹੀਂ ਲੋਕਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਸੀ। ਸਟ੍ਰੈਸ ਟੈਸਟ, ਜਿਸ ਦੇ ਥੱਲੇ ਬਿਨਾਂ ਬੀਮੇ ਵਾਲੇ ਮੌਰਗੇਜ ਲੈਣ ਵਾਲੇ ਘਰ ਮਾਲਕਾਂ ਨੂੰ ਆਪਣੇ ਕਰਜ਼ੇ ਦੀ ਦੁਬਾਰਾ ਗਿਣਤੀ ਕਰਨ ਦੀ ਲੋੜ ਹੁੰਦੀ ਸੀ, ਹੁਣ ਰੀਨਿਊਅਲ ਸਮੇਂ ਹਟਾ ਦਿੱਤਾ ਗਿਆ ਹੈ। 2023 ਵਿੱਚ, ਇਹ ਸਹੂਲਤ ਪਹਿਲਾਂ ਹੀ ਬੀਮੇ ਵਾਲੇ ਮੌਰਗੇਜ ਲੈਣ ਵਾਲਿਆਂ ਨੂੰ ਮਿਲ ਗਈ ਸੀ, ਜਿਸ ਕਰਕੇ ਬਿਨਾਂ ਬੀਮੇ ਵਾਲੇ ਮੌਰਗੇਜ ਲੈਣ ਵਾਲੇ ਘਰ ਮਾਲਕਾਂ ਨੇ ਇਸ 'ਤੇ ਨਾਰਾਜ਼ਗੀ ਪ੍ਰਗਟ ਕੀਤੀ ਸੀ ਅਤੇ ਹੁਣ ਉਹਨਾਂ ਦੀਆਂ ਮੰਗਾਂ ਨੂੰ ਮੰਨਿਆ ਗਿਆ ਹੈ।

ਇਹ ਨਵੇਂ ਨਿਯਮ, ਜੋ ਆਫਿਸ ਆਫ ਸੁਪਰਿੰਟੈਂਡੈਂਟ ਆਫ ਫਾਈਨੈਂਸ਼ੀਅਲ ਇੰਸਟੀਚੂਸ਼ਨਜ (ਸ਼ਦੀ) ਵੱਲੋਂ ਜਾਰੀ ਕੀਤੇ ਗਏ ਹਨ, ਕਰਜ਼ੇ ਦੀ ਮੌਜੂਦਾ ਰਕਮ 'ਤੇ ਹੀ ਲਾਗੂ ਹੋਣਗੇ। ਇਹਨਾਂ ਨਿਯਮਾਂ ਦਾ ਮਤਲਬ ਇਹ ਹੈ ਕਿ ਮੌਜੂਦਾ ਘਰ ਮਾਲਕ ਜੋ ਕਿ ਆਪਣਾ ਮੌਰਗੇਜ ਨਵਾਉਣਾ ਚਾਹੁੰਦੇ ਹਨ, ਉਹ ਇਸ ਮੌਕੇ ਦਾ ਲਾਭ ਲੈ ਸਕਣਗੇ। ਮੌਰਗੇਜ ਮੁਹਿੰਮਾਂ ਵਿਚ ਸ਼ਾਮਿਲ ਵਿੱਤੀ ਵਿਦਵਾਨ ਰੌਨ ਬਟਲਰ ਨੇ ਇਸ ਬਦਲਾਅ ਦੀ ਸਿਰਾਹਣਾ ਕਰਦਿਆਂ ਕਿਹਾ ਕਿ ਇਸ ਨਾਲ ਮੌਰਗੇਜ ਲੈਣ ਵਾਲਿਆਂ ਨਾਲ ਇਨਸਾਫ਼ ਹੋਇਆ ਹੈ। ਬਟਲਰ ਦੇ ਮੁਤਾਬਕ, "ਮੌਰਗੇਜ ਨਵਿਆਉਣ ਵੇਲੇ ਸਟ੍ਰੈਸ ਟੈਸਟ ਦੀ ਕੋਈ ਲੋੜ ਨਹੀਂ ਹੈ ਅਤੇ ਇਹ ਫਾਲਤੂ ਬੋਝ ਸਿਰਫ ਘਰ ਮਾਲਕਾਂ ਲਈ ਇਕ ਵੱਡੀ ਰੁਕਾਵਟ ਬਣਿਆ ਹੋਇਆ ਸੀ।"

ਅਨਇੰਸ਼ੋਰਡ ਮੌਰਗੇਜ, ਜਿਸ ਵਿੱਚ ਵਿਆਜ ਦਰ ਜਾਂ ਕੌਂਟਰੈਕਟ



ਰੇਟ ਦੇ ਨਾਲ 2% ਵਿਆਜ ਦਰ ਯਾ 5.25% ਜੋ ਵੀ ਵੱਧ ਹੋਵੇ, ਦੇ ਤਹਿਤ ਹੁੰਦਾ ਹੈ, ਹੁਣ ਇਸ ਨਵੇਂ ਨਿਯਮ ਦੀ ਤਹਿਤ ਹੋਵੇਗਾ। ਮਾਰਚ 2023 ਵਿੱਚ, ਕੈਨੇਡਾ ਦੇ ਕੰਪੀਟਿਸ਼ਨ ਬਿਊਰੋ ਨੇ ਵੀ ਇਹ ਸਿਫਾਰਸ਼ ਕੀਤੀ ਸੀ ਕਿ ਬਿਨਾਂ ਬੀਮੇ ਵਾਲੇ ਮੌਰਗੇਜ ਰੀਨਿਊਅਲ ਦੇ ਸਮੇਂ ਸਟ੍ਰੈਸ ਟੈਸਟ ਤੋਂ ਛੋਟ ਦਿੱਤੀ ਜਾਏ। ਇਸ ਨਵੇਂ ਫ਼ੈਸਲੇ ਨਾਲ, ਵਿੱਤੀ ਸੰਸਥਾਵਾਂ ਅਤੇ ਮੌਰਗੇਜ ਲੈਣ ਵਾਲਿਆਂ ਦੇ ਵੱਡੇ ਹਿੱਸੇ ਲਈ ਆਸਾਨੀ ਹੋਵੇਗੀ। ਇਹ ਬਦਲਾਅ ਕੈਨੇਡੀਅਨ ਵਿੱਤੀ ਪ੍ਰਣਾਲੀ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦੇ ਹਨ ਅਤੇ ਇਸ ਨਾਲ ਮੌਰਗੇਜ ਲੈਣ ਵਾਲੇ ਲੋਕ ਆਪਣੇ ਪਹਿਲੇ ਬੈਂਕ ਦੇ ਇਲਾਵਾ ਹੋਰ ਵਿੱਤੀ ਸੰਸਥਾਵਾਂ ਦਾ ਵਿਕਲਪ ਵੀ ਚੁਣ ਸਕਦੇ ਹਨ। ਨਵੇਂ ਨਿਯਮਾਂ ਦਾ ਐਲਾਨ ਹੋਣ ਨਾਲ, ਮੌਰਗੇਜ ਲੈਣ ਵਾਲੇ ਲੋਕਾਂ ਲਈ ਘੱਟ ਵਿਆਜ ਦਰਾਂ ਤੇ ਸੇਵਾਵਾਂ ਲੱਭਣ ਦਾ ਰਾਹ ਖੁੱਲ੍ਹਿਆ ਹੈ। OSFI ਦੇ ਮੈਨੇਜਰ ਕੁਇਨ ਵਾਟਸਨ ਨੇ ਦੱਸਿਆ ਕਿ ਇਹ ਨਵੇਂ ਨਿਯਮ ਘਰ ਮਾਲਕਾਂ ਦੀ ਮੌਜੂਦਾ ਮੌਰਗੇਜ ਰਕਮ ਤੇ ਹੀ ਲਾਗੂ ਹੋਣਗੇ। This report was written by Ekjot Singh as part of the Local Journalism Initiative.


A TO Z DRIVING SCHOOL

So Easy ਲਰਨਿੰਗ ਲਾਇਸੈਂਸ

ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੌਲਿਜ਼ ਟੈਸਟ

ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ

ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ

ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਲੈਣ ਲਈ ਅੱਜ ਹੀ ਸੰਪਰਕ ਕਰੋ

ਪੰਜਾਬੀ ਵਿੱਚ ਵੀ ਪੜ੍ਹਾਇਆ ਜਾਂਦਾ ਹੈ।

ਟਰੱਕ ਦਾ ਲਾਇਸੈਂਸ ਲੈਣ ਲਈ ਮਿਲੋ

ਵਾਜਬ ਰੇਟ ਅਤੇ ਵਧੀਆ ਸਰਵਿਸ

ਲਰਨਿੰਗ ਲਾਇਸੈਂਸ ਲੈਣ ਲਈ ਵੀ ਸੰਪਰਕ ਕਰੋ

LUCKY SEKHON, 604-614-5365

#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ਼ ਬੈਂਕਿਊਟ ਹਾਲ ਦੇ ਹੇਠਾਂ

# ਦਿਲਜੀਤ ਦੋਸਾਂਝ ਦੀ 'ਪੰਜਾਬ 95' ਫਿਲਮ 'ਚ ਭਾਰਤ ਦੇ ਸੈਂਸਰ ਬੋਰਡ ਵੱਲੋਂ ਲਗਾਏ ਜਾ ਰਹੇ ਕੱਟਾਂ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਖ਼ਤ ਇਤਰਾਜ਼

ਅੰਮ੍ਰਿਤਸਰ: ਦਿਲਜੀਤ ਦੋਸਾਂਝ ਦੀ ਬਹੁ-ਚਰਚਿਤ ਫਿਲਮ 'ਪੰਜਾਬ 95' ਮੁੜ ਮੁਸ਼ਿਕਲਾਂ 'ਚ ਘਿਰੀ ਨਜ਼ਰ ਆ ਰਹੀ ਹੈ ਅਤੇ ਸੈਂਸਰ ਬੋਰਡ ਵੱਲੋਂ 120 ਕੱਟ ਲਗਾਏ ਜਾਣ ਦੀ ਹਿਦਾਇਤ ਕੀਤੀ ਗਈ ਹੈ। ਮਨੁੱਖੀ ਅਧਿਕਾਰ ਕਾਰਕੁਨ ਅਤੇ ਮਹਾਨ ਸਿੱਖ ਸ਼ਖਸੀਅਤ ਵਜੋ ਜਾਣੇ ਜਾਂਦੇ ਮਰਹੂਮ ਜਸਵੰਤ ਸਿੰਘ ਖਾਲੜਾ ਦੇ ਜੀਵਨ, ਸੰਘਰਸ਼ ਅਤੇ ਅਣਮਨੁੱਖੀ ਮੌਤ ਦੀ ਦਾਸਤਾਂ ਬਿਆਨ ਕਰਦੀ ਉਕਤ ਫ਼ਿਲਮ ਦੇ ਮੁੱਖ ਕਿਰਦਾਰ ਦਾ ਨਾਂਅ ਬਦਲਣ ਦੀ ਵੀ ਮੰਗ ਸੈਂਸਰ ਬੋਰਡ ਦੁਆਰਾ ਕੀਤੀ ਜਾ ਚੁੱਕੀ ਹੈ, ਜਿਸ ਨੂੰ ਲੈ ਕੇ ਨਿਰਮਾਤਾਵਾਂ ਨੇ ਆਪਣੀ ਨਾਰਾਜ਼ਗੀ ਵੀ ਜ਼ਾਹਿਰ ਕੀਤੀ ਸੀ।

ਮਰਹੂਮ ਜਸਵੰਤ ਸਿੰਘ ਖਾਲੜਾ ਦੇ ਜੀਵਨ ਉੱਤੇ ਅਧਾਰਿਤ ਇਸ ਫਿਲਮ ਦੇ ਸੀਨਾਂ ਉੱਤੇ ਸੈਂਸਰ ਬੋਰਡ ਦੀ ਚੱਲ ਰਹੀ ਕੈਂਚੀ ਨੂੰ ਲੈਕੇ ਐੱਸਜੀਪੀਸੀ ਮੈਂਬਰ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਹੈ ਕਿ ਭਾਜਪਾ ਸਰਕਾਰ ਕਾਂਗਰਸ ਵੱਲੋਂ ਕੀਤੇ ਜਾ ਰਹੇ ਤਸ਼ੱਦਦ ਉੱਤੇ ਪਰਦਾ ਪਾਉਣ ਦੀ ਸ਼ਰੇਆਮ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਆਖਿਆ ਕਿ ਕਾਂਗਰਸ ਨੇ 1984 ਵਿੱਚ ਸਿੱਖ ਕੌਮ ਉੱਤੇ ਹਰ ਤਰ੍ਹਾਂ ਦਾ ਤਸ਼ੱਦਦ ਕੀਤਾ ਅਤੇ ਇਸ ਜ਼ੁਲਮ ਦੇ ਵਿਰੋਧ ਵਿੱਚ ਅਵਾਜ਼ ਚੁੱਕਣ ਵਾਲੇ ਮਰਹੂਮ ਜਸਵੰਤ ਸਿੰਘ ਖਾਲੜਾ ਦੇ ਨਾਮ ਨੂੰ ਹੀ ਫਿਲਮ ਵਿੱਚ ਬਦਲਣ ਦੀ ਗੱਲਾਂ ਹੋ ਰਹੀਆਂ ਹਨ ਜੋ ਕਿ ਸ਼ਰੇਆਮ ਭਾਜਪਾ ਦੇ ਦੋਗਲੇ ਚਿਹਰੇ ਨੂੰ ਬੇਨਕਾਬ ਕਰਨ ਲਈ ਕਾਫੀ ਹੈ।








**ਭਾਜਪਾ ਵਿੱਚ ਸ਼ਾਮਿਲ ਸਿੱਖਾਂ ਚਿਹਰਿਆਂ ਉੱਤੇ ਵਾਰ**

'ਪੰਜਾਬ 95' ਉੱਤੇ ਸੈਂਸਰ ਬੋਰਡ ਵੱਲੋਂ 120 ਕੱਟ ਲਗਾਏ ਜਾਣ ਦੀ ਹਿਦਾਇਤ ਨੂੰ ਲੈਕੇ ਐੱਸਜੀਪੀਸੀ ਮੈਂਬਰ ਗੁਰਚਰਨ ਸਿੰਘ ਗਰੇਵਾਲ ਨੇ ਅੱਗੇ ਕਿਹਾ ਕਿ ਭਾਜਪਾ ਦੇ ਚਹੇਤੇ ਸਿੱਖ ਆਗੂ ਸ਼ਰੇਆਮ ਸਿੱਖ ਕੌਮ ਨਾਲ ਕੀਤੇ ਜਾ ਰਹੇ ਧੱਕੇ ਦੇ ਬਾਵਜੂਦ ਕੁੱਝ ਵੀ ਨਹੀ ਬੋਲ ਰਹੇ। ਉਨ੍ਹਾਂ ਆਖਿਆ ਕਿ ਸਿੱਖ ਚਿਹਰੇ ਜੋ ਭਾਜਪਾ ਵਿੱਚ ਸ਼ਾਮਿਲ ਨੇ ਉਹ ਹਮੇਸ਼ਾ ਕੌਮ ਦੀ ਅਗਵਾਈ ਕਰਨ ਦੀ ਗੱਲ ਕਰਦੇ ਨੇ ਪਰ ਅੱਜ ਭਾਜਪਾ ਵੱਲੋਂ ਕੀਤੇ ਜਾ ਰਹੇ ਧੱਕੇ ਦੇ ਵਿਰੋਧ ਲਈ ਇੱਕ ਸ਼ਬਦ ਵੀ ਨਹੀਂ ਬੋਲ ਰਹੇ। ਜੇਕਰ ਇਨ੍ਹਾਂ ਨੂੰ ਸਿੱਖ ਕੌਮ ਨਾਲ ਕੋਈ ਹਮਦਰਦੀ ਹੈ, ਤਾਂ ਹੁਣ ਅੱਗੇ ਆਉਣ ਦੀ ਲੋੜ ਹੈ।

# ਨੈਸ਼ਨਲ ਐਵਾਰਡੀ ਸਵ: ਸ੍ਰੀ ਹਜ਼ਾਰੀ ਲਾਲ ਬਾਂਸਲ ਦੇ 90ਵੇਂ ਜਨਮ ਦਿਨ ਨੂੰ ਸਮਰਪਿਤ ਖੂਨਦਾਨ ਕੈਂਪ ਲਗਾਇਆ

ਰਾਮਪੁਰਾ (ਸੁਖਮੰਦਰ ਸਿੰਘ ਬਰਾੜ) ਸਹਾਰਾ ਜਨ ਸੇਵਾ ਕਲੱਬ ਸੰਧੂ ਖੁਰਦ ਵੱਲੋ ਹਰ ਸਾਲ ਦੀ ਤਰਾਂ ਖੂਨਦਾਨ ਲਹਿਰ ਦੇ ਬਾਨੀ, ਨੈਸ਼ਨਲ ਐਵਾਰਡੀ ਸਵ: ਸ੍ਰੀ ਹਜ਼ਾਰੀ ਲਾਲ ਬਾਂਸਲ ਦੇ 90ਵੇਂ ਜਨਮ ਦਿਨ ਨੂੰ ਸਮਰਪਿਤ ਬਲੱਡ ਡੋਨਰਜ ਕੌਂਸ.ਲ ਦੇ ਸਹਿਯੋਗ ਨਾਲ ਵਿਸ਼ਾਲ ਖੂਨਦਾਨ ਕੈਂਪ ਲਗਾਇਆ ਗਿਆ।

ਇਸ ਕੈਂਪ ਦਾ ਉਦਘਾਟਨ ਥਾਣਾ ਟੱਲੇਵਾਲ ਦੇ ਮੁੱਖ ਅਫਸਰ ਨਿਰਮਲਜੀਤ ਸਿੰਘ ਵੱਲੋਂ ਕੀਤਾ ਗਿਆ ਜਦੋਂ ਕਿ ਯਾਦਵਿੰਦਰ ਸਿੰਘ ਮੁੱਖ ਅਫਸਰ ਥਾਣਾ ਭਦੌੜ ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਬਿਰਾਜਮਾਨ ਸਨ।

ਸ੍ਰੀ ਹਜ਼ਾਰੀ ਬਾਂਸਲ ਦੇ ਸਪੁੱਤਰ ਸੁਨੀਲ ਬਾਂਸਲ ਨੇ ਕੇਕ ਕੱਟ ਕੇ ਜਨਮ ਦਿਨ ਦੀ ਵਧਾਈ ਦਿੱਤੀ। ਮੁੱਖ ਮਹਿਮਾਨ ਅਭੇ ਕੁਮਾਰ ਗਰਗ ਭਦੌੜ ਨੇ ਲੋਕਾਂ ਨੂੰ ਖੂਨਦਾਨ ਕਰਨ ਦੀ ਅਪੀਲ ਕੀਤੀ ਤੇ ਖੂਨਦਾਨੀਆਂ ਨੂੰ ਮਨੱਖਤਾ ਦੀ ਸੇਵਾ ਸਮਰਪਿਤ ਇਸ ਕਾਰਜ ਲਈ ਵਧਾਈ ਵੀ ਦਿੱਤੀ। ਸਹਿਕਾਰਤਾ ਮਹਿਮਾਨ ਪਵਨ ਮਹਿਤਾ ਸਟੇਟ ਅਵਾਰਡੀ ਜੋ ਹੁਣ ਤੱਕ 132 ਵਾਰ ਖੁਨਦਾਨ ਕਰ ਚੁੱਕੇ ਹਨ, ਨੇ ਵੀ ਲੋਕਾਂ ਨੂੰ ਖੂਨਦਾਨ ਕਰਨ ਨਾਲ ਸਰੀਰਕ ਤੰਦਰੁਸਤੀ ਬਾਰੇ ਦੱਸਿਆ। ਇਸ ਕੈਂਪ ਵਿਚ ਗੋਇਲ ਬਲੱਡ ਬੈਂਕ ਬਠਿੰਡਾ ਦੀ ਟੀਮ ਵੱਲੋਂ ਇੰਚਾਰਜ ਹਰਿੰਦਰ ਸਿੰਘ ਦੀ ਅਗਵਾਈ ਵਿਚ 28 ਬਲੱਡ ਯੁਨਿਟ ਇਕੱਤਰ ਕੀਤੇ ਗਏ।



ਸਹਾਰਾ ਜਨ ਸੇਵਾ ਕਲੱਬ ਵੱਲੋਂ ਖੂਨਦਾਨੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਬੀਡੀਸੀ ਪ੍ਰਧਾਨ ਧਰਮ ਸਿੰਘ ਭੁੱਲਰ ਨੇ ਇਸ ਸੁੱਭ ਕਾਰਜ ਲਈ ਮੁਬਾਰਕਬਾਦ ਦਿੱਤੀ। ਗੋਰਾ ਸੰਧੂ ਖੁਰਦ ਵਲੋਂ ਆਏ ਮਹਿਮਾਨਾਂ ਅਤੇ ਖੂਨਦਾਨੀਆਂ ਦਾ ਧੰਨਵਾਦ ਕੀਤਾ ਗਿਆ।

ਇਸ ਕੈਂਪ ਵਿਚ ਜਸਵਿੰਦਰ ਸਿੰਘ, ਭਗਵਾਨ ਸਿੰਘ, ਹਰਦੀਪ ਸਿੰਘ, ਮਨਮਿੰਦਰ ਸਿੰਘ ਪ੍ਰਧਾਨ, ਗਗਨਦੀਪ ਸੂਚ, ਡਾ. ਮਲਕੀਤ ਸਿੰਘ, ਮਨਦੀਪ ਮਣਕੂ, ਜੱਗਾ ਖਾਨ, ਲਾਭ ਸਿੰਘ, ਮੱਖਣ ਸਿੰਘ ਬੁੱਟਰ, ਜਗਰੂਪ ਭੁਲੱਰ, ਹਰਦੀਪ ਰਾਈਆ, ਲਛਮਣ ਦਾਸ, ਪ੍ਰੀਤਮ ਆਰਟਿਸਟ ਤੇ ਸਯਾਦ ਅਲੀ ਹਾਜ਼ਰ ਸਨ।

# ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਬਦਲਣ ਦੀ ਪਟੀਸ਼ਨ 'ਤੇ ਮੁੜ ਵਿਚਾਰ ਕਰੇਗਾ ਸੁਪਰੀਮ ਕੋਰਟ

ਨਵੀਂ ਦਿੱਲੀ : ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਨਾਮਜਦ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਤੋਂ ਇਨਕਾਰ ਕਰਨ ਤੋਂ 16 ਮਹੀਨਿਆਂ ਤੋਂ ਵੱਧ ਸਮੇਂ ਬਾਅਦ, ਸੁਪਰੀਮ ਕੋਰਟ ਨੇ ਇਸ ਮੁੱਦੇ ਦੀ ਮੁੜ ਤੋਂ ਜਾਂਚ ਕਰਨ ਲਈ ਸਹਿਮਤੀ ਦਿੱਤੀ ਹੈ।

ਜਸਟਿਸ ਬੀ.ਆਰ.ਗਵਈ ਦੀ ਅਗਵਾਈ ਵਾਲੇ ਬੈਂਚ ਨੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਘਟਾਉਣ ਦੀ ਤਾਜ਼ਾ ਪਟੀਸ਼ਨ 'ਤੇ ਜਵਾਬ ਦੇਣ ਲਈ ਕਿਹਾ ਹੈ ਕਿਉਂਕਿ ਕੇਂਦਰ ਉਸ ਦੀ 25 ਮਾਰਚ 2012 ਦੀ ਰਹਿਮ ਦੀ ਪਟੀਸ਼ਨ 'ਤੇ ਅੱਜ ਤੱਕ ਫੈਸਲਾ ਲੈਣ ਵਿੱਚ ਅਸਫਲ ਰਿਹਾ ਹੈ।

1995 ਵਿੱਚ ਬੇਅੰਤ ਸਿੰਘ ਕਤਲ ਮਾਮਲੇ ਵਿਚ ਨਾਮਜਦ ਭਾਈ ਰਾਜੋਆਣਾ ਫਾਂਸੀ ਦੀ ਉਡੀਕ ਵਿੱਚ 28 ਸਾਲਾਂ ਤੋਂ ਜੇਲ੍ਹ ਵਿੱਚ ਬੰਦ ਹਨ । 31 ਅਗਸਤ, 1995 ਨੂੰ ਚੰਡੀਗੜ੍ਹ ਵਿੱਚ ਸਿਵਲ ਸਕੱਤਰੇਤ ਦੇ ਬਾਹਰ ਇੱਕ ਧਮਾਕੇ ਵਿੱਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ 16 ਹੋਰਾਂ ਦੀ ਮੌਤ ਹੋ ਗਈ ਸੀ। ਭਾਈ ਰਾਜੋਆਣਾ ਨੂੰ ਇੱਕ ਵਿਸ਼ੇਸ਼ ਅਦਾਲਤ ਨੇ 2007 ਵਿੱਚ ਮੌਤ ਦੀ ਸਜ਼ਾ ਸੁਣਾਈ ਸੀ। ਉਸ ਦੀ ਰਹਿਮ ਦੀ ਅਪੀਲ 12 ਸਾਲਾਂ ਤੋਂ ਵੱਧ ਸਮੇਂ ਤੋਂ ਲਟਕ ਰਹੀ ਹੈ।

3 ਮਈ, 2023 ਨੂੰ, ਸਿਖਰਲੀ ਅਦਾਲਤ ਨੇ ਉਸਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਕੇਂਦਰ ਨੂੰ ਉਸਦੀ ਰਹਿਮ ਦੀ ਅਪੀਲ 'ਤੇ "ਜਿਵੇਂ ਅਤੇ ਜਦੋਂ ਇਹ ਜ਼ਰੂਰੀ ਸਮਝਿਆ ਜਾਂਦਾ ਹੈ" ਫੈਸਲਾ ਲੈਣ ਲਈ ਕਿਹਾ ਸੀ।

ਪਟੀਸ਼ਨਕਰਤਾ ਦੀ ਰਹਿਮ ਦੀ ਪਟੀਸ਼ਨ 'ਤੇ ਫੈਸਲੇ ਨੂੰ ਟਾਲਣ ਲਈ ਗ੍ਰਹਿ ਮੰਤਰਾਲੇ ਦਾ ਸਟੈਂਡ ਵੀ ਇਸ ਦੇ ਅਧੀਨ ਦਿੱਤੇ ਗਏ ਕਾਰਨਾਂ ਲਈ ਇੱਕ ਫੈਸਲਾ ਹੈ। ਇਹ ਅਸਲ ਵਿੱਚ ਮੌਜੂਦਾ ਲਈ ਇਸ ਨੂੰ ਮਨਜ਼ੂਰੀ ਦੇਣ ਤੋਂ ਇਨਕਾਰ ਕਰਨ ਦੇ ਫੈਸਲੇ ਦੇ ਬਰਾਬਰ ਹੈ, ”ਜਸਟਿਸ ਬੀਆਰ ਗਵਈ ਦੀ ਅਗਵਾਈ ਵਾਲੇ ਤਿੰਨ ਜੱਜਾਂ ਦੇ ਬੈਂਚ ਨੇ ਕਿਹਾ ਸੀ।



ਆਪਣੀ ਤਾਜ਼ਾ ਪਟੀਸ਼ਨ ਵਿੱਚ, ਭਾਈ ਰਾਜੋਆਣਾ ਨੇ ਕਿਹਾ ਕਿ “ਪਟੀਸ਼ਨਰ ਦੀ ਪਹਿਲੀ ਰਿੱਟ ਪਟੀਸ਼ਨ ਦੇ ਨਿਪਟਾਰੇ ਤੋਂ ਹੁਣ ਲਗਭਗ 01 ਸਾਲ ਅਤੇ 04 ਮਹੀਨੇ ਬੀਤ ਚੁੱਕੇ ਹਨ, ਅਤੇ ਉਸਦੀ ਕਿਸਮਤ ਦਾ ਫੈਸਲਾ ਅਜੇ ਵੀ ਅਨਿਸ਼ਚਿਤਤਾ ਦੇ ਬੱਦਲਾਂ ਹੇਠ ਲਟਕਿਆ ਹੋਇਆ ਹੈ, ਜਿਸ ਨਾਲ ਪਟੀਸ਼ਨਰ ਡੂੰਘੇ ਮਾਨਸਿਕ ਸਦਮੇ ਅਤੇ ਚਿੰਤਾ ਦਾ ਕਾਰਨ ਬਣ ਰਿਹਾ ਹੈ। ਹਰ ਇੱਕ ਜੀਵਤ ਦਿਨ, ਜੋ ਕਿ ਆਪਣੇ ਆਪ ਵਿੱਚ ਇਸ ਅਦਾਲਤ ਦੇ ਆਰਟੀਕਲ 32 ਦੀਆਂ ਸ਼ਕਤੀਆਂ ਦੀ ਵਰਤੋਂ ਕਰਨ ਲਈ ਮੰਗੀ ਗਈ ਰਾਹਤ ਦੀ ਆਗਿਆ ਦੇਣ ਲਈ ਕਾਫ਼ੀ ਆਧਾਰ ਹੈ।

ਦਲੀਲ ਦਿੰਦੇ ਹੋਏ ਕਿ ਰਾਜੋਆਣਾ 28 ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ ਵਿੱਚ ਹੈ ਅਤੇ 17 ਸਾਲਾਂ ਤੋਂ ਮੌਤ ਦੀ ਸਜ਼ਾ 'ਤੇ ਹੈ, ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਅਦਾਲਤ ਅੰਦਰ ਭਾਈ ਰਾਜੋਆਣਾ ਦੀ ਤਰਫੋਂ ਦਲੀਲ ਦਿੱਤੀ ਕਿ ਰਾਸ਼ਟਰੀ ਸੁਰੱਖਿਆ ਦੇ ਅਧਾਰ 'ਤੇ ਉਸ ਨੂੰ ਅਣਮਿੱਥੇ ਸਮੇਂ ਲਈ ਉਡੀਕ ਕਰਨ ਲਈ ਨਹੀਂ ਕਿਹਾ ਜਾ ਸਕਦਾ।


ਰੋਹਤਗੀ ਨੇ ਪਹਿਲਾਂ ਦਲੀਲ ਦਿੱਤੀ ਸੀ ਕਿ ਇੰਨੇ ਲੰਬੇ ਸਮੇਂ ਤੱਕ ਰਹਿਮ ਦੀ ਅਪੀਲ 'ਤੇ ਬੈਠਣ ਦੌਰਾਨ ਪਟੀਸ਼ਨਕਰਤਾ ਨੂੰ ਮੌਤ ਦੀ ਸਜ਼ਾ 'ਤੇ ਰੱਖਣਾ ਉਸ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਹੈ। ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਕੇਸ ਦਾ ਹਵਾਲਾ ਦਿੰਦੇ ਹੋਏ, ਪਟੀਸ਼ਨਕਰਤਾ ਨੇ ਦਾਅਵਾ ਕੀਤਾ ਸੀ ਕਿ “ਕੈਦੀਆਂ ਦੇ ਨਿਯੰਤਰਣ ਤੋਂ ਬਾਹਰ ਦੇ ਹਾਲਾਤਾਂ ਕਾਰਨ ਹੋਈ ਦੇਰੀ ਮੌਤ ਦੀ ਸਜ਼ਾ ਨੂੰ ਘਟਾ ਦਿੰਦੀ ਹੈ” ਕਿਉਂਕਿ ਬੇਮਿਸਾਲ ਦੇਰੀ ਕਾਰਨ ਦੁਖੀ ਹੋਇਆ ਅਤੇ ਉਸਦੀ ਸਰੀਰਕ ਅਤੇ ਮਾਨਸਿਕ ਸਿਹਤ 'ਤੇ ਮਾੜਾ ਅਸਰ ਪਿਆ।

ਐਮਐਚਏ ਦੀ ਤਰਫੋਂ, ਐਡੀਸ਼ਨਲ ਸਾਲਿਸਟਰ ਜਨਰਲ ਕੇ.ਐਮ.ਨਟਰਾਜ ਨੇ ਦਲੀਲ ਦਿੱਤੀ ਸੀ ਕਿ ਭਾਈ ਰਾਜੋਆਣਾ ਦੀ ਰਹਿਮ ਦੀ ਅਪੀਲ 'ਤੇ ਵਿਚਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਐਸਜੀਪੀਸੀ ਦੁਆਰਾ ਦਾਇਰ ਕੀਤੀ ਗਈ ਸੀ ਨਾ ਕਿ ਭਾਈ ਰਾਜੋਆਣਾ ਦੁਆਰਾ ਅਤੇ ਇਹ ਕਿ ਜਦੋਂ ਤੱਕ ਹੋਰ ਦੋਸ਼ੀਆਂ ਦੀਆਂ ਅਪੀਲਾਂ ਦਾ ਫੈਸਲਾ ਨਹੀਂ ਹੋ ਜਾਂਦਾ ਉਦੋਂ ਤੱਕ ਇਸ 'ਤੇ ਫੈਸਲਾ ਨਹੀਂ ਕੀਤਾ ਜਾ ਸਕਦਾ। ਸਿਖਰਲੀ ਅਦਾਲਤ. ਮੌਜੂਦਾ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ, ਐਮਐਚਏ ਦੁਆਰਾ ਇੱਕ ਫੈਸਲਾ ਲਿਆ ਗਿਆ ਹੈ ਕਿ ਰਹਿਮ ਦੀ ਪਟੀਸ਼ਨ 'ਤੇ ਕਿਸੇ ਵੀ ਫੈਸਲੇ ਨੂੰ ਟਾਲਣਾ ਉਚਿਤ ਹੋਵੇਗਾ ਕਿਉਂਕਿ ਇਹ ਸੰਭਾਵੀ ਤੌਰ 'ਤੇ ਰਾਸ਼ਟਰੀ ਸੁਰੱਖਿਆ ਨਾਲ ਸਮਝੌਤਾ ਕਰ ਸਕਦਾ ਹੈ ਅਤੇ ਕਾਨੂੰਨ ਵਿਵਸਥਾ ਦੀ ਸਥਿਤੀ ਪੈਦਾ ਕਰ ਸਕਦੀ ਹੈ।

# ਕੰਜ਼ਰਵੇਟਿਵ ਪਾਰਟੀ ਵਲੋਂ ਸਰਕਾਰ ਵਿਰੁੱਧ ਲਿਆਂਦਾ ਬੇਭਰੋਸਗੀ ਦਾ ਮਤਾ ਰਿਹਾ ਅਸਫ਼ਲ

ਸਰੀ, (ਏਕਜੋਤ ਸਿੰਘ): ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਨੇ ਕੈਨੇਡਾ ਦੀ ਸੰਸਦ 'ਚ ਇੱਕ ਹੋਰ ਮਹੱਤਵਪੂਰਨ ਚੁਣੌਤੀ ਨੂੰ ਸਫਲਤਾ ਨਾਲ ਪਾਰ ਕਰ ਲਿਆ ਹੈ। ਹਾਊਸ ਆਫ ਕਾਮਨਜਸ ਵਿੱਚ ਬੁੱਧਵਾਰ ਨੂੰ ਹੋਈ ਵੋਟਿੰਗ ਦੌਰਾਨ, ਟਰੂਡੋ ਸਰਕਾਰ ਨੇ ਵਿਰੋਧੀ ਕੰਜ਼ਰਵੇਟਿਵ ਪਾਰਟੀ ਵੱਲੋਂ ਲਿਆਂਦੇ ਗਏ ਬੇਭਰੋਸਗੀ ਮਤ ਨੂੰ 211 ਵੋਟਾਂ ਨਾਲ ਹਰਾ ਦਿੱਤਾ, ਜਦਕਿ ਸਿਰਫ 120 ਵੋਟਾਂ ਇਸ ਦੇ ਵਿਰੋਧ ਵਿੱਚ ਪਈਆਂ। ਇਸ ਜਿੱਤ ਨਾਲ ਟਰੂਡੋ ਦੀ ਸਰਕਾਰ ਲਈ ਅਸਥਿਰਤਾ ਦਾ ਸਮਾਂ ਫਿਲਹਾਲ ਖਤਮ ਹੋ ਗਿਆ ਹੈ ਅਤੇ ਵਿਰੋਧੀ ਦਲਾਂ ਦੀ ਇਹ ਕੋਸ਼ਿਸ਼ ਇੱਕ ਵਾਰ ਫਿਰ ਅਸਫਲ ਰਹੀ ਹੈ ਕਿ ਉਹਨਾਂ ਦੀ ਲਗਭਗ ਨੌਂ ਸਾਲ ਪੁਰਾਣੀ ਸਰਕਾਰ ਨੂੰ ਡਿੱਗਾਇਆ ਜਾ ਸਕੇ।

ਬੇਭਰੋਸਗੀ ਮਤਾ ਉਸ ਸਮੇਂ ਲਿਆ ਗਿਆ ਜਦੋਂ ਦੇਸ਼ ਵਿੱਚ ਮਹਿੰਗਾਈ, ਆਵਾਸ ਸਬੰਧੀ ਸਮੱਸਿਆਵਾਂ ਅਤੇ ਟਰੂਡੋ ਦੀ ਪ੍ਰਸਿੱਧੀ ਵਿੱਚ ਗਿਰਾਵਟ ਦੇ ਕਾਰਨ ਵਿਰੋਧੀ ਦਲਾਂ ਨੂੰ ਲੱਗਦਾ ਸੀ ਕਿ ਉਹ ਸਰਕਾਰ ਨੂੰ ਗਿਰਾ ਸਕਦੇ ਹਨ। ਵਿਰੋਧੀ ਧਿਰ ਨੇ ਦਾਅਵਾ ਕੀਤਾ ਸੀ ਕਿ ਟਰੂਡੋ ਦੀ ਸਰਕਾਰ ਸੰਸਦ 'ਚ ਬਹੁਮਤ ਗੁਆ ਚੁੱਕੀ ਹੈ ਅਤੇ ਹੁਣ ਇਸ ਨੂੰ ਸੱਤਾ 'ਤੇ ਬਣੇ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ। ਇਸ ਤੋਂ ਇਲਾਵਾ, ਨਿਊ ਡੈਮੋਕ੍ਰੇਟਿਕ ਪਾਰਟੀ (NDP), ਜੋ ਕਿ ਟਰੂਡੋ ਸਰਕਾਰ ਦੀ ਇੱਕ ਛੋਟੀ ਸਹਿਯੋਗੀ ਪਾਰਟੀ ਹੈ, ਨੇ ਆਪਣੇ ਸਮਰਥਨ 'ਤੇ ਮੁੜ ਵਿਚਾਰ ਕਰਦੇ ਹੋਏ, ਲੋਕਾਂ ਦੀਆਂ ਮੰਗਾਂ ਪ੍ਰਵਾਨ ਕਰਨ ਲਈ ਸਰਕਾਰ ਨੂੰ ਕਿਹਾ ਹੈ ।



ਟਰੂਡੋ ਦੀ ਸਥਿਤੀ ਦੇ ਖਤਰਨਾਕ ਹੋਣ ਦੇ ਕਿਆਸ ਇਸ ਗੱਲ ਨਾਲ ਵੀ ਜੁੜੇ ਹੋਏ ਸਨ ਕਿ NDP ਨੇ ਆਪਣੀ ਪੂਰੀ ਤਰ੍ਹਾਂ ਸਮਰਥਨ ਦੇਣ 'ਤੇ ਸਵਾਲ ਉਠਾਇਆ ਸੀ। ਇਸ ਕਾਰਨ, ਸਰਕਾਰ ਘੱਟ ਗਿਣਤੀ ਵਿੱਚ ਆ ਸਕਦੀ ਸੀ, ਜਿਸ ਕਰਕੇ ਵਿਰੋਧੀ ਧਿਰ ਨੇ ਸਰਕਾਰ ਖਿਲਾਫ ਮਤਾ ਲਿਆ।

ਇਸ ਦੇ ਬਾਵਜੂਦ, ਟਰੂਡੋ ਦੀ ਸਰਕਾਰ ਦੀ ਮੌਜੂਦਗੀ ਦੇਖਣ ਵਾਲੇ ਹਨ ਕਿ ਉਹ ਕਿਸ ਤਰ੍ਹਾਂ ਅੱਗੇ ਵਧਦੀ ਹੈ। ਸੰਸਦ ਦਾ ਮੌਜੂਦਾ ਕਾਰਜਕਾਲ ਅਕਤੂਬਰ 2025 ਤੱਕ ਚੱਲਣ ਦੀ ਸੰਭਾਵਨਾ ਹੈ, ਜਿਸ ਤੋਂ ਪਹਿਲਾਂ ਆਮ ਚੋਣਾਂ ਨਹੀਂ ਹੋਣਗੀਆਂ। ਪਰ ਟਰੂਡੋ ਸਰਕਾਰ ਨੂੰ ਅੱਗੇ ਵੀ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ, ਜਿਵੇਂ ਕਿ ਬਜਟ ਸੈਸ਼ਨ ਵਿੱਚ, ਜਿੱਥੇ ਉਸ ਨੂੰ ਕੇਵਲ ਵਿਰੋਧੀ ਹੀ ਨਹੀਂ, ਸਹਿਯੋਗੀ ਪਾਰਟੀਆਂ ਤੋਂ ਵੀ ਚੁਣੌਤੀ ਮਿਲ ਸਕਦੀ ਹੈ। ਇਸ ਸਥਿਤੀ ਨੂੰ ਦੇਖਦੇ ਹੋਏ, ਲੱਗਦਾ ਹੈ ਕਿ ਹਾਲਾਂਕਿ ਸਰਕਾਰ ਅਜੇ ਵੀ ਮਜ਼ਬੂਤ ਹੈ, ਪਰ ਇਸ ਨੂੰ ਆਪਣੀਆਂ ਨੀਤੀਆਂ ਨੂੰ ਸਾਫ਼ ਰਵੱਈਏ ਨਾਲ ਪੇਸ਼ ਕਰਨਾ ਪਵੇਗਾ ਤਾ ਕਿ ਕੋਈ ਨਵਾਂ ਖਤਰਾ ਨਾ ਬਣੇ।

ਇਸ ਦੌਰਾਨ, ਮੁੱਖ ਵਿਰੋਧੀ ਦਲ ਕੰਜ਼ਰਵੇਟਿਵ ਪਾਰਟੀ ਨੇ ਕਿਹਾ ਹੈ ਕਿ ਦੇਸ਼ ਵਿੱਚ ਮਸਲੇ ਵੱਧ ਰਹੇ ਹਨ ਅਤੇ ਉਹ ਜਲਦ ਹੀ ਚੋਣਾਂ ਚਾਹੁੰਦੇ ਹਨ। ਉਹਨਾਂ ਦਾ ਦਾਅਵਾ ਹੈ ਕਿ ਮਹਿੰਗਾਈ, ਘਰਾਂ ਦੀ ਘਾਟ, ਅਤੇ ਆਮ ਲੋਕਾਂ ਦੇ ਸਾਮਾਜਿਕ ਹੱਕਾਂ 'ਤੇ ਮੁਸ਼ਕਲਾਂ ਵਧ ਰਹੀਆਂ ਹਨ, ਜਿਸ ਲਈ ਜਨਤਕ ਚੋਣਾਂ ਇਕੱਲਾ ਹੱਲ ਹਨ। ਫਿਲਹਾਲ, ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਰਕਾਰ ਨੇ ਵਿਸ਼ਵਾਸ ਮਤ ਜਿੱਤ ਕੇ ਆਪਣੀ ਸਰਕਾਰ ਨੂੰ ਬਚਾ ਲਿਆ ਹੈ, ਪਰ ਅੱਗੇ ਦੇ ਸਫ਼ਰ ਵਿੱਚ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। This report was written by Ekjot Singh as part of the Local Journalism Initiative.

# ਵੈਨਕੂਵਰ ਵਿਚਾਰ ਮੰਚ ਵਲੋਂ ਨਛੱਤਰ ਸਿੰਘ ਗਿੱਲ ਦੁਆਰਾ ਅਨੁਵਾਦਿਤ ਨਾਵਲ 'ਕਿਊਬਨ ਪਰੀ' ਰਿਲੀਜ਼

ਸਰੀ, (ਹਰਦਮ ਮਾਨ): ਵੈਨਕੂਵਰ ਵਿਚਾਰ ਮੰਚ ਵੱਲੋਂ ਪ੍ਰਸਿੱਧ ਪੰਜਾਬੀ ਨਾਵਲਕਾਰ ਨਛੱਤਰ ਸਿੰਘ ਗਿੱਲ ਦੁਆਰਾ ਅਨੁਵਾਦ ਕੀਤਾ ਗਿਆ ਨਾਵਲ 'ਕਿਊਬਨ ਪਰੀ' ਰਿਲੀਜ਼ ਕਰਨ ਲਈ ਬੀਤੇ ਦਿਨ ਨਛੱਤਰ ਸਿੰਘ ਗਿੱਲ ਦੇ ਫਾਰਮ ਹਾਊਸ 'ਤੇ ਵਿਸ਼ੇਸ਼ ਇਕੱਤਰਤਾ ਕੀਤੀ ਗਈ। ਇਸ ਇਕੱਤਰਤਾ ਵਿੱਚ ਪਹੁੰਚੇ ਸਾਹਿਤਕ ਮਿੱਤਰਾਂ ਦਾ ਸਵਾਗਤ ਕਰਦਿਆਂ ਮੰਚ ਦੇ ਸਕੱਤਰ ਮੋਹਨ ਗਿੱਲ ਨੇ ਨਛੱਤਰ ਸਿੰਘ ਗਿੱਲ ਅਤੇ ਨਾਵਲ ਬਾਰੇ ਸੰਖੇਪ ਜਾਣਕਾਰੀ ਦਿੱਤੀ ਅਤੇ ਸਾਰੇ ਦੋਸਤਾਂ ਨੂੰ ਜੀ ਆਇਆਂ ਕਿਹਾ।



ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਨਾਵਲਕਾਰ, ਕਹਾਣੀਕਾਰ ਅਤੇ ਆਲੋਚਕ ਡਾ. ਸੁਰਜੀਤ ਬਰਾੜ ਨੇ ਨਛੱਤਰ ਸਿੰਘ ਗਿੱਲ ਵੱਲੋਂ ਪੰਜਾਬੀ ਕਹਾਣੀ, ਨਾਵਲ ਅਤੇ ਅਨੁਵਾਦ ਦੇ ਖੇਤਰ ਵਿੱਚ ਪਾਏ ਵੱਡੇ ਯੋਗਦਾਨ ਬਾਰੇ ਵਿਸ਼ੇਸ਼ ਤੌਰ 'ਤੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਨਛੱਤਰ ਸਿੰਘ ਗਿੱਲ ਹੁਣ ਤੱਕ ਮੌਲਿਕ ਅਤੇ ਅਨੁਵਾਦਿਤ 35 ਤੋਂ ਵੱਧ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੇ ਹਨ। ਜਿਹਨਾਂ ਵਿਚ ਉਨ੍ਹਾਂ ਦੇ 7 ਮੌਲਿਕ ਨਾਵਲ, 4 ਕਹਾਣੀ ਸੰਗ੍ਰਿਹ ਅਤੇ ਕੁਝ ਹੋਰ ਵਾਰਤਕ ਤੇ ਕਵਿਤਾ ਦੀਆਂ ਪੁਸਤਕਾਂ ਸ਼ਾਮਲ ਹਨ। ਨਵ-ਪ੍ਰਕਾਸ਼ਿਤ ਅਨੁਵਾਦਿਤ ਨਾਵਲ 'ਕਿਊਬਨ ਪਰੀ' ਬਾਰੇ ਬੋਲਦਿਆਂ ਡਾ. ਬਰਾੜ ਨੇ ਕਿਹਾ ਕਿ ਇਸ ਨਾਵਲ ਵਿੱਚ ਕਿਊਬਾ 'ਤੇ ਕਾਬਜ਼ ਸਪੇਨ ਤੋਂ ਆਜ਼ਾਦ ਹੋਣ ਲਈ ਕਿਊਬਾ ਦੇ ਲੋਕਾਂ ਵੱਲੋਂ ਕੀਤੇ ਲੰਮੇ ਅਤੇ ਦ੍ਰਿੜ ਸੰਘਰਸ਼ ਦੀ ਗਾਥਾ ਹੈ ਅਤੇ ਵਿਸ਼ੇਸ਼ ਤੌਰ 'ਤੇ ਨਾਵਲ ਦੀਆਂ ਤਿੰਨ ਨਾਇਕਾਵਾਂ ਵੱਲੋਂ ਆਜ਼ਾਦੀ ਦੀ ਲਹਿਰ ਵਿੱਚ ਪਾਏ ਵਡਮੁੱਲੇ ਯੋਗਦਾਨ ਦੀ ਕਹਾਣੀ ਹੈ। ਇਸ ਵਿੱਚ ਔਰਤ ਦੀ ਭੂਮਿਕਾ ਨੂੰ ਵਿਸ਼ੇਸ਼ ਤੌਰ 'ਤੇ ਦਰਸਾਇਆ ਗਿਆ ਹੈ ਅਤੇ ਇੱਕ ਤਰ੍ਹਾਂ ਨਾਲ ਇਹ ਨਾਵਲ ਔਰਤ ਵਰਗ ਨੂੰ ਚੇਤੰਨ ਕਰਨ ਦਾ ਉਪਰਾਲਾ ਹੈ। ਉਨ੍ਹਾਂ ਨਛੱਤਰ ਸਿੰਘ ਗਿੱਲ ਵੱਲੋਂ ਅਗਲੇ ਦਿਨਾਂ ਵਿਚ ਫੀਦਲ ਕਾਸਤਰੋ ਬਾਰੇ ਛਪ ਰਹੇ ਨਾਵਲ ਬਾਰੇ ਵੀ ਸੰਖੇਪ ਜਾਣਕਾਰੀ ਸਾਂਝੀ ਕੀਤੀ।

ਨਾਵਲ ਬਾਰੇ ਵਿਚਾਰ ਪੇਸ਼ ਕਰਦਿਆਂ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਇਹ ਨਾਵਲ ਸ਼ਨੈਲ ਕਲੀਟਨ ਦੇ ਅੰਗਰੇਜ਼ੀ ਨਾਵਲ 'ਦਿ ਮੋਸਟ ਬਿਊਟੀਫੁੱਲ ਗਰਲ ਇਨ ਕਿਊਬਾ' ਦਾ ਪੰਜਾਬੀ ਅਨੁਵਾਦ ਹੈ ਜਿਸ ਵਿਚ 1896-97 ਵਿਚ ਕਿਊਬਾ ਵਿਚ ਚੱਲ ਰਹੇ ਆਜ਼ਾਦੀ ਸੰਘਰਸ਼ ਦੀ ਕਹਾਣੀ ਹੈ। ਨਛੱਤਰ ਸਿੰਘ ਗਿੱਲ ਨੇ ਇਸ ਨੂੰ ਪੰਜਾਬੀ ਵਿੱਚ ਅਨੁਵਾਦ ਕਰ ਕੇ ਪੰਜਾਬੀ ਪਾਠਕਾਂ ਨੂੰ ਇਕ ਅਨਮੋਲ ਤੋਹਫ਼ਾ ਦਿੱਤਾ ਹੈ। ਇਸ ਵਿਚ ਪਾਤਰਾਂ ਦੇ ਸਿਰਲੇਖ ਦੇ ਕੇ ਉਨ੍ਹਾਂ ਰਾਹੀਂ ਕਹਾਣੀ ਨੂੰ ਬਿਆਨਿਆ ਗਿਆ।

ਨਛੱਤਰ ਸਿੰਘ ਗਿੱਲ ਨੇ ਇਹ ਪ੍ਰੋਗਰਾਮ ਰਚਾਉਣ ਲਈ ਵੈਨਕੂਵਰ ਵਿਚਾਰ ਮੰਚ ਦਾ ਧੰਨਵਾਦ ਕੀਤਾ। ਨਾਵਲ ਬਾਰੇ ਦਸਦਿਆਂ ਉਨ੍ਹਾਂ ਕਿਹਾ ਕਿ ਇਸ ਨਾਵਲ ਦੀ ਨਿਵੇਕਲੀ ਵਿਧਾ ਅਤੇ ਵਿਸ਼ੇ ਨੇ ਅਨੁਵਾਦ ਕਰਨ ਲਈ ਉਨ੍ਹਾਂ ਨੂੰ ਪ੍ਰੇਰਿਤ ਕੀਤਾ। ਇਸ ਦਾ ਮੁੱਖ ਵਿਸ਼ਾ ਸਪੇਨ ਤੇ ਕਿਊਬਾ ਦੀ 10 ਸਾਲਾਂ ਲੰਬੀ ਜੰਗ ਦਾ ਬਿਰਤਾਂਤ ਹੈ। ਇਸ ਜੰਗ ਵਿੱਚ ਕਿਊਬਾ ਦੀਆਂ ਤਿੰਨ ਮੁਟਿਆਰਾਂ ਭਾਗ ਲੈਂਦੀਆਂ ਹਨ ਤੇ ਕਿਊਬਾ ਨੂੰ ਸਪੇਨ ਦੀ ਗੁਲਾਮੀ ਤੋਂ ਮੁਕਤ ਕਰਾਉਣਾ ਚਾਹੁੰਦੀਆਂ ਹਨ। ਉਹ ਤਿੰਨੇ ਨਾਵਲ ਦੇ ਧਰਾਤਲ 'ਤੇ ਵਾਰੀ ਵਾਰੀ ਆ ਕੇ ਜੰਗ ਵਿੱਚ ਆਪਣੇ ਕੰਮ, ਕਿਊਬਾ ਦੀ ਵਿਵਸਥਾ, ਹਾਲਾਤ ਤੇ ਆਪਣੀਆਂ ਮੁਸ਼ਕਿਲਾਂ, ਔਕੜਾਂ ਅਤੇ ਯੋਜਨਾਬੰਦੀ ਦਾ ਵਰਣਨ ਕਰਦੀਆਂ ਹਨ। ਨਾਵਲ ਦਾ ਸਿੱਟਾ ਹਰੇਕ ਪਾਠਕ ਨੂੰ ਸੋਚਣ ਲਈ ਮਜਬੂਰ ਕਰਦਾ ਹੈ ਕਿ ਆਜ਼ਾਦੀ ਘੁਲਾਟੀਏ ਫਾਂਸੀਆਂ ਦੇ ਰੱਸਿਆਂ ਨੂੰ ਚੁੰਮ ਲੈਂਦੇ ਹਨ ਤੇ ਸ਼ਹਾਦਤਾਂ ਪ੍ਰਾਪਤ ਕਰ ਲੈਂਦੇ ਹਨ ਪਰ ਮਗਰੋਂ ਰਾਜਭਾਗ ਸੰਭਾਲਣ ਵਾਲੇ ਲੋਕ ਉਹਨਾਂ ਕੌਮੀ ਸ਼ਹੀਦਾਂ ਦੇ ਪਰਿਵਾਰਾਂ ਦੀ ਕੋਈ ਸਾਰ ਨਹੀਂ ਲੈਂਦੇ ਤੇ ਅਜਿਹੇ ਬਹੁਤੇ ਪਰਿਵਾਰ ਰੁਲਦੇ ਰਹਿ ਜਾਂਦੇ ਹਨ।

ਇਸ ਮੌਕੇ ਦਰਸ਼ਨ ਸਿੰਘ ਦੋਸਾਂਝ, ਠਾਣਾ ਸਿੰਘ ਖੋਸਾ, ਜਰਨੈਲ ਸਿੰਘ ਆਰਟਿਸਟ, ਹਰਦਮ ਸਿੰਘ ਮਾਨ, ਅਸ਼ੋਕ ਭਾਰਗਵ ਅਤੇ ਮਹਿੰਦਰਪਾਲ ਸਿੰਘ ਪਾਲ ਨੇ ਇਸ ਨਾਵਲ ਲਈ ਨਛੱਤਰ ਸਿੰਘ ਗਿੱਲ ਨੂੰ ਵਧਾਈ ਦਿੱਤੀ। ਜਰਨੈਲ ਸਿੰਘ ਆਰਟਿਸਟ ਨੇ ਅੰਤ ਵਿਚ ਮੰਚ ਵੱਲੋਂ ਸਭਨਾਂ ਦਾ ਧੰਨਵਾਦ ਕੀਤਾ।

# ਸਟੋਰ ਲੁੱਟਣ ਦੇ ਮਾਮਲੇ 'ਚ 10 ਪੰਜਾਬੀ ਨੌਜਵਾਨ ਕੀਤੇ ਜਾ ਸਕਦੇ ਹਨ ਡਿਪੋਟ

ਟਰਾਂਟੋ : ਟਰਾਂਟੋ ਵਿਚ ਸ਼ਰਾਬ ਦੇ ਠੇਕੇ ਅਤੇ ਕਨਵੀਨੀਐਂਸ ਸਟੋਰ ਲੁੱਟਣ ਦੇ ਮਾਮਲੇ ਦੀ ਪੜਤਾਲ ਕਰ ਰਹੀ ਪੁਲਸ ਨੇ 10 ਪੰਜਾਬੀਆਂ ਸਣੇ 16 ਜਣਿਆਂ ਨੂੰ ਗ੍ਰਿਫ਼ਤਾਰ ਕਰਦਿਆਂ 1,500 ਤੋਂ ਵੱਧ ਦੋਸ਼ ਆਇਦ ਕੀਤੇ ਹਨ। ਪੰਜਾਬੀਆਂ ਦੀ ਸ਼ਨਾਖਤ ਅਵਨਿੰਦਰ, ਦਿਲਪ੍ਰੀਤ ਸਿੰਘ, ਗਗਨਦੀਪ ਸਿੰਘ, ਪਰਵਿੰਦਰ ਲੋਧੜਾ, ਪੁਨੀਤ ਸਹਿਜੜਾ, ਪ੍ਰੀਤਇੰਦਰ ਸਹੋਤਾ, ਸੰਦੀਪ ਗਰੇਵਾਲ, ਬਲਰਾਜ ਢਿੱਲੋਂ, ਬਲਕਾਰ ਸਿੰਘ ਮਾਨ ਅਤੇ ਅਮਨਦੀਪ ਸੰਧਾਵਾਲੀਆ ਵਜੋਂ ਕੀਤੀ ਗਈ ਹੈ। ਹਾਲ ਵਿਚ ਇਨ੍ਹਾਂ ਨੂੰ ਡਿਪੋਰਟ ਕੀਤੇ ਜਾਣ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ।

ਯਾਰਕ ਰੀਜਨਲ ਪੁਲਸ ਨੇ ਦੱਸਿਆ ਕਿ ਅਕਤੂਬਰ 2023 ਅਤੇ ਜੁਲਾਈ 2024 ਦਰਮਿਆਨ ਯਾਰਕ ਰੀਜਨ ਅਤੇ ਗਰੇਟਰ ਟੋਰਾਂਟੋ ਏਰੀਆ ਵਿਚ ਵਾਪਰੀਆਂ ਲੁੱਟ ਦੀਆਂ ਵਾਰਦਾਤਾਂ ਦੀ ਪੜਤਾਲ ਕਰਦਿਆਂ ਇਹ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ਸ਼ਰਾਬ ਦੇ ਠੇਕੇ ਅਤੇ ਹੋਰ ਸਟੋਰ ਲੁੱਟਣ ਵਾਲੇ ਝੁੰਡ ਦੇ ਰੂਪ ਵਿਚ ਦਾਖਲ ਹੁੰਦੇ ਅਤੇ ਹਿੰਸਾ ਦਾ ਡਰਾਵਾ ਦਿੰਦਿਆ ਕੀਮਤੀ ਚੀਜ਼ਾਂ ਲੈ ਕੇ ਫਰਾਰ ਹੋ ਜਾਂਦੇ।

ਇਨ੍ਹਾਂ ਕੀਮਤੀ ਚੀਜ਼ਾਂ ਨੂੰ ਬਾਅਦ ਵਿਚ ਵੇਚ ਦਿਤਾ ਜਾਂਦਾ। 'ਪ੍ਰੋਜੈਕਟ ਸਪਾਰਟਨ' ਦੌਰਾਨ ਕੁਲ 10 ਮਾਮਲਿਆਂ ਦੀ ਪੜਤਾਲ ਕੀਤੀ ਗਈ ਅਤੇ 16 ਜਣਿਆਂ ਦੀ ਗ੍ਰਿਫ਼ਤਾਰੀ ਸੰਭਵ ਹੋ ਸਕੀ। ਸ਼ੱਕੀਆਂ ਵੱਲੋਂ ਤਕਰੀਬਨ 6 ਲੱਖ 24 ਹਜ਼ਾਰ ਡਾਲਰ ਮੁੱਲ ਦੀਆਂ ਚੀਜ਼ਾਂ ਚੋਰੀ ਕੀਤੀਆਂ ਗਈਆਂ ਜਿਨ੍ਹਾਂ ਵਿਰੁੱਧ 1,538 ਦੋਸ਼ ਆਇਦ ਕੀਤੇ ਗਏ ਹਨ।

ਇਨ੍ਹਾਂ ਵਿਚੋਂ 797 ਦੋਸ਼ੀ ਜ਼ਮਾਨਤ ਸ਼ਰਤਾਂ ਦੀ ਉਲੰਘਣਾ ਨਾਲ ਸਬੰਧਤ ਹਨ। ਇਸੇ ਦੌਰਾਨ ਐਲ.ਸੀ.ਬੀ.ਓ. ਦੀ ਰਿਸੋਰਸ ਪ੍ਰੋਟੈਕਸ਼ਨ ਇਕਾਈ ਦੇ ਸੀਨੀਅਰ ਡਾਇਰੈਕਟਰ ਮਾਰਟੀ ਪਾਵਰ ਨੇ ਦੱਸਿਆ ਕਿ ਪੁਲਸ ਨਾਲ ਤਾਲਮੇਲ ਅਧੀਨ ਅਪਰਾਧੀਆਂ ਦੀ ਜਵਾਬਦੇਹੀ ਤੈਅ ਕੀਤੀ ਜਾ ਰਹੀ ਹੈ। ਉਧਰ ਪੁਲਸ ਨੇ ਦੱਸਿਆ ਕਿ ਬਰੈਂਪਟਨ ਦੇ 25 ਸਾਲ ਦੇ ਪੁਨੀਤ ਸਹਿਜੜਾ ਵਿਰੁੱਧ 19 ਦੋਸ਼ ਆਇਦ ਕੀਤੇ ਗਏ ਹਨ ਜਦਕਿ ਮਿਸੀਸਾਗਾ ਦੇ 44 ਸਾਲਾ ਅਵਨਿੰਦਰ ਵਿਰੁੱਧ 147 ਦੋਸ਼ ਆਇਦ ਕੀਤੇ ਗਏ ਹਨ। ਇਸੇ ਤਰ੍ਹਾਂ ਬਰੈਂਪਟਨ ਦੇ 30 ਸਾਲ ਦੇ ਦਿਲਪ੍ਰੀਤ ਸਿੰਘ ਵਿਰੁੱਧ 9 ਅਪਰਾਧ ਦੋਸ਼ ਅਤੇ ਬਗੈਰ ਕਿਸੇ ਪਤੇ-ਟਿਕਾਣੇ ਵਾਲੇ ਗਗਨਦੀਪ ਸਿੰਘ ਵਿਰੁੱਧ ਛੇ ਦੋਸ਼ ਆਇਦ ਕੀਤੇ ਗਏ ਹਨ। ਬਰੈਂਪਟਨ ਦੇ 45 ਸਾਲਾ ਪਰਵਿੰਦਰ ਲੋਧੜਾ ਵਿਰੁੱਧ ਚਾਰ ਦੋਸ਼ ਅਤੇ ਬਰੈਂਪਟਨ ਦੇ ਹੀ 38 ਸਾਲਾ ਪ੍ਰੀਤਇੰਦਰ ਸਹੋਤਾ ਵਿਰੁੱਧ 117 ਅਪਰਾਧਕ ਦੋਸ਼ ਆਇਦ ਕੀਤੇ ਜਾਣ ਦੀ ਰਿਪੋਰਟ ਹੈ।

ਟੋਰਾਂਟੋ ਦੇ 39 ਸਾਲਾ ਸੰਦੀਪ ਗਰੇਵਾਲ ਵਿਰੁੱਧ ਅੱਠ ਅਪਰਾਧਕ ਦੋਸ਼ ਅਤੇ ਬਰੈਂਪਟਨ ਦੇ 32 ਸਾਲਾ ਬਲਰਾਜ ਢਿੱਲੋਂ ਵਿਰੁੱਧ 32 ਅਪਰਾਧਕ ਦੋਸ਼ ਲੱਗੇ ਹਨ। ਬਰੈਂਪਟਨ ਦਾ 35 ਸਾਲਾ ਬਲਕਾਰ ਸਿੰਘ ਮਾਨ 29 ਕ੍ਰਿਮੀਨਲ ਚਾਰਜਿਜ਼ ਦਾ ਸਾਹਮਣਾ ਕਰ ਰਿਹਾ ਹੈ ਜਦਕਿ ਬਰੈਂਪਟਨ ਦੇ ਹੀ 31 ਸਾਲ ਅਮਨਦੀਪ ਵਿਰੁੱਧ 85 ਦੋਸ਼ ਆਇਦ ਕੀਤੇ ਗਏ ਹਨ। ਯਾਰਕ ਰੀਜਨਲ ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਇਨ੍ਹਾਂ ਮਾਮਲਿਆਂ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਸਪੈਸ਼ਲ ਐਨਫੋਰਸਮੈਂਟ ਟੀਮ ਨਾਲ 1866 876 5423 ਐਕਸਟੈਨਸ਼ਨ 7817 'ਤੇ ਸੰਪਰਕ ਕੀਤਾ ਜਾਵੇ। ਗੁਪਤ ਤਰੀਕੇ ਨਾਲ ਜਾਣਕਾਰੀ ਦੇਣ ਲਈ ਕ੍ਰਾਈਮ ਸਟੌਪਰਜ਼ ਨਾਲ 1800 222 ਟਿਪਸ 'ਤੇ ਕਾਲ ਕੀਤੀ ਜਾ ਸਕਦੀ ਹੈ।

ਇਸੇ ਦੌਰਾਨ ਹੋਮ ਡਿਪੋ ਕੈਨੇਡਾ ਦੇ ਡਾਇਰੈਕਟਰ ਅਸੈਟ ਪ੍ਰੋਟੈਕਸ਼ਨ ਪੌਲ ਡੀਲੋਨਾਟੋ ਨੇ ਕਿਹਾ ਕਿ ਸ਼ੌਪਿੰਗ ਦਾ ਸੁਖਾਵਾਂ ਮਾਹੌਲ ਸਿਰਜਣ ਦੇ ਯਤਨਾਂ ਤਹਿਤ ਲਾਅ ਐਨਫੋਰਸਮੈਂਟ ਏਜੰਸੀਆਂ ਨਾਲ ਭਾਈਵਾਲ ਦੀ ਸਿਲਸਿਲਾ ਜਾਰੀ ਰੱਖਿਆ ਜਾਵੇਗਾ। ਤਾਲਮੇਲ ਅਧੀਨ ਅੱਗ ਵਧਦਿਆਂ ਹੀ ਰਿਟੇਲ ਸਟੋਰ ਲੁੱਟਣ ਵਾਲਿਆਂ ਦੀ ਨਕੇਲ ਕਸੀ ਜਾ ਸਕਦੀ ਹੈ।

Fruiticana hee jaana!

# LONG WEEKEND SPECIALS

## LOWEST PRICES IN TOWN

THE SOUTH SURREY/WHITE ROCK FRUITICANA NOW OPEN AT 1812, 152ND ST.

### UNBEATABLE EXTRA SUPER SPECIAL

Yellow Onions 50 lbs
ਪੀਲੇ ਗੰਢੇ
$13.99 bag

### EXTRA SUPER SUPER SPECIAL

Roma Tomatoes
ਰੋਮਾ ਟਮਾਟਰ
98¢ lb

Green, Yellow & Orange Peppers
ਸ਼ਿਮਲਾ ਮਿਰਚਾਂ (ਹਰੀਆਂ, ਪੀਲੀਆਂ ਅਤੇ ਸੰਤਰੀ)
$1.49 lb

Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.98 bag

Fresh Ginger
ਤਾਜ਼ਾ ਅਦਰਕ
$1.68 lb

817 Basmati Rice 4 lbs
817 ਬਾਸਮਤੀ ਚੋਲ
$5.99 bag

Roasted Peanuts in Shell 800 g
ਭੁੱਜੀ ਮੂੰਗਫਲੀ
$3.88 pkg.

### 98¢ SALE

Zucchini Squash
ਜ਼ੁਕੀਨੀ ਸਕੁਐਸ਼
98¢ lb

Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
98¢ lb

BC Gala Apples
ਗਾਲਾ ਸੇਬ ਬੀਸੀ
98¢ lb

BC Carrots
ਗਾਜਰਾਂ ਬੀ ਸੀ
98¢ lb

Chickpeas
ਚਿੱਟੇ ਛੋਲੇ
98¢ lb

Red Lentil Split or Whole
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ
98¢ lb

EXTRA SUPER SPECIAL
Jumbo Cauliflower
ਵੱਡਾ ਗੋਬੀ ਦਾ ਫੁੱਲ
$2.99 ea.

SUPER SPECIAL
Red Onions 25 lbs
ਲਾਲ ਗੰਢੇ
$19.98 bag

SUPER SPECIAL
Baby & Long Eggplants
ਛੋਟਾ ਅਤੇ ਲੰਬੇ ਬਤਾਊਂ
$1.49 lb

SUPER SPECIAL
Cilantro
ਧਣੀਆ
2 bunches for $1.28

SUPER SPECIAL
BC Long Hot Chili
ਬੀਸੀ ਕੌੜੀਆਂ ਮਿਰਚਾਂ
$1.88 lb

Green Cabbage BC
ਹਰੀ ਬੰਦ ਗੋਭੀ ਬੀਸੀ
88¢ lb

Desi Karela
ਦੇਸੀ ਕਰੇਲਾ
$1.99 lb

Rooh Afza Indian 750 ml
ਰੂਹ ਅਫਜ਼ਾ
$3.99 bottle

Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ (ਇੰਡੀਕੈਨ)
$3.98 bag

Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$12.99 bottle

Fine Cane Sugar (Indican) 8 lbs
ਗੰਨੇ ਦੀ ਖੰਡ 8lbs
$5.99 bag

Aashirvaad Atta 20 lbs
ਆਸ਼ੀਰਵਾਦ ਹੋਲਵ੍ਹੀਟ ਆਟਾ
$15.99 bag

Product images may differ from the actual product.
Disclaimer: We reserve the right to add restrictions on products with a minimum purchase

**Thur Sep 26, 2024 - Wed Oct 02, 2024**
We reserve the right to limit the quantities while they last
**Specials valid for Lower Mainland only**

24 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005

Fruiticana SINCE 1994

BUSINESS HOURS 9 AM - 9 PM 7 DAYS A WEEK

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| Surrey | 101-1812 152St. | 604-539-5736 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |